29-MAR-PAGE-1.qxd 3/28/2023 9:59 PM Page 1

ਬੁੱਧਵਾਰ, 29 ਮਾਰਚ, 2023

16 ਚੇਤ { ਨਾਨਕਸ਼ਾਹੀ 555 / ਬਿਕਰਮੀ 2080

ਜਿਲਦ/VOL. : 71

ਅੰਕ/NO. : 297

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 29 MARCH, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12


## ਕੇ ਟੀ ਐੱਫ ਦੇ 3 ਮਸ਼ਕੂਕ ਫਿਲਪੀਨਜ਼ 'ਚ ਫੜੇ

**ਮਨੀਲਾ** : ਫਿਲਪੀਨਜ਼ 'ਚ ਪਾਬੰਦੀਸ਼ੁਦਾ ਖਾਲਿਸਤਾਨ ਟਾਈਗਰ ਫੋਰਸ (ਕੇ ਟੀ ਐੱਫ) ਦੇ ਮਸ਼ਕੂਕ 3 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਨੂੰ ਸਾਂਝੇ ਅਪਰੇਸ਼ਨ ਦੌਰਾਨ ਮਾਰਚ ਦੇ ਸ਼ੁਰੂ 'ਚ ਇਲੋਇਲੋ ਸਿਟੀ ਵਿਚਲੇ ਅਪਾਰਟਮੈਂਟ ਵਿੱਚੋਂ ਗ੍ਰਿਫਤਾਰ ਕੀਤਾ ਗਿਆ ਸੀ। ਉਹ ਫਿਲਪੀਨ ਫੌਜ ਦੀ ਹਿਰਾਸਤ 'ਚ ਹਨ। ਇਨ੍ਹਾਂ ਦੀ ਪਛਾਣ ਮਨਪ੍ਰੀਤ ਸਿੰਘ (23), ਅੰਮ੍ਰਿਤਪਾਲ ਸਿੰਘ (24) ਅਤੇ ਅਰਸ਼ਦੀਪ ਸਿੰਘ (26) ਵਜੋਂ ਹੋਈ ਹੈ। ਤਿੰਨੋਂ ਫਰਜ਼ੀ ਪਾਸਪੋਰਟਾਂ ਦੀ ਵਰਤੋਂ ਕਰਕੇ ਦੇਸ਼ 'ਚ ਦਾਖਲ ਹੋਏ ਅਤੇ ਇੰਟਰਪੋਲ ਦੇ ਰੈੱਡ ਨੋਟਿਸ 'ਚ ਵੀ ਹਨ।

## ਮਿਆਦ 'ਚ ਵਾਧਾ

**ਨਵੀਂ ਦਿੱਲੀ** : ਸਰਕਾਰ ਨੇ ਪੈਨ ਨੂੰ ਆਧਾਰ ਨਾਲ ਜੋੜਨ ਦੀ ਮਿਆਦ ਤਿੰਨ ਮਹੀਨੇ ਵਧਾ ਕੇ 30 ਜੂਨ ਕਰ ਦਿੱਤੀ ਹੈ।

## ਮਨੀਸ਼ਾ ਗੁਲਾਟੀ ਨੂੰ ਝਟਕਾ



**ਚੰਡੀਗੜ੍ਹ** : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਮੰਗਲਵਾਰ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਦੇ ਅਹੁਦੇ ਤੋਂ ਹਟਾਈ ਮਨੀਸ਼ਾ ਗੁਲਾਟੀ ਨੂੰ ਵੱਡਾ ਝਟਕਾ ਦਿੰਦਿਆਂ ਉਸ ਦੀ ਦਾਇਰ ਪਟੀਸ਼ਨ ਮੁੱਢੋਂ ਰੱਦ ਕਰ ਦਿੱਤੀ। ਪੰਜਾਬ ਸਰਕਾਰ ਨੇ ਪਿਛਲੇ ਦਿਨੀਂ ਗੁਲਾਟੀ ਦੇ ਅਹੁਦੇ ਦੀ ਮਿਆਦ ਵਧਾਉਣ ਵਾਲਾ ਆਪਣਾ ਫੈਸਲਾ ਵਾਪਸ ਲੈ ਕੇ ਉਸ ਨੂੰ ਅਹੁਦੇ ਤੋਂ ਹਟਾ ਦਿੱਤਾ ਸੀ। ਉਸ ਨੇ ਇਸ ਫੈਸਲੇ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਸੀ।

## ਅਮਰੀਕਾ ਵੱਲੋਂ ਗਲਤਫਹਿਮੀ ਦੂਰ ਕਰਨ ਦੀ ਕੋਸ਼ਿਸ਼

**ਵਾਸ਼ਿੰਗਟਨ** : ਤਕਨੀਕੀ ਖੇਤਰ 'ਚ ਵੱਡੇ ਪੱਧਰ 'ਤੇ ਛਾਂਟੀ ਦੇ ਮੱਦੇਨਜ਼ਰ ਅਮਰੀਕੀ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਨੇ ਕਿਹਾ ਹੈ ਕਿ ਇਹ ਮੰਨਣਾ ਗਲਤ ਹੈ ਕਿ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਨੌਕਰੀ ਤੋਂ ਕੱਢੇ ਜਾਣ 'ਤੇ 60 ਦਿਨਾਂ ਦੇ ਅੰਦਰ ਦੇਸ਼ ਛੱਡਣਾ ਪੈਂਦਾ ਹੈ। ਉਨ੍ਹਾਂ ਕੋਲ ਦੇਸ਼ 'ਚ ਰਹਿਣ ਦੇ ਕਈ ਹੋਰ ਰਾਹ ਹਨ।

## ਰੇਲ ਗੱਡੀ ਤੋਂ ਡਿਗਣ ਨਾਲ ਨੌਜਵਾਨ ਦੀ ਮੌਤ

**ਲਹਿਰਾਗਾਗਾ** : ਮੰਗਲਵਾਰ ਸਵੇਰੇ ਸਵਾ ਸੱਤ ਵਜੇ ਇਥੋਂ ਦੇ ਰੇਲਵੇ ਸਟੇਸ਼ਨ 'ਤੇ ਹਿਸਾਰ-ਲੁਧਿਆਣਾ ਸਵਾਰੀ ਗੱਡੀ 04743 ਵਿੱਚੋਂ ਡਿੱਗਣ ਕਾਰਨ ਲੌਂਗੋਵਾਲ ਦੇ ਵਾਰਡ ਨੰਬਰ ਦੋ ਦੇ 29 ਸਾਲਾ ਹਰਦੀਪ ਸਿੰਘ ਪੁੱਤਰ ਜਰਨੈਲ ਸਿੰਘ ਦੀ ਮੌਤ ਹੋ ਗਈ। ਉਹ ਹਿਸਾਰ 'ਚ ਨਾਨਕਿਆਂ ਤੋਂ ਵਾਪਸ ਆ ਰਿਹਾ ਸੀ ਕਿ ਉਤਰਨ ਸਮੇਂ ਪੈਰ ਤਿਲਕਣ ਕਰਕੇ ਡਿੱਗ ਪਿਆ ਤੇ ਗੱਡੀ ਦੀ ਲਪੇਟ 'ਚ ਆ ਗਿਆ।

## ਬੱਸ ਹਾਦਸੇ 'ਚ 20 ਮੌਤਾਂ

**ਰਿਆਦ** : ਦੱਖਣ-ਪੱਛਮੀ ਸਾਊਦੀ ਅਰਬ 'ਚ ਪੁਲ ਨਾਲ ਟਕਰਾਉਣ ਤੋਂ ਬਾਅਦ ਖਚਾਖਚ ਭਰੀ ਬੱਸ ਪਲਟ ਗਈ ਅਤੇ ਅੱਗ ਲੱਗ ਗਈ। ਸਿੱਟੇ ਵਜੋਂ 20 ਵਿਅਕਤੀਆਂ ਦੀ ਮੌਤ ਹੋ ਗਈ ਤੇ 29 ਜ਼ਖਮੀ ਹੋ ਗਏ।

# ਜਮਹੂਰੀਅਤ ਬਚਾਉਣ ਲਈ 'ਜੈ ਭਾਰਤ ਸੱਤਿਆਗ੍ਰਹਿ'

**ਨਵੀਂ ਦਿੱਲੀ** : ਕਾਂਗਰਸ ਨੇ ਮਹੀਨਾ ਲੰਮਾ 'ਜੈ ਭਾਰਤ ਸਤਿਆਗ੍ਰਹਿ' ਸ਼ੁਰੂ ਕਰਨ ਦਾ ਐਲਾਨ ਕੀਤਾ, ਜਿਹੜਾ ਬਲਾਕ, ਜ਼ਿਲ੍ਹਾ, ਸੂਬਾ ਤੇ ਕੌਮੀ ਪੱਧਰ 'ਤੇ ਹੋਵੇਗਾ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਮੁੱਦਾ ਰਾਹੁਲ ਗਾਂਧੀ ਨਹੀਂ, ਸਗੋਂ ਜਮਹੂਰੀਅਤ ਨੂੰ ਖਤਰੇ ਦਾ ਹੈ।

ਇਸ ਦੀ ਸ਼ੁਰੂਆਤ ਮੰਗਲਵਾਰ ਸ਼ਾਮੀਂ 7 ਵਜੇ ਨਵੀਂ ਦਿੱਲੀ 'ਚ ਲਾਲ ਕਿਲ੍ਹੇ ਤੋਂ ਟਾਊਨ ਹਾਲ ਤੱਕ 'ਜਮਹੂਰੀਅਤ ਬਚਾਓ ਮਸ਼ਾਲ ਸ਼ਾਂਤੀ ਮਾਰਚ' ਨਾਲ ਕਰਦਿਆਂ ਕਾਂਗਰਸ ਨੇ ਕਿਹਾ ਕਿ 19 ਪਾਰਟੀਆਂ ਨੇ ਕਾਂਗਰਸ ਦੀ ਹਮਾਇਤ ਕੀਤੀ ਹੈ ਅਤੇ ਪ੍ਰੋਟੈਸਟ ਦਾ ਵਿਸਤ੍ਰਿਤ ਪ੍ਰੋਗਰਾਮ ਉਲੀਕਿਆ ਗਿਆ ਹੈ। ਰਮੇਸ਼ ਨੇ ਕਿਹਾ ਕਿ ਰਾਹੁਲ ਦੇ ਸਾਵਰਕਰ ਬਾਰੇ ਬਿਆਨ ਨਾਲ ਅਸਹਿਮਤ ਸ਼ਿਵ ਸੈਨਾ (ਊਧਵ ਬਾਲਾ ਸਾਹਿਬ ਠਾਕਰੇ) ਵੀ ਉਨ੍ਹਾਂ ਪਾਰਟੀਆਂ 'ਚ ਹੈ, ਜਿਹੜੀਆਂ ਕਾਂਗਰਸ ਦੀ ਹਮਾਇਤ ਕਰ ਰਹੀਆਂ ਹਨ।

ਕਾਂਗਰਸ ਦੇ ਇਕ ਹੋਰ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਨੇ ਕਿਹਾ—ਮਾਣਹਾਨੀ ਕੇਸ ਵਿਚ ਸੂਰਤ ਦੀ ਅਦਾਲਤ ਦੇ ਫੈਸਲੇ ਤੋਂ ਬਾਅਦ 24 ਘੰਟਿਆਂ ਦੇ ਵਿਚ-ਵਿਚ ਰਾਹੁਲ ਗਾਂਧੀ ਨੂੰ ਲੋਕ ਸਭਾ ਦੇ ਅਯੋਗ ਠਹਿਰਾ ਦਿੱਤਾ ਗਿਆ। ਰਾਹੁਲ ਨੇ ਅਯੋਗ ਠਹਿਰਾਏ ਜਾਣ ਤੋਂ ਬਾਅਦ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ ਅਤੇ ਉਸ ਦੇ ਬਾਅਦ 24 ਘੰਟਿਆਂ ਦੇ ਵਿਚ-ਵਿਚ ਉਨ੍ਹਾ ਨੂੰ ਸਰਕਾਰੀ ਬੰਗਲਾ ਖਾਲੀ ਕਰਨ ਦਾ ਨੋਟਿਸ ਦੇ ਦਿੱਤਾ ਗਿਆ। ਲੋਕ ਸਭਾ ਦੇ ਸਕੱਤਰੇਤ ਦੀ ਸਪੀਡ ਹੈਰਾਨ ਕਰਨ ਵਾਲੀ ਰਹੀ, ਪਰ ਉਹ ਨਹੀਂ ਜਾਣਦੇ ਕਿ ਰਾਹੁਲ ਗਾਂਧੀ ਘਰ ਖਾਲੀ ਕਰਨ ਬਾਰੇ ਚਿੰਤਤ ਨਹੀਂ। ਅਸੀਂ ਇਸ ਸਭ ਕਾਸੇ ਬਾਰੇ ਚਿੰਤਤ ਨਹੀਂ। ਪਰ ਉਹ ਜਿਸ ਤਰ੍ਹਾਂ ਸਭ ਕਰ ਰਹੇ ਹਨ, ਉਸ ਤੋਂ ਤਾਂ ਸਿਰਫ ਇਹੀ ਲੱਗਦਾ ਹੈ ਕਿ ਉਹ ਰਾਹੁਲ ਨੂੰ ਯਰਕਾਉਣਾ ਚਾਹੁੰਦੇ ਹਨ। ਅਸੀਂ ਅਜਿਹੇ ਦਾਅਪੇਚਾਂ ਨਾਲ ਯਰਕਣ ਵਾਲੇ ਨਹੀਂ।

ਰਮੇਸ਼ ਨੇ ਕਿਹਾ ਕਿ ਰਾਹੁਲ ਨੇ ਸੋਮਵਾਰ ਆਪੋਜ਼ੀਸ਼ਨ ਆਗੂਆਂ ਨਾਲ ਮੀਟਿੰਗ ਵਿਚ ਕਿਹਾ ਸੀ ਕਿ ਸਵਾਲ ਉਨ੍ਹਾ ਨੂੰ ਅਯੋਗ ਠਹਿਰਾਉਣ ਦਾ ਨਹੀਂ, ਰਾਹੁਲ ਨੂੰ ਬਚਾਉਣ ਦਾ ਨਹੀਂ, ਸਗੋਂ ਜਮਹੂਰੀਅਤ ਤੇ ਸੰਵਿਧਾਨ ਨੂੰ ਬਚਾਉਣ ਦਾ ਹੈ। ਰਮੇਸ਼ ਨੇ ਕਿਹਾ—ਸਾਡਾ ਸਵਾਲ ਇਹੀ ਹੈ ਕਿ ਅਡਾਨੀ ਤੇ ਮੋਦੀ ਵਿਚਾਲੇ ਰਿਸ਼ਤਾ ਕੀ ਹੈ। ਸਰਕਾਰ ਮਾਮਲੇ ਦੀ ਜਾਂਚ ਲਈ ਸਾਂਝੀ ਸੰਸਦੀ ਕਮੇਟੀ ਨਹੀਂ ਬਣਾਉਣੀ ਚਾਹੁੰਦੀ।

## ਬੰਗਲਾ ਖਾਲੀ ਕਰਨ ਦਾ ਹੁਕਮ ਮੰਨਾਂਗਾ : ਰਾਹੁਲ

**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਲੋਕ ਸਭਾ ਸਕੱਤਰੇਤ ਨੂੰ ਪੱਤਰ ਭੇਜ ਕੇ ਕਿਹਾ ਹੈ ਕਿ ਲੋਕ ਸਭਾ ਤੋਂ ਅਯੋਗ ਕਰਾਰ ਦਿੱਤੇ ਜਾਣ ਤੋਂ ਬਾਅਦ ਸਰਕਾਰੀ ਬੰਗਲਾ ਖਾਲੀ ਕਰਨ ਦੇ ਸੰਬੰਧ 'ਚ ਉਹ ਆਪਣੇ ਅਧਿਕਾਰਾਂ ਨੂੰ ਸੁਰੱਖਿਅਤ ਰੱਖਦਿਆਂ ਸਕੱਤਰੇਤ ਵੱਲੋਂ ਦਿੱਤੇ ਪੱਤਰ ਵਿਚਲੇ ਵੇਰਵਿਆਂ ਦੀ ਪਾਲਣਾ ਕਰਨਗੇ। ਲੋਕ ਸਭਾ ਸਕੱਤਰੇਤ ਨੇ ਉਨ੍ਹਾ ਨੂੰ ਨੋਟਿਸ ਭੇਜ ਕੇ 22 ਅਪਰੈਲ ਤੱਕ ਸਰਕਾਰੀ ਬੰਗਲਾ ਖਾਲੀ ਕਰਨ ਲਈ ਕਿਹਾ ਹੈ।

ਰਾਹੁਲ ਨੇ 12 ਤੁਗਲਕ ਲੇਨ ਸਥਿਤ ਬੰਗਲੇ ਨੂੰ ਖਾਲੀ ਕਰਨ ਸੰਬੰਧੀ 27 ਮਾਰਚ ਨੂੰ ਮਿਲੇ ਪੱਤਰ ਲਈ ਸਕੱਤਰੇਤ ਦਾ ਧੰਨਵਾਦ ਕੀਤਾ।

# ਮਾਨ ਵੱਲੋਂ ਪੁਲਸ ਦੇ ਵਿਗਿਆਨਕ ਲੀਹਾਂ 'ਤੇ ਆਧੁਨਿਕੀਕਰਨ ਦੀ ਲੋੜ 'ਤੇ ਜ਼ੋਰ

### ਬੱਚਿਆਂ ਤੇ ਔਰਤਾਂ ਦੀ ਗੁੰਮਸ਼ੁਦਗੀ ਤੇ ਸ਼ੋਸ਼ਣ ਦੀ ਰਿਪੋਰਟ ਕਰਨ ਲਈ ਚੈਟ ਬੋਟ ਨੰਬਰ 95177-95178 ਜਾਰੀ



**ਮੁਹਾਲੀ** : ਪੁਲਸ ਬਲ ਦੇ ਵਿਗਿਆਨਕ ਲੀਹਾਂ ਉਤੇ ਆਧੁਨਿਕੀਕਰਨ ਉਪਰ ਜ਼ੋਰ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਆਖਿਆ ਕਿ ਲੋਕਾਂ ਨੂੰ ਸਮੱਸਿਆਵਾਂ ਦਾ ਆਨਲਾਈਨ ਮਾਧਿਅਮ ਰਾਹੀਂ ਉਨ੍ਹਾਂ ਦੇ ਘਰਾਂ ਵਿੱਚ ਹੱਲ ਕਰਨ ਦੀ ਸਹੂਲਤ ਦੇਣੀ ਸਮੇਂ ਦੀ ਲੋੜ ਹੈ। ਇੱਥੇ ਇੰਡੀਅਨ ਸਕੂਲ ਆਫ਼ ਬਿਜ਼ਨਸ (ਆਈ ਐੱਸ ਬੀ) ਵਿੱਚ ਔਰਤਾਂ ਤੇ ਬੱਚਿਆਂ ਦੀ ਗੁੰਮਸ਼ੁਦਗੀ ਤੇ ਸ਼ੋਸ਼ਣ ਦੀ ਰਿਪੋਰਟ ਕਰਨ ਲਈ ਚੈਟ ਬੋਟ (95177-95178) ਲਾਂਚ ਕਰਦਿਆਂ ਅਤੇ ਔਰਤਾਂ ਤੇ ਬੱਚਿਆਂ ਦੇ ਅਧਿਕਾਰਾਂ ਬਾਰੇ ਵਰਕਸ਼ਾਪ ਦਾ ਉਦਘਾਟਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਸੇਵਾ ਵਿੱਚ ਅਣਗਿਣਤ ਬਲੀਦਾਨ ਦੇਣ ਦੀ ਪੰਜਾਬ ਪੁਲਸ ਦੀ ਸ਼ਾਨਮੱਤੀ ਵਿਰਾਸਤ ਰਹੀ ਹੈ। ਉਨ੍ਹਾ ਕਿਹਾ ਕਿ ਕਾਨੂੰਨ-ਵਿਵਸਥਾ ਬਣਾਈ ਰੱਖਣ ਦਾ ਆਪਣਾ ਮੁੱਖ ਫ਼ਰਜ਼ ਨਿਭਾਉਂਦਿਆਂ ਪੰਜਾਬ ਪੁਲਸ ਨੇ ਹਮੇਸ਼ਾ ਦੇਸ਼ ਤੇ ਇਸ ਦੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਕੀਤੀ ਹੈ। ਉਹਨਾ ਕਿਹਾ ਕਿ ਬਦਲ ਰਹੇ ਹਾਲਾਤ ਵਿੱਚ ਪੁਲਸ ਬਲ ਲਈ ਚੁਣੌਤੀਆਂ ਕਈ ਗੁਣਾ ਵਧੀਆਂ ਹਨ, ਜਿਸ ਲਈ ਕਾਰਜਪ੍ਰਣਾਲੀ ਵਿੱਚ ਵਿਆਪਕ ਸੁਧਾਰ ਸਮੇਂ ਦੀ ਜ਼ਰੂਰਤ ਬਣ ਗਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਕਾਨੂੰਨ-ਵਿਵਸਥਾ ਉਤੇ ਸਖ਼ਤੀ ਨਾਲ ਨਿਗ੍ਹਾ ਰੱਖਣ ਤੋਂ ਇਲਾਵਾ ਪੁਲਸ ਬਲ ਨੂੰ ਕਮਿਊਨਿਟੀ ਪੁਲਸਿੰਗ ਉਤੇ ਵੀ ਧਿਆਨ ਦੇਣ ਦੀ ਲੋੜ ਹੈ। ਇਸ ਸਮੇਂ ਕਈ ਲੀਕ ਤੋਂ ਹਟਵੀਆਂ ਪਹਿਲਕਦਮੀਆਂ ਕੀਤੀਆਂ ਗਈਆਂ ਹਨ ਅਤੇ ਲੋਕਾਂ ਨੂੰ ਸਹੂਲਤ ਦੇਣ ਲਈ ਅਜਿਹੀਆਂ ਹੋਰ ਪਹਿਲਕਦਮੀਆਂ ਕਰਨ ਦੀ ਲੋੜ ਹੈ। ਅੱਜ ਵਿਗਿਆਨ ਤੇ ਤਕਨਾਲੋਜੀ ਦਾ ਯੁੱਗ ਹੈ। ਇਸ ਲਈ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਬੇੜਾ ਆਨਲਾਈਨ ਸਹੂਲਤਾਂ ਰਾਹੀਂ ਉਨ੍ਹਾਂ ਦੇ ਘਰਾਂ ਵਿੱਚ

● ਬਾਕੀ ਸਫ਼ਾ 2 'ਤੇ

## ਅਤੀਕ ਅਹਿਮਦ ਸਣੇ ਤਿੰਨ ਜਣਿਆਂ ਨੂੰ ਅਗਵਾ ਕੇਸ 'ਚ ਬਾਮੁਸ਼ੱਕਤ ਉਮਰ ਕੈਦ



**ਪ੍ਰਯਾਗਰਾਜ** : ਸਥਾਨਕ ਅਦਾਲਤ ਨੇ ਮਾਫੀਆ ਤੋਂ ਸਿਆਸਤਦਾਨ ਬਣੇ ਸਾਬਕਾ ਸੰਸਦ ਮੈਂਬਰ ਅਤੀਕ ਅਹਿਮਦ ਅਤੇ ਉਸ ਦੇ ਵਕੀਲ ਸੌਲਤ ਹਨੀਫ ਤੇ ਸਾਥੀ ਦਿਨੇਸ਼ ਪਾਸੀ ਨੂੰ 25 ਜਨਵਰੀ 2005 'ਚ ਬਸਪਾ ਦੇ ਤੱਤਕਾਲੀ ਵਿਧਾਇਕ ਰਾਜੂ ਪਾਲ ਦੇ ਕਤਲ ਕੇਸ ਦੇ ਗਵਾਹ ਉਮੇਸ਼ ਪਾਲ ਨੂੰ ਅਗਵਾ ਕਰਨ ਦੇ ਮਾਮਲੇ 'ਚ ਸ਼ੁੱਕਰਵਾਰ ਦੋਸ਼ੀ ਕਰਾਰ ਦਿੰਦਿਆਂ ਬਾਮੁਸ਼ੱਕਤ ਉਮਰ ਕੈਦ ਦੀ ਸਜ਼ਾ ਸੁਣਾਈ। 7 ਮੁਲਜ਼ਮਾਂ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ, ਜਿਨ੍ਹਾਂ 'ਚ ਅਤੀਕ ਦਾ ਭਰਾ ਖਾਲਿਦ ਅਜ਼ੀਮ ਉਰਫ ਅਸ਼ਰਫ ਵੀ ਹੈ। ਉਮੇਸ਼ ਪਾਲ ਉਦੋਂ ਜ਼ਿਲ੍ਹਾ ਪੰਚਾਇਤ ਮੈਂਬਰ ਹੁੰਦਾ ਸੀ ਤੇ ਉਸ ਨੇ ਪੁਲਸ ਨੂੰ ਦੱਸਿਆ ਸੀ ਕਿ ਉਸ ਨੇ ਕਤਲ ਹੁੰਦਾ ਦੇਖਿਆ। ਉਸ ਨੂੰ ਨਾ ਮੁਕਰਨ 'ਤੇ ਬੰਦੂਕ ਦੀ ਨੋਕ 'ਤੇ 28 ਫਰਵਰੀ ਨੂੰ ਅਗਵਾ ਕਰ ਲਿਆ ਗਿਆ ਸੀ। ਪੁਲਸ ਨੇ ਇਸ ਮਾਮਲੇ 'ਚ 5 ਜੁਲਾਈ 2007 'ਚ ਅਤੀਕ, ਉਸ ਦੇ ਭਰਾ ਤੇ ਹੋਰਨਾਂ ਖਿਲਾਫ ਐੱਫ ਆਈ ਆਰ ਦਰਜ ਕੀਤੀ ਸੀ। ਪੁਲਸ ਨੇ 11 ਲੋਕਾਂ ਖਿਲਾਫ ਚਾਰਜਸ਼ੀਟ ਦਾਖਲ ਕੀਤੀ ਸੀ। ਇਕ ਦਿਨ ਬਾਅਦ 'ਚ ਮੌਤ ਹੋ ਗਈ ਸੀ। ਅਤੀਕ ਤੇ ਅਸ਼ਰਫ ਜੇਲ੍ਹ ਵਿਚ ਹੁੰਦਿਆਂ ਉਮੇਸ਼ ਪਾਲ ਨੂੰ ਮਾਰਨ ਦੀ ਸਾਜ਼ਿਸ਼ 'ਚ ਵੀ ਸ਼ਾਮਲ ਸਨ। ਉਮੇਸ਼ ਪਾਲ ਦੀ 24 ਫਰਵਰੀ ਨੂੰ ਪ੍ਰਯਾਗਰਾਜ 'ਚ ਉਸ ਦੇ ਘਰ ਦੇ ਬਾਹਰ ਹੱਤਿਆ ਕਰ ਦਿੱਤੀ ਗਈ ਸੀ। ਉਮੇਸ਼ ਪਾਲ ਦੀ ਪਤਨੀ ਜਯਾ ਪਾਲ ਨੇ ਅਦਾਲਤ ਦੀ ਥਾਂ ਆਪਣੇ ਘਰ ਹੀ ਫੈਸਲੇ ਦਾ ਇੰਤਜ਼ਾਰ ਕੀਤਾ।

ਇਸੇ ਦੌਰਾਨ ਸੁਪਰੀਮ ਕੋਰਟ ਨੇ ਅਤੀਕ ਅਹਿਮਦ ਦੀ ਯੂ ਪੀ ਪੁਲਸ ਦੀ ਹਿਰਾਸਤ 'ਚ ਰਹਿਣ ਦੌਰਾਨ ਸੁਰੱਖਿਆ ਦੀ ਮੰਗ ਕਰਨ ਵਾਲੀ ਪਟੀਸ਼ਨ ਨੂੰ ਖਾਰਜ ਕਰਦਿਆਂ ਕਿਹਾ ਕਿ ਜੇ ਜਾਨ ਦੇ ਖਤਰੇ ਦਾ ਮਾਮਲਾ ਹੈ ਤਾਂ ਉਹ ਅਲਾਹਾਬਾਦ ਹਾਈ ਕੋਰਟ ਜਾਣ।

## ਪੰਜਾਬ ਪੁਲਸ ਅੰਮ੍ਰਿਤਪਾਲ ਦੀ ਗ੍ਰਿਫਤਾਰੀ ਦੇ ਬੇਹੱਦ ਨੇੜੇ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਕਿਹਾ ਕਿ ਪੁਲਸ ਵੱਖਵਾਦੀ ਨੇਤਾ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਦੇ ਬੇਹੱਦ ਨੇੜੇ ਹੈ।

ਸਰਕਾਰ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਪੁਲਸ ਦੀ ਹਿਰਾਸਤ ਵਿਚ ਨਹੀਂ ਹੈ। ਇਸ ਤੋਂ ਬਾਅਦ ਅਦਾਲਤ ਨੇ ਸਰਕਾਰ ਨੂੰ ਇਸ ਸੰਬੰਧੀ ਹਲਫਨਾਮਾ ਦਾਇਰ ਕਰਨ ਦੇ ਆਦੇਸ਼ ਦਿੱਤੇ। ਇਸ ਤੋਂ ਇਲਾਵਾ ਪਟੀਸ਼ਨਰ ਦੇ ਵਕੀਲ ਨੂੰ ਵੀ ਅੰਮ੍ਰਿਤਪਾਲ ਸਿੰਘ ਨੂੰ ਪੁਲਸ ਹਿਰਾਸਤ ਵਿਚ ਰੱਖਣ ਦੇ ਸਬੂਤ ਪੇਸ਼ ਕਰਨ ਦੇ ਆਦੇਸ਼ ਦਿੱਤੇ।

ਮਾਮਲੇ ਦੀ ਅਗਲੀ ਸੁਣਵਾਈ 29 ਮਾਰਚ ਨੂੰ ਹੋਵੇਗੀ।

## ਡਰੋਨ ਘੁਸਪੈਠ ਦੀਆਂ ਚਾਰ ਘਟਨਾਵਾਂ 'ਚ ਦੋ ਬੰਦੇ ਫੜੇ, ਅਸਲਾ ਤੇ ਨਸ਼ਾ ਬਰਾਮਦ



**ਚੰਡੀਗੜ੍ਹ** : ਪੰਜਾਬ 'ਚ ਕੌਮਾਂਤਰੀ ਸਰਹੱਦ ਦੇ ਨਾਲ ਚਾਰ ਘਟਨਾਵਾਂ 'ਚ ਬੀ ਐੱਸ ਐੱਫ ਨੇ ਡਰੋਨ ਨੂੰ ਡੇਗਿਆ, ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਅਤੇ ਹਥਿਆਰ ਤੇ ਨਸ਼ੀਲੇ ਪਦਾਰਥ ਜ਼ਬਤ ਕੀਤੇ। 27-28 ਮਾਰਚ ਦੀ ਦਰਮਿਆਨੀ ਰਾਤ ਨੂੰ ਬੀ ਐੱਸ ਐੱਫ ਨੇ ਅੰਮ੍ਰਿਤਸਰ ਸੈਕਟਰ ਦੇ ਰਾਮਤੀਰਥ ਦੇ ਖੇਤਰ 'ਚ ਡਰੋਨ ਦੀ ਘੁਸਪੈਠ ਦਾ ਪਤਾ ਲਗਾਇਆ। ਇਸ ਦੌਰਾਨ ਇਲਾਕੇ ਦੀ ਤਲਾਸ਼ੀ ਲੈਣ 'ਤੇ 2 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ 3.22 ਕਿਲੋਗ੍ਰਾਮ ਹੈਰੋਇਨ ਜ਼ਬਤ ਕੀਤੀ। 27 ਮਾਰਚ ਨੂੰ ਰਾਤ ਕਰੀਬ 8.30 ਵਜੇ ਰਾਜਾਤਾਲ ਬਾਰਡਰ ਚੌਕੀ ਦੇ ਖੇਤਰ 'ਚ ਪਾਕਿਸਤਾਨ ਵੱਲੋਂ ਆਏ ਡਰੋਨ 'ਤੇ ਗੋਲੀਬਾਰੀ ਕੀਤੀ। ਖੇਤਰ ਦੀ ਤਲਾਸ਼ੀ ਦੌਰਾਨ ਕਾਲੇ ਰੰਗ ਦਾ ਡਰੋਨ ਅਤੇ ਇੱਕ ਚਿੱਟਾ ਬੈਗ ਬਰਾਮਦ ਕੀਤਾ। ਬੈਗ 'ਚ ਪੀਲੀ ਟੇਪ ਨਾਲ ਲਪੇਟਿਆ ਪੈਕੇਟ ਅਤੇ ਛੋਟੀ ਟਾਰਚ ਮਿਲੀ। ਬੀ ਐੱਸ ਐੱਫ ਦੇ ਜਵਾਨਾਂ ਨੇ ਅਬੋਹਰ ਦੇ ਐੱਨ ਐੱਸ ਵਾਲਾ ਬਾਰਡਰ ਚੌਕੀ ਦੇ ਖੇਤਰ 'ਚ 30 ਕੈਲੀਬਰ ਪਿਸਤੌਲ ਅਤੇ ਮੈਗਜ਼ੀਨ ਤੇ ਅੱਠ ਗੋਲੀਆਂ ਤੋਂ ਇਲਾਵਾ 2.02 ਕਿਲੋਗ੍ਰਾਮ ਹੈਰੋਇਨ ਦੇ ਦੋ ਪੈਕਟ ਬਰਾਮਦ ਕੀਤੇ। 27 ਮਾਰਚ ਨੂੰ ਰਾਤ 8.20 ਵਜੇ ਬੀ ਐੱਸ ਐੱਫ ਦੇ ਜਵਾਨਾਂ ਨੇ ਅਟਾਰੀ ਸਾਂਝੀ ਜਾਂਚ ਚੌਕੀ ਨੇੜੇ ਪਾਕਿਸਤਾਨ ਵੱਲੋਂ ਆਏ ਡਰੋਨ 'ਤੇ ਗੋਲੀਬਾਰੀ ਕੀਤੀ ਅਤੇ ਖੇਤਰ ਦੀ ਤਲਾਸ਼ੀ ਦੌਰਾਨ 2 ਕਿਲੋਗ੍ਰਾਮ ਨਸ਼ੀਲੇ ਪਦਾਰਥਾਂ ਵਾਲਾ ਪੈਕੇਟ ਬਰਾਮਦ ਕੀਤਾ।




# ਸਮੁੱਚੀ ਮਾਨਵਤਾ ਦੇ ਰਹਿਬਰ ਹਨ ਗੁਰੂ ਨਾਨਕ ਪਾਤਸ਼ਾਹ : ਵਰਿਆਮ ਸਿੰਘ ਸੰਧੂ



**ਜਲੰਧਰ (ਕੇਸਰ)**-ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪੰਜਾਬੀ ਦੇ ਨਾਮਵਰ ਲੇਖਕ ਡਾ. ਵਰਿਆਮ ਸਿੰਘ ਸੰਧੂ ਦੁਆਰਾ ਰਚਿਤ ਵਾਰਤਕ ਪੁਸਤਕ 'ਗੁਰੂ ਨਾਨਕ ਪਾਤਸ਼ਾਹ ਨੂੰ ਮਿਲਦਿਆਂ' ਉੱਪਰ ਡਾ. ਗੋਪਾਲ ਸਿੰਘ ਬੁੱਟਰ ਦੇ ਪ੍ਰਬੰਧ ਤਹਿਤ ਇੱਕ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਪੁਸਤਕ ਦੇ ਲੇਖਕ ਡਾ. ਸੰਧੂ, ਪਰਚਾ ਲੇਖਕ ਕਹਾਣੀਕਾਰ ਬਲਵਿੰਦਰ ਗਰੇਵਾਲ, ਖੇਡ ਸਾਹਿਤ ਦੀ ਨਾਮਵਰ ਹਸਤੀ ਪ੍ਰਿੰਸੀਪਲ ਸਰਵਣ ਸਿੰਘ ਤੇ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਸੁਸ਼ੋਭਿਤ ਹੋਏ। ਮਾੜੀਮੇਘਾ ਨੇ ਸਵਾਗਤੀ ਸ਼ਬਦ ਕਹਿੰਦਿਆਂ ਬੁੱਧੀਜੀਵੀ ਵਰਗ ਵੱਲੋਂ ਕਮੇਟੀ ਨੂੰ ਮਿਲਦੇ ਆ ਰਹੇ ਸਹਿਯੋਗ ਲਈ ਉਨ੍ਹਾਂ ਦਾ ਆਭਾਰ ਵਿਅਕਤ ਕੀਤਾ। ਪੁਸਤਕ ਬਾਰੇ ਵਿਚਾਰ-ਚਰਚਾ ਦਾ ਆਰੰਭ ਕਰਦਿਆਂ ਆਰ ਐੱਮ ਪੀ ਆਈ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਨੇ ਗੁਰੂ ਜੀ ਦੇ ਮਾਨਵ ਹਿਤੈਸ਼ੀ ਸੰਦੇਸ਼ ਨੂੰ ਸਮਝਣ ਦੀ ਲੋੜ 'ਤੇ ਜ਼ੋਰ ਦਿੱਤਾ। ਪ੍ਰਿੰਸੀਪਲ ਸਰਵਣ ਸਿੰਘ ਨੇ ਗੁਰੂ ਜੀ ਦੇ ਜੀਵਨ ਤੇ ਬਾਣੀ ਬਾਰੇ ਵਿਚਾਰ ਪ੍ਰਗਟਾਉਂਦਿਆਂ ਗੁਰੂ ਜੀ ਦੀ ਅਜ਼ਮਤ ਬਾਰੇ ਭਾਵਪੂਰਤ ਜਾਣਕਾਰੀ ਦਿੱਤੀ। ਪਰਚਾ ਲੇਖਕ ਬਲਵਿੰਦਰ ਸਿੰਘ ਗਰੇਵਾਲ ਨੇ ਗੁਰੂ ਜੀ ਵੱਲੋਂ ਮਨੁੱਖੀ ਸਮਾਜ ਦੇ ਕਲਿਆਣ ਹਿੱਤ ਪਾਏ ਅਹਿਮ ਯੋਗਦਾਨ ਬਾਰੇ ਗੱਲ ਕਰਦਿਆਂ ਗੁਰੂ ਨਾਨਕ ਪਾਤਸ਼ਾਹ ਨੂੰ ਸਮੁੱਚੀ ਮਾਨਵਤਾ ਦੇ ਰਹਿਬਰ ਦੱਸਿਆ। ਪਰਚਾ ਲੇਖਕ ਨੇ ਪੁਸਤਕ ਦੇ ਲੇਖਕ ਡਾ. ਵਰਿਆਮ ਸਿੰਘ ਸੰਧੂ ਦੀ ਸਿਰਜਣਾਤਮਿਕ ਪ੍ਰਤਿਭਾ ਬਾਰੇ ਵਿਚਾਰ ਪ੍ਰਗਟਾਉਂਦਿਆਂ ਉਹਨਾ ਦੁਆਰਾ ਪੰਜਾਬੀ ਸ਼ਬਦ ਸੱਭਿਆਚਾਰ ਵਿੱਚ ਪਾਏ ਵਡੇਰੇ ਯੋਗਦਾਨ ਦੀ ਪ੍ਰਸੰਸਾ ਕੀਤੀ। ਉੱਘੇ ਪੱਤਰਕਾਰ ਸਤਨਾਮ ਮਾਣਕ ਨੇ ਗੁਰੂ ਨਾਨਕ ਦੇਵ ਜੀ ਦੇ ਲੋਕ ਹਿਤੈਸ਼ੀ ਸੰਦੇਸ਼ ਲਈ ਸਮੁੱਚੀ ਮਾਨਵ ਜਾਤੀ ਲਈ ਅਹਿਮੀਅਤ ਬਾਰੇ ਵਿਚਾਰ ਪ੍ਰਗਟਾਏ। ਡਾ. ਲਖਵਿੰਦਰ ਜੌਹਲ ਨੇ ਪੁਸਤਕ ਲੇਖਕ ਡਾ. ਸੰਧੂ ਦੀ ਲੇਖਣੀ ਬਾਰੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਗੁਰੂ ਜੀ ਵਰਗੀ ਅਜ਼ੀਮ ਹਸਤੀ ਬਾਰੇ ਏਨੀ ਭਾਵਪੂਰਤ ਲਿਖਤ ਡਾ. ਸੰਧੂ ਵਰਗਾ ਪ੍ਰਤਿਭਾਵਾਨ ਲੇਖਕ ਹੀ ਲਿਖ ਸਕਦਾ ਹੈ। ਅਮੋਲਕ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਕਿਰਤੀ ਜਮਾਤ ਨਾਲ ਲਗਾਓ ਦੀ ਗੱਲ ਕਰਦਿਆਂ ਉਹਨਾ ਨੂੰ ਦੱਬੇ-ਕੁਚਲੇ ਤੇ ਕਿਰਤੀ ਕਾਮਿਆਂ ਦਾ ਸੱਚਾ ਰਹਿਬਰ ਦੱਸਿਆ। ਕਮੇਟੀ ਦੇ ਕਨਵੀਨਰ ਡਾ. ਗੋਪਾਲ ਸਿੰਘ ਬੁੱਟਰ ਨੇ ਮੰਚ ਸੰਚਾਲਨ ਕਰਦਿਆਂ ਪਹੁੰਚੀਆਂ ਹਸਤੀਆਂ, ਡਾ. ਸੰਧੂ ਦੀ ਰਚਨਾ ਤੇ ਜਗਤ ਗੁਰੂ ਬਾਬਾ ਨਾਨਕ ਜੀ ਬਾਰੇ ਮੁੱਲਵਾਨ ਟਿੱਪਣੀਆਂ ਨਾਲ ਵਿਚਾਰ-ਗੋਸ਼ਟੀ ਦੀ ਰੌਚਿਕਤਾ ਤੇ ਸੰਜੀਦਗੀ ਬਣਾਈ ਰੱਖਣ ਦੇ ਸੁਚੇਤ ਉਪਰਾਲੇ ਕੀਤੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਰਜਵੰਤ ਕੌਰ ਸੰਧੂ, ਗੁਰਮੁਖ ਸਿੰਘ, ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਲੇਖਕ ਸੁਰਿੰਦਰ ਸਿੰਘ ਸੁੰਨੜ ਤੇ ਸੁਰਿੰਦਰ ਸੈਣੀ ਨੇ ਵੀ ਵਿਚਾਰ-ਚਰਚਾ ਵਿੱਚ ਹਿਸਾ ਲਿਆ। ਸਮਾਗਮ ਦੇ ਅਖੀਰ 'ਤੇ ਪੁਸਤਕ ਲੇਖਕ ਡਾ. ਵਰਿਆਮ ਸਿੰਘ ਸੰਧੂ ਨੇ ਇਸ ਪੁਸਤਕ ਲਿਖਣ ਦੀ ਪ੍ਰੇਰਨਾ ਤੇ ਉਦੇਸ਼ ਬਾਰੇ ਭਾਵਪੂਰਤ ਜਾਣਕਾਰੀ ਦਿੰਦਿਆਂ ਸਮਾਂ ਬੰਨ੍ਹ ਦਿੱਤਾ। ਸਮਾਗਮ ਵਿੱਚ ਦੁਆਬਾ ਕਾਲਜ ਤੋਂ ਡਾ. ਉਮਿੰਦਰ ਜੌਹਲ ਮੁਖੀ ਪੰਜਾਬੀ ਵਿਭਾਗ, ਲਾਇਲਪੁਰ ਖਾਲਸਾ ਕਾਲਜ ਤੋਂ ਇਤਿਹਾਸ ਵਿਭਾਗ ਦੇ ਮੁਖੀ ਡਾ. ਸੁਮਨ ਚੋਪੜਾ, ਡਾ. ਅਮਨਦੀਪ ਕੌਰ ਤੇ ਵਿਦਿਆਰਥੀਆਂ ਨੇ ਵੀ ਸ਼ਿਰਕਤ ਕੀਤੀ।

ਹੋਰਨਾਂ ਤੋਂ ਇਲਾਵਾ ਇਸ ਸਮਾਗਮ ਵਿੱਚ ਭਾਰਤੀ ਮਜ਼ਦੂਰ ਸਭਾ ਬਰਮਿੰਘਮ (ਯੂ ਕੇ) ਦੇ ਆਗੂ ਕੁਲਬੀਰ ਸਿੰਘ ਸੰਘੇੜਾ, ਸੁਰਿੰਦਰ ਕੌਰ ਸੰਘੇੜਾ, ਜਸਵੀਰ ਸਿੰਘ ਸ਼ੀਰਾ ਜੌਹਲ, ਕੁਲਵਿੰਦਰ ਕੌਰ ਬੁੱਟਰ, ਪਰਮਜੀਤ ਕਲਸੀ, ਸੰਤ ਸੰਧੂ, ਕੇਸਰ, ਹਰਮੇਸ਼ ਮਾਲੜੀ, ਵਿਜੈ ਬੰਬੇਲੀ, ਰਣਜੀਤ ਸਿੰਘ ਔਲਖ, ਐਡਵੋਕੇਟ ਰਾਜਿੰਦਰ ਮੰਡ, ਗੁਰਦਰਸ਼ਨ ਬੀਕਾ, ਨਰਾਇਣ ਸਿੰਘ ਨਾਮਧਾਰੀ, ਗੁਰਨਾਮ ਦਾਊਦ, ਡਾ. ਰਾਮ ਮੂਰਤੀ, ਪੀ ਐੱਸ ਯੂ ਦੇ ਆਗੂ ਮੰਗਲਜੀਤ, ਰਮਨਦੀਪ, ਜਸਬੀਰ ਕੌਰ, ਪੁਸ਼ਕਰ, ਕਸ਼ਮੀਰ ਘੁੱਗਸ਼ੋਰ ਸਮੇਤ ਵੱਡੀ ਗਿਣਤੀ ਵਿੱਚ ਵਿਚਾਰਵਾਨਾਂ ਨੇ ਸ਼ਿਰਕਤ ਕੀਤੀ। ਸਮਾਗਮ ਦੇ ਅਖੀਰ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਵਿੱਤ ਸਕੱਤਰ ਇੰਜ. ਸੀਤਲ ਸਿੰਘ ਸੰਘਾ ਨੇ ਹਾਜ਼ਰ ਸਰੋਤਿਆਂ ਦਾ ਧੰਨਵਾਦ ਕੀਤਾ।

## ਸ਼ੱਕੀ ਹਾਲਾਤ 'ਚ ਨੌਜਵਾਨ ਦੀ ਮੌਤ 'ਤੇ ਅਣਪਛਾਤਿਆਂ ਵਿਰੁੱਧ ਮਾਮਲਾ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬੀਤੇ ਦਸੰਬਰ ਮਹੀਨੇ ਪਿੰਡ ਲੱਖਾ ਸਿੰਘ ਵਾਲਾ ਦੇ ਸ਼ਮਸ਼ਾਨਘਾਟ 'ਚੋਂ ਭੇਤਭਰੇ ਹਾਲਾਤ 'ਚ ਮਿਲੀ ਨੌਜਵਾਨ ਦੀ ਲਾਸ਼ ਦੇ ਮਾਮਲੇ 'ਚ ਅਮਲੋਹ ਪੁਲਸ ਵੱਲੋਂ ਅਣਪਛਾਤਿਆਂ ਵਿਰੁੱਧ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਮ੍ਰਿਤਕ ਦੀ ਮਾਤਾ ਅਵਤਾਰ ਕੌਰ ਨੇ ਜ਼ਿਲ੍ਹਾ ਪੁਲਸ ਮੁਖੀ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਸੀ ਦਸੰਬਰ 1986 'ਚ ਉਸ ਦਾ ਵਿਆਹ ਚਰਨਜੀਤ ਸਿੰਘ ਵਾਸੀ ਪਿੰਡ ਸ਼ਮਸ਼ਪੁਰ ਨਾਲ ਹੋਇਆ ਸੀ ਤੇ ਉਕਤ ਵਿਆਹ ਤੋਂ ਉਸ ਦੀ ਕੁੱਖੋਂ ਲੜਕੀ ਮਨਦੀਪ ਕੌਰ ਅਤੇ ਲੜਕੇ ਜਸਪ੍ਰੀਤ ਸਿੰਘ ਉਰਫ ਲਾਡੀ ਨੇ ਜਨਮ ਲਿਆ ਪਰ ਵਿਆਹ ਤੋਂ ਬਾਅਦ ਉਸ ਦੇ ਪਤੀ ਨਾਲ ਉਸ ਦੀ ਅਣਬਣ ਹੋ ਗਈ ਤੇ ਉਹ ਆਪਣੇ ਪੇਕੇ ਰਹਿਣ ਲੱਗ ਗਈ। ਉਸ ਦੇ ਦੋਵੇਂ ਬੱਚੇ ਉਸ ਦੇ ਪਤੀ ਨੇ ਰੱਖ ਲਏ, ਜਿਸ ਤੋਂ ਬਾਅਦ ਉਸ ਦੇ ਪਤੀ ਨੇ ਗੁਰਪ੍ਰੀਤ ਕੌਰ ਨਾਲ ਦੂਜਾ ਵਿਆਹ ਕਰਵਾ ਲਿਆ ਜਿਸ ਦੀ ਕੁੱਖੋਂ ਇੱਕ ਲੜਕੀ ਅਤੇ ਲੜਕਾ ਪੈਦਾ ਹੋਏ ਪਰ ਉਸ ਦੇ ਬੱਚੇ ਉਸ ਨੂੰ ਕਦੇ ਕਦਾਈਂ ਮਿਲਣ ਆਉਂਦੇ ਰਹਿੰਦੇ ਸਨ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਉਸ ਦੇ ਪਹਿਲੇ ਪਤੀ ਚਰਨਜੀਤ ਸਿੰਘ, ਉਸ ਦੀ ਪਤਨੀ ਗੁਰਪ੍ਰੀਤ ਕੌਰ ਅਤੇ ਉਸ ਦੇ ਲੜਕੇ ਬਲਜੀਤ ਸਿੰਘ ਬੱਬੂ ਨੇ ਸ਼ਿਕਾਇਤਕਰਤਾ ਦੇ ਪੁੱਤਰ ਜਸਪ੍ਰੀਤ ਸਿੰਘ ਉਰਫ ਲਾਡੀ ਦੇ ਹਿੱਸੇ ਦੀ ਜ਼ਮੀਨ ਹੜੱਪਣ ਲਈ ਉਸ ਦਾ ਕਤਲ ਕਰਕੇ ਉਸ ਦੀ ਲਾਸ਼ ਸ਼ਮਸ਼ਾਨਘਾਟ 'ਚ ਰੱਖ ਦਿੱਤੀ। ਜਦੋਂ ਕਿ ਦੂਸਰੇ ਪਾਸੇ ਮ੍ਰਿਤਕ ਦੇ ਪਤੀ ਨੇ ਸਾਰੇ ਦੋਸ਼ਾਂ ਨੂੰ ਨਿਰਆਧਾਰ ਦੱਸਦੇ ਹੋਏ ਪੁਲਸ ਨੂੰ ਦੱਸਿਆ ਕਿ ਜਦੋਂ ਜਸਪ੍ਰੀਤ ਸਿੰਘ ਲਾਡੀ ਮਹਿਜ਼ ਛੇ ਮਹੀਨਿਆਂ ਦਾ ਸੀ ਤਾਂ ਅਵਤਾਰ ਕੌਰ ਦੋਵਾਂ ਬੱਚਿਆਂ ਨੂੰ ਉਸ ਕੋਲ ਛੱਡ ਕੇ ਚਲੀ ਗਈ ਸੀ ਜਿਸ 'ਤੇ ਬੱਚੇ ਪਾਲਣ ਲਈ ਮਜਬੂਰੀ ਵੱਸ ਉਸ ਨੇ ਦੂਜਾ ਵਿਆਹ ਕਰਵਾਇਆ ਪਰ ਵੱਡਾ ਹੋ ਕੇ ਉਸ ਦਾ ਲੜਕਾ ਜਸਪ੍ਰੀਤ ਸਿੰਘ ਲਾਡੀ ਨਸ਼ੇ ਕਰਨ ਦਾ ਆਦੀ ਹੋ ਗਿਆ ਤੇ ਉਨ੍ਹਾਂ ਤੋਂ ਅਲੱਗ ਰਹਿਣ ਲੱਗ ਪਿਆ ਜਿਸ ਨੂੰ ਨਸ਼ਾ ਤਸਕਰੀ ਦੇ ਇੱਕ ਕੇਸ 'ਚ 10 ਸਾਲ ਕੈਦ ਵੀ ਹੋਈ ਸੀ ਤੇ ਬੀਤੀ 21/12/22 ਨੂੰ ਪਿੰਡ ਦੇ ਸਰਪੰਚ ਨੇ ਉਨ੍ਹਾਂ ਨੂੰ ਦੱਸਿਆ ਕਿ ਜਸਪ੍ਰੀਤ ਸਿੰਘ ਲਾਡੀ ਦੀ ਲਾਸ਼ ਸ਼ਮਸ਼ਾਨਘਾਟ ਦੇ ਬੈਂਚ 'ਤੇ ਪਈ ਮਿਲੀ ਹੈ ਜਿਸ ਕੋਲ ਇੱਕ ਸਰਿੰਜ ਵੀ ਪਈ ਸੀ। ਉਸ ਨੇ ਦੱਸਿਆ ਕਿ ਲਾਡੀ ਦੀ ਮੌਤ ਜ਼ਿਆਦਾ ਨਸ਼ਾ ਕਰਕੇ ਠੰਢ 'ਚ ਬਾਹਰ ਪਿਆ ਰਹਿਣ ਕਾਰਨ ਹੋਈ ਜਾਪਦੀ ਹੈ, ਜਿਸ ਨਾਲ ਉਨਾਂ ਦਾ ਕੋਈ ਲੈਣ-ਦੇਣਾ ਨਹੀਂ ਤੇ ਅਵਤਾਰ ਕੌਰ ਵੱਲੋਂ ਰੰਜਿਸ਼ਨ ਉਨਾਂ 'ਤੇ ਦੋਸ਼ ਲਗਾਏ ਜਾ ਰਹੇ ਹਨ। ਅਮਲੋਹ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਜਿਊਣਾ ਮੱਲ ਕਪੂਰ ਚੰਦ ਦੀ ਯਾਦ 'ਚ ਅੱਖਾਂ ਦਾ ਕੈਂਪ ਲਗਾਇਆ



**ਬਰੇਟਾ (ਰੀਤਵਾਲ)**-ਜਿਊਣਾ ਮੱਲ ਕਪੂਰ ਚੰਦ ਦੀ ਯਾਦ ਨੂੰ ਸਮਰਪਤ ਅੱਖਾਂ ਦਾ 92ਵਾਂ ਕੈਂਪ ਗੁਰਦੁਆਰਾ ਸਾਹਿਬ ਭਾਈ ਘਨ੍ਹੱਈਆ ਜੀ ਵਿਖੇ ਆਸਰਾ ਫਾਊਂਡੇਸ਼ਨ ਬਰੇਟਾ ਦੇ ਸਹਿਯੋਗ ਨਾਲ ਡਾਕਟਰ ਪਰਇੰਕਾ ਯਾਦਵ ਦੀ ਅਗਵਾਈ ਹੇਠ ਲਗਾਇਆ ਗਿਆ, ਜਿਸ ਵਿੱਚ 354 ਮਰੀਜ਼ ਸਿਲੈਕਟ ਕਰਕੇ 51 ਮਰੀਜ਼ ਫਰੀ ਲੈਂਜ ਪਾਉਣ ਲਈ ਸਿਲੈਕਟ ਕੀਤੇ ਗਏ, ਜਿਨ੍ਹਾਂ ਨੂੰ ਸ਼ਿਫਟਾਂ ਵਿੱਚ ਲਾਇਨਜ਼ ਆਈ ਕੇਅਰ ਹਸਪਤਾਲ ਜੈਤੋਂ ਵਿਖੇ ਲਿਜਾ ਕੇ ਫਰੀ ਲੈਂਜ ਪਾਏ ਜਾਣਗੇ। ਇਸ ਕੈਂਪ ਵਿੱਚ ਸਾਰੀਆਂ ਦਵਾਈਆਂ ਦੀ ਸੇਵਾ ਸਾਵਣ ਐਜੂਕੇਸ਼ਨਲ ਟਰੱਸਟ ਦੇ ਸੰਸਥਾਪਕ ਮਹਿੰਦਰ ਸਿੰਘ ਕਟੋਦੀਆ ਚੰਡੀਗੜ੍ਹ ਵੱਲੋਂ ਹਰ ਮਹੀਨੇ ਕੀਤੀ ਜਾਂਦੀ ਹੈ। ਇਸ ਮੌਕੇ ਡਾਕਟਰ ਗਿਆਨ ਚੰਦ ਆਜ਼ਾਦ ਪ੍ਰਧਾਨ ਤੇ ਸੁਖਪਾਲ ਸਿੰਘ ਪੰਜਾਬ ਪੁਲਸ ਮੁੱਖ ਸਲਾਹਕਾਰ ਆਸਰਾ ਫਾਊਂਡੇਸ਼ਨ ਬਰੇਟਾ ਵੱਲੋਂ ਅੱਖਾਂ ਦੀ ਸੰਭਾਲ ਤੇ ਬਿਮਾਰੀਆਂ ਬਾਰੇ ਵਿਸਥਾਰ ਪੂਰਵਕ ਸਮਝਾਇਆ ਗਿਆ। ਅਗਲਾ ਕੈਂਪ 30 ਅਪ੍ਰੈਲ ਨੂੰ ਇਸੇ ਥਾਂ ਉੱਤੇ ਲੱਗੇਗਾ। ਇਸ ਕੈਂਪ ਵਿੱਚ ਇਲਾਕੇ ਦੇ ਮੋਹਤਬਰਾਂ ਤੋਂ ਇਲਾਵਾ ਜ਼ਿਲ੍ਹਾ ਰੂਰਲ ਯੂਥ ਕਲੱਬ ਐਸੋਸੀਏਸ਼ਨ ਮਾਨਸਾ, ਐਂਟੀ ਕੁਰੱਪਸ਼ਨ ਐਸੋਸੀਏਸ਼ਨ ਮਾਨਸਾ, ਸੰਜੀਵਨੀ ਵੈੱਲਫੇਅਰ ਸੋਸਾਇਟੀ ਬੁਢਲਾਡਾ, ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ, ਗਿਆਨ ਸਾਗਰ ਕਾਨਵੈਂਟ ਸਕੂਲ ਕਾਹਨਗੜ੍ਹ, ਜਿਮਟ ਕਾਲਜ ਬੁਢਲਾਡਾ, ਸਤਿਕਾਰ ਕਮੇਟੀ ਬਰੇ ਸਾਹਿਬ, ਭਾਰਤ ਵਿਕਾਸ ਪ੍ਰੀਸ਼ਦ ਬਰੇਟਾ, ਅਰਹਿੰਤ ਕਾਲਜ ਆਫ ਐਜੂਕੇਸ਼ਨ ਬਰੇਟਾ, ਮਹਾਰਾਜਾ ਰਣਜੀਤ ਸਿੰਘ ਸਪੋਰਟਸ ਅਕੈਡਮੀ ਬਰੇਟਾ ਤੋਂ ਇਲਾਵਾ ਆਸਰਾ ਫਾਊਂਡੇਸ਼ਨ ਬਰੇਟਾ ਦੀ ਸਾਰੀ ਟੀਮ ਹਾਜ਼ਰ ਸੀ।

## ਜੈਵਿਕ ਖੇਤੀ, ਡੇਅਰੀ ਤਕਨਾਲੋਜੀ ਤੇ ਪਾਣੀ ਦੀ ਸੰਭਾਲ ਵਿਸ਼ੇ 'ਤੇ ਐਕਸਟੈਂਸ਼ਨ ਲੈਕਚਰ



**ਖੰਨਾ/ਸਮਰਾਲਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ/ਸੁਰਜੀਤ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਅਧੀਨ ਚੱਲ ਰਹੇ ਮਾਤਾ ਗੰਗਾ ਖਾਲਸਾ ਕਾਲਜ, ਮੰਜੀ ਸਾਹਿਬ, ਕੋਟਾਂ ਦੇ ਜੁਆਲੋਜੀ ਵਿਭਾਗ ਵੱਲੋਂ ਗਣਿਤ ਵਿਭਾਗ ਅਤੇ ਰਸਾਇਣ ਵਿਭਾਗ ਦੇ ਸਹਿਯੋਗ ਨਾਲ ਜੈਵਿਕ ਖੇਤੀ, ਪਸ਼ੂ ਪਾਲਣ ਅਤੇ ਪਾਣੀ ਬਚਾਉਣ ਤੇ ਐਕਸਟੈਂਸ਼ਨ ਲੈਕਚਰ ਕਰਵਾਇਆ ਗਿਆ। ਇਹ ਐਕਸਟੈਂਸ਼ਨ ਲੈਕਚਰ ਬਲਜਿੰਦਰ ਸਿੰਘ ਸੇਖੋਂ, ਸੁਪਰਡੈਂਟ ਮਾਤਾ ਗੰਗਾ ਖਾਲਸਾ ਕਾਲਜ ਮੰਜੀ ਸਾਹਿਬ ਕੋਟਾਂ ਦੁਆਰਾ ਦਿੱਤਾ ਗਿਆ। ਉਹ ਆਪਣੇ ਖੇਤਾਂ ਅਤੇ ਡੇਅਰੀ ਫਾਰਮ ਦੋਹਾਂ ਵਿੱਚ ਸਾਰੀਆਂ ਜੈਵਿਕ ਤਕਨੀਕਾਂ ਨੂੰ ਲਾਗੂ ਕਰ ਰਹੇ ਹਨ। ਉਨ੍ਹਾ ਵਿਦਿਆਰਥੀਆਂ ਨੂੰ ਵੱਖ-ਵੱਖ ਜੈਵਿਕ ਕੀਟਨਾਸ਼ਕ ਤਿਆਰ ਕਰਨ ਬਾਰੇ ਜਾਣੂ ਕਰਾਇਆ। ਉਹਨਾਂ ਨੇ ਅਸਲੀ ਅਤੇ ਸਿੰਥੈਟਿਕ ਦੁੱਧ ਦੀ ਪਛਾਣ ਬਾਰੇ ਵੀ ਵਿਦਿਆਰਥੀਆਂ ਨੂੰ ਦੱਸਿਆ। ਇਸ ਤੋਂ ਇਲਾਵਾ ਸੇਖੋਂ ਨੇ ਵਿਦਿਆਰਥੀਆਂ ਨੂੰ ਪਾਣੀ ਦੀ ਸੰਭਾਲ ਦੇ ਤਰੀਕੇ ਬਾਰੇ ਵੀ ਦੱਸਿਆ। ਉਨ੍ਹਾ ਦੱਸਿਆ ਕਿ ਕਿਹੜੀਆਂ ਫਸਲਾਂ ਬੀਜ ਕੇ ਪਾਣੀ ਨੂੰ ਬਚਾਇਆ ਜਾ ਸਕਦਾ ਹੈ। ਇਸ ਮੌਕੇ ਪ੍ਰੋਫੈਸਰ ਬਲਜੀਤ ਕੌਰ ਨੇ ਵੀ ਵਿਦਿਆਰਥੀਆਂ ਨੂੰ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਹੋਣ ਵਾਲੇ ਖਤਰਿਆਂ ਬਾਰੇ ਜਾਗਰੂਕ ਕੀਤਾ। ਡਾ. ਅੰਮ੍ਰਿਤ ਕੌਰ ਬਾਂਸਲ, ਮੁਖੀ, ਜੁਆਲੋਜੀ ਵਿਭਾਗ ਵੱਲੋਂ ਬਲਜਿੰਦਰ ਸਿੰਘ ਦਾ ਮਹੱਤਵਪੂਰਨ ਜਾਣਕਾਰੀ ਦੇਣ 'ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰੋਫੈਸਰ ਮਨਜੀਤ ਕੌਰ ਭੱਟੀ,ਪ੍ਰੋਫੈਸਰ ਬਲਜੀਤ ਕੌਰ, ਡਾ. ਰੂਪਾ ਕੌਰ, ਪ੍ਰੋਫੈਸਰ ਹਰਿੰਦਰ ਕੌਰ, ਗੁਰਵਿੰਦਰ ਕੌਰ, ਪ੍ਰੋਫੈਸਰ ਪਵਨਜੀਤ ਕੌਰ ਹਾਜ਼ਰ ਸਨ। ਪ੍ਰਿੰ. ਡਾ. ਗਗਨਦੀਪ ਸਿੰਘ ਨੇ ਜੁਆਲੋਜੀ, ਗਣਿਤ ਅਤੇ ਕੈਮਿਸਟਰੀ ਵਿਭਾਗਾਂ ਦੇ ਇਸ ਯਤਨ ਦੀ ਸ਼ਲਾਘਾ ਕੀਤੀ।

## ਟੰਡਨ ਇੰਟਰਨੈਸ਼ਨਲ ਸਕੂਲ 'ਚ ਤੀਸਰਾ ਸਕਾਲਰਸ਼ਿਪ ਟੈਸਟ



**ਬਰਨਾਲਾ (ਰਜਿੰਦਰ ਬਰਾੜ, ਰਾਕੇਸ਼ ਨੀਟਾ)**-ਇਲਾਕੇ ਦੀ ਮੰਨੀ ਪ੍ਰਮੰਨੀ ਸੰਸਥਾ ਟੰਡਨ ਇੰਟਰਨੈਸ਼ਨਲ ਸਕੂਲ ਬਰਨਾਲਾ ਜ਼ਿਲ੍ਹੇ ਦਾ ਪਹਿਲਾ ਸਕੂਲ ਬਣ ਗਿਆ ਹੈ, ਜੋ ਬੱਚਿਆਂ ਨੂੰ ਯੋਗਿਤਾ ਅਧਾਰ 'ਤੇ ਸਕੌਲਰਸ਼ਿਪ ਦੇ ਰਿਹਾ ਹੈ। ਸਕੂਲ ਦੀ ਪ੍ਰਿੰਸੀਪਲ ਡਾਕਟਰ ਸ਼ਰੂਤੀ ਸ਼ਰਮਾ ਤੇ ਵਾਈਸ ਪ੍ਰਿੰਸੀਪਲ ਸ਼ਾਲਿਨੀ ਕੌਸ਼ਲ ਨੇ ਇਸ ਦੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਅੱਜ ਟੰਡਨ ਇੰਟਰਨੈਸ਼ਨਲ ਸਕੂਲ ਵਿੱਚ 50 ਬੱਚੇ ਸਕੌਲਰਸ਼ਿਪ ਹਾਸਿਲ ਕਰਕੇ ਪੜ੍ਹਾਈ ਕਰ ਰਹੇ ਹਨ ਤੇ ਅਪਣੇ ਭਵਿੱਖ ਲਈ ਇਕ ਚੰਗਾ ਸਕੂਲ ਚੁਣ ਕੇ ਅੱਗੇ ਵਧ ਰਹੇ ਹਨ। ਜੋ ਬੱਚਿਆਂ ਦੇ ਮਾਂ-ਬਾਪ ਪ੍ਰਾਈਵੇਟ ਸਕੂਲ ਦੀ ਫੀਸ ਨਹੀਂ ਭਰ ਸਕਦੇ, ਉਨ੍ਹਾਂ ਲਈ ਇਹ ਇਕ ਬਹੁਤ ਵਧੀਆ ਉਪਰਾਲਾ ਟੰਡਨ ਸਕੂਲ ਦਾ ਹੈ, ਜਿੱਥੇ ਬੱਚੇ ਸਕੌਲਰਸ਼ਿਪ ਹਾਸਲ ਕਰਦੇ ਹਨ। ਟੰਡਨ ਇੰਟਰਨੈਸ਼ਨਲ ਸਕੂਲ ਅੱਜ ਪ੍ਰਾਈਵੇਟ ਸਕੂਲ ਵਿੱਚੋਂ ਪਹਿਲਾ ਇਕਲੌਤਾ ਸਕੂਲ ਹੈ, ਜਿਸ ਨੇ ਪਹਿਲੇ ਅਕਦਮਿਕ ਸੈਸ਼ਨ 2022-23 ਵਿੱਚ ਬਹੁਤ ਸਾਰੇ ਬੱਚਿਆਂ ਨੂੰ ਸਕੌਲਰਸ਼ਿਪ ਦਿੱਤੀ ਹੈ ਅਤੇ ਅੱਜ ਸਾਰੇ ਸ਼ਹਿਰ ਵਿੱਚ ਟੰਡਨ ਸਕੂਲ ਦੇ ਇਸ ਕਦਮ ਦੀ ਚਰਚਾ ਤੇ ਸ਼ਲਾਘਾ ਹੋ ਰਹੀ ਹੈ। ਅੱਜ ਦੂਸਰੇ ਅਕਦਮਿਕ ਸੈਸ਼ਨ 2023-24 ਲਈ ਤੀਸਰਾ ਸਕੌਲਰਸ਼ਿਪ ਟੈਸਟ ਲਿਆ ਗਿਆ ,ਜਿਸ ਦੇ ਵਿੱਚ 200 ਦੇ ਕਰੀਬ ਬੱਚਿਆਂ ਨੇ ਭਾਗ ਲਿਆ, ਜੋ ਕਿ ਵੱਖ ਵੱਖ ਸਕੂਲ ਤੋਂ ਆਏ ਸਨ। ਸਕੌਲਰਸ਼ਿਪ ਟੈਸਟ ਲਈ ਬੱਚਿਆਂ ਵਿੱਚ ਬਹੁਤ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਟੈਸਟ ਦਾ ਮਕਸਦ ਬੱਚਿਆਂ ਨੂੰ ਇਕ ਚੰਗਾ ਭਵਿੱਖ ਦੇਣ ਲਈ ਤੇ ਬੱਚਿਆਂ ਨੂੰ ਚੰਗੀ ਪੜ੍ਹਾਈ ਦੇਣਾ ਹੈ। ਸਕੂਲ ਦੇ ਡਾਇਰੈਕਟਰ ਸ਼ਿਵ ਸਿੰਗਲਾ ਨੇ ਕਿਹਾ ਕਿ ਟੰਡਨ ਇੰਟਰਨੈਸ਼ਨਲ ਸਕੂਲ ਅਪਣੇ ਪਹਿਲੇ ਅਕਦਮਿਕ ਸੈਸ਼ਨ ਵਿੱਚ ਹੀ ਇਲਾਕੇ 'ਚ ਆਪਣੀ ਵੱਖਰੀ ਪਹਿਚਾਣ ਬਣਾ ਚੁੱਕਾ ਹੈ। ਉਨ੍ਹਾ ਕਿਹਾ ਕਿ ਸਕੌਲਰਸ਼ਿਪ ਦਾ ਮੁੱਖ ਉਦੇਸ਼ ਬੱਚਿਆਂ ਅੰਦਰ ਛੁਪੀ ਆਪਣੀ ਕਾਬਲੀਅਤ ਨੂੰ ਪਹਿਚਾਨਣਾ ਹੈ, ਕਿਉਂਕਿ ਇਹ ਜ਼ਰੂਰੀ ਹੈ ਕਿ ਬੱਚੇ ਇਸ ਪ੍ਰਕਾਰ ਦੇ ਟੈਸਟ ਵਿੱਚ ਭਾਗ ਲੈਣ ਤੇ ਆਉਣ ਵਾਲੇ ਭਵਿੱਖ 'ਚ ਕਾਮਯਾਬ ਹੋਣ।

## ਖੇਡਾਂ ਸਿਹਤਮੰਦ ਸਮਾਜ ਦੀ ਸਿਰਜਣਾ 'ਚ ਵੱਡਾ ਰੋਲ ਅਦਾ ਕਰਦੀਆਂ : ਰਵਿੰਦਰ ਕੌਰ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਖੇਡਾਂ ਜਿੱਥੇ ਸਾਡੇ ਅੰਦਰ ਪਿਆਰ ਤੇ ਭਾਈਚਾਰਕ ਸਾਂਝ ਪੈਦਾ ਕਰਦੀਆਂ ਹਨ, ਉਥੇ ਹੀ ਇੱਕ ਸਿਹਤਮੰਦ ਸਮਾਜ ਦੀ ਸਿਰਜਣਾ ਕਰਨ ਵਿੱਚ ਵੱਡਾ ਰੋਲ ਅਦਾ ਕਰਦੀਆਂ ਹਨ ਤੇ ਖੇਡਾਂ ਨਾਲ ਹੀ ਖ਼ਿਡਾਰੀ ਆਪਣੀ ਅਤੇ ਆਪਣੇ ਦੇਸ਼ ਦੀ ਪਛਾਣ ਪੂਰੀ ਦੁਨੀਆਂ 'ਚ ਬਣਾਉਣ 'ਚ ਅਹਿਮ ਰੋਲ ਅਦਾ ਕਰਦੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਵਿਧਾਇਕ ਰਜਿੰਦਰ ਸਿੰਘ ਦੀ ਧਰਮਪਤਨੀ ਮੈਡਮ ਰਵਿੰਦਰ ਕੌਰ ਨੇ ਬਾਬਾ ਬੰਦਾ ਸਿੰਘ ਬਹਾਦਰ ਯੂਥ ਕਲੱਬ ਫਤਿਹਪੁਰ ਵੱਲੋਂ ਐੱਨ ਆਰ ਆਈ ਲੱਖਾ ਢੋਟ ਤੇ ਕਲੱਬ ਪ੍ਰਧਾਨ ਸਿਮਰਨ ਢੋਟ ਦੀ ਅਗਵਾਈ ਹੇਠ ਕਰਵਾਏ ਕਬੱਡੀ ਕੱਪ ਤੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਉਪਰੰਤ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰ. ਹਰਚੰਦ ਸਿੰਘ ਬਰਸਟ ਦੇ ਸਪੁੱਤਰ ਗਗਨ ਬਰਸਟ ਨੇ ਕਿਹਾ ਕਿ ਖੇਡਾਂ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਹਨ, ਜੋ ਸਾਡੇ ਸਰੀਰ ਨੂੰ ਰੋਗ ਮੁਕਤ ਤੇ ਤੰਦਰੁਸਤ ਰੱਖਣ 'ਚ ਸਹਾਈ ਹੁੰਦੀਆਂ ਹਨ, ਇਸ ਲਈ ਨੌਜਵਾਨਾਂ ਨੂੰ ਨਸ਼ਿਆਂ ਦਾ ਤਿਆਗ ਕਰਕੇ ਵੱਧ ਤੋਂ ਵੱਧ ਖੇਡਾਂ ਨਾਲ ਜੁੜਨਾ ਚਾਹੀਦਾ ਹੈ। ਇਸ ਮੌਕੇ ਮਨੁੱਖਤਾ ਦੀ ਸੇਵਾ ਸਮਾਜ ਭਲਾਈ ਸੰਸਥਾ ਤੋਂ ਪਾਲ ਖਰੌੜ ਲਚਕਾਣੀ, ਬਾਬਾ ਰਣਜੋਧ ਸਿੰਘ, ਨਗਰ ਕੌਂਸਲ ਪ੍ਰਧਾਨ ਅਸ਼ਵਨੀ ਗੁਪਤਾ, ਯਾਦਵਿੰਦਰ ਸਿੰਘ ਧਨੌਰੀ, ਮੰਗਤ ਮਵੀਂ, ਦੀਪੂ ਬਾਲੀ ਤੇ ਸਚਿਨ ਕੰਬੋਜ, ਵਿੱਕੀ ਢੋਟ, ਰੋਮਨ ਢੋਟ, ਜੋਜ ਢੋਟ, ਜੋਤੀ ਢੋਟ, ਮਨਿੰਦਰ ਢਿੱਲੋਂ, ਹਿੱਟੂ ਜੋਸ਼ਨ, ਬੱਗਾ ਨੰਬਰਦਾਰ, ਰਾਣਾ ਢਿੱਲੋਂ, ਹੀਰਾ ਮਠਾੜੂ, ਜਸਪਾਲ ਸਿੰਘ, ਜਤਿੰਦਰ ਭੰਡ, ਗੀਤਾ ਸਾਗਰਾ, ਵਿਸ਼ਾਲ ਢੋਟ, ਅਮਨ ਢੋਟ, ਪ੍ਰਿੰਸ ਢੋਟ ਤੇ ਜੱਜ ਢਿੱਲੋਂ ਆਦਿ ਮੌਜੂਦ ਰਹੇ।

## ਸਾਹਿਤ ਸਭਾ ਧੂਰੀ ਵੱਲੋਂ ਸ਼ਹੀਦਾਂ ਨੂੰ ਸਮਰਪਤ ਸਮਾਗਮ



**ਧੂਰੀ (ਸੁਖਦੇਵ ਧੂਰੀ)**-ਸਾਹਿਤ ਸਭਾ ਧੂਰੀ ਵੱਲੋਂ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਸ਼ਹੀਦੀ ਨੂੰ ਸਮਰਪਤ ਸਮਾਗਮ ਸੁਰਿੰਦਰ ਸ਼ਰਮਾ ਨਾਗਰਾ ਦੀ ਪ੍ਰਧਾਨਗੀ ਹੇਠ ਮਾਲਵਾ ਖਾਲਸਾ ਸੀ: ਸੈਕੰ: ਸਕੂਲ ਧੂਰੀ ਵਿਖੇ ਕਰਵਾਇਆ। ਇਸ ਮੌਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਯਾਦ ਕਰਦਿਆਂ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਅਮਰ ਸਿੰਘ ਕਵੀਸ਼ਰ, ਹੰਸ ਰਾਜ ਗਰਗ, ਰਾਮ ਸਰੂਪ, ਡਾ: ਹਰਪਾਲ ਭੜੀ, ਨਾਹਰ ਸਿੰਘ ਮੁਬਾਰਕਪੁਰੀ, ਹਮੀਰ ਖਾਂ ਨੇ ਆਪਣੀਆਂ ਰਚਨਾਵਾਂ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਮਾਗਮ ਦੌਰਾਨ ਉਸਤਾਦ ਗਜ਼ਲਗੋ ਰਣਜੀਤ ਸਿੰਘ ਧੂਰੀ ਦੀ ਪੁਸਤਕ 'ਵਿਹਾਰਕ ਪੰਜਾਬੀ ਵਿਆਕਰਣ ' ਲੋਕ ਅਰਪਣ ਕੀਤੀ ਗਈ, ਜਿਸ ਉੱਪਰ ਪਵਨ ਹਰਚੰਦਪੁਰੀ ਨੇ ਪੇਪਰ ਪੜ੍ਹਿਆ। ਇਸ ਪੇਪਰ 'ਤੇ ਸੁਖਦੇਵ ਸਿੰਘ ਔਲਖ, ਸੰਤ ਸਿੰਘ ਬੀਹਲਾ, ਸੁਖਦੇਵ ਸ਼ਰਮਾ ਧੂਰੀ, ਡਾ: ਰਾਕੇਸ਼ ਸ਼ਰਮਾ ਮਾਲੇਰਕੋਟਲਾ, ਗੁਲਜ਼ਾਰ ਸਿੰਘ ਸ਼ੌਂਕੀ ਤੇ ਸੁਰਿੰਦਰ ਸ਼ਰਮਾ ਨਾਗਰਾ ਨੇ ਚਰਚਾ ਕੀਤੀ। ਡਾ: ਰਜਿੰਦਰ ਪਾਲ, ਫਕੀਰ ਸਿੰਘ, ਜਗਦੇਵ ਸ਼ਰਮਾ ਬੁਗਰਾ, ਗਗਨਦੀਪ ਬੁਗਰਾ, ਰਾਮ ਸਰੂਪ, ਤਵਿੰਦਰ ਮਾਹੀ, ਕੁਲਵਿੰਦਰ ਸਿੰਘ ਤੇ ਸੁਖਵਿੰਦਰ ਮੂਲੋਵਾਲ, ਅਸ਼ੋਕ ਭੰਡਾਰੀ, ਕਾਮਰੇਡ ਰਮੇਸ਼ ਜੈਨ, ਸਤਪਾਲ ਪ੍ਰਾਸ਼ਰ, ਸ਼ੇਰ ਸਿੰਘ, ਸ਼ਾਇਰ ਭੱਟੀ, ਰਣਜੀਤ ਸਿੰਘ ਕਾਲਾਬੂਲਾ, ਮਨਦੀਪ ਕੌਰ, ਤਰਨਜੀਤ ਕੌਰ, ਸੋਹਣ ਸਿੰਘ ਬੈਨੀਵਾਲ, ਸੁਖਵਿੰਦਰ ਲੋਟੇ ਤੇ ਰਣਜੀਤ ਸਿੰਘ ਪ੍ਰਜਾਪਤ ਨੇ ਆਪਣੀਆ ਰਚਨਾਵਾਂ ਪੇਸ਼ ਕਰਕੇ ਪੂਰਾ ਰੰਗ ਬੰਨ੍ਹਿਆ। ਸਾਹਿਤ ਸਭਾ ਧੂਰੀ ਵੱਲੋਂ ਸ਼ਾਲ ਤੇ ਸਨਮਾਨ ਚਿੰਨ੍ਹ ਦੇ ਕੇ ਉਸਤਾਦ ਗਜ਼ਲਗੋ ਰਣਜੀਤ ਸਿੰਘ ਧੂਰੀ ਦਾ ਸਨਮਾਨ ਕੀਤਾ। ਪ੍ਰੋਗਰਾਮ ਦੀ ਸਮਾਪਤੀ ਮੌਕੇ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸੁਖਦੇਵ ਸ਼ਰਮਾ ਧੂਰੀ ਨੇ ਆਏ ਹੋਏ ਸਾਰੇ ਕਵੀਆਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਸਭਾ ਦੇ ਜਨਰਲ ਸਕੱਤਰ ਸੰਤ ਸਿੰਘ ਬੀਹਲਾ ਨੇ ਬਾਖੂਬੀ ਨਿਭਾਈ।

## ਢੱਡਰੀਆਂ 'ਚ ਕ੍ਰਿਕਟ ਟੂਰਨਾਮੈਂਟ ਕੱਪ



**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅਤਰੀ)**-ਸਿਹਤਮੰਦ ਸਮਾਜ ਦੀ ਸਿਰਜਣਾ ਲਈ ਨੌਜਵਾਨਾਂ ਦਾ ਖੇਡਾਂ ਵੱਲ ਰੁਝਾਨ ਹੋਣਾ ਬੇਹੱਦ ਜ਼ਰੂਰੀ ਹੈ ਅਤੇ ਇਸ ਉਦੇਸ਼ ਨੂੰ ਮੁੱਖ ਰੱਖਦਿਆਂ ਨੌਜਵਾਨਾਂ ਨੂੰ ਖੇਡਾਂ ਵੱਲ ਆਕਰਸ਼ਿਤ ਕਰਨ ਲਈ ਪਿੰਡਾਂ 'ਚ ਟੂਰਨਾਮੈਂਟ ਕਰਵਾਉਣਾ ਬੇਹੱਦ ਸ਼ਲਾਘਾਯੋਗ ਉਪਰਾਲਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸੀਨੀਅਰ ਆਗੂ ਸ਼ਾਹਬਾਜ ਸਿੰਘ ਡਸਕਾ ਨੇ ਪਿੰਡ ਢੱਡਰੀਆਂ ਵਿਖੇ ਯੂਥ ਸਪੋਰਟਸ ਕਲੱਬ ਵੱਲੋਂ ਕਰਵਾਏ ਗਏ ਕ੍ਰਿਕਟ ਟੂਰਨਾਮੈਂਟ ਮੌਕੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕੀਤਾ। ਡਸਕਾ ਪਾਰਟੀ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਦੀ ਤਰਫੋਂ ਟੂਰਨਾਮੈਂਟ ਵਿੱਚ ਹਾਜ਼ਰੀ ਲਵਾਉਣ ਲਈ ਸਾਥੀਆਂ ਸਮੇਤ ਪੁੱਜੇ ਸਨ। ਇਸ ਮੌਕੇ ਉਨ੍ਹਾ ਕਲੱਬ ਨੂੰ 11 ਹਜ਼ਾਰ ਰੁਪਏ ਦੀ ਆਰਥਕ ਸਹਾਇਤਾ ਵੀ ਪ੍ਰਦਾਨ ਕੀਤੀ। ਡਸਕਾ ਨੇ ਕਿਹਾ ਜੇਕਰ ਪੰਜਾਬ ਵਿੱਚ ਪੂਰੀ ਤਰ੍ਹਾਂ ਨਸ਼ਿਆਂ ਨੂੰ ਮਾਤ ਪਾਉਣੀ ਹੈ ਤਾਂ ਹਰ ਪਿੰਡ 'ਚ ਅਜਿਹੇ ਟੂਰਨਾਮੈਂਟ ਨਿਰੰਤਰ ਜਾਰੀ ਰਹਿਣੇ ਚਾਹੀਦੇ ਹਨ। ਉਨ੍ਹਾ ਟੂਰਨਾਮੈਂਟ ਦੇ ਆਯੋਜਕਾਂ ਨੂੰ ਸ਼੍ਰੋਮਣੀ ਅਕਾਲੀ ਦਲ (ਅ) ਵੱਲੋਂ ਭਵਿੱਖ ਵਿੱਚ ਵੀ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿਵਾਉਂਦਿਆਂ ਕਿਹਾ ਕਿ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਪੰਜਾਬ ਦੀ ਨੌਜਵਾਨੀ ਦੇ ਭਵਿੱਖ ਨੂੰ ਲੈ ਕੇ ਅਕਸਰ ਫਿਕਰਮੰਦ ਰਹਿੰਦੇ ਹਨ। ਇਸੇ ਕਰਕੇ ਉਨ੍ਹਾਂ ਵੱਲੋਂ ਆਪਣੇ ਐਮ ਪੀ ਕੋਟੇ ਵਿੱਚੋਂ ਵੱਖ-ਵੱਖ ਪਿੰਡਾਂ ਵਿੱਚ ਓਪਨ ਜਿੰਮਾਂ ਲੱਗਵਾਈਆਂ ਜਾ ਰਹੀਆਂ ਹਨ, ਤਾਂ ਜੋ ਨੌਜਵਾਨਾਂ ਦੀ ਧਿਆਨ ਆਪਣੀ ਸਿਹਤ ਬਣਾਉਣ ਵੱਲ ਆਕਰਸ਼ਤ ਰਹੇ।

## ਇੰਗਲਿਸ਼ ਸਟੂਡੀਓ ਨੇ ਲਗਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਇੰਗਲਿਸ਼ ਸਟੂਡੀਓ ਸੰਸਥਾ ਜੋ ਕਿ ਕੋਟਕਪੂਰਾ ਰੋਡ 'ਤੇ ਬਾਘਾ ਪੁਰਾਣਾ ਵਿਖੇ ਪੈਟਰੋਲ ਪੰਪ ਦੇ ਸਾਹਮਣੇ ਹੈ, ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਅਤੇ ਬੁਨਿਆਦੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ। ਇਸ ਵਾਰ ਇਸ ਸੰਸਥਾ ਨੇ ਵਿਦਿਆਰਥਣ ਇੰਦਰਜੀਤ ਕੌਰ ਪੁੱਤਰੀ ਜਸਬੀਰ ਸਿੰਘ ਵਾਸੀ ਖੋਟੇ ਮੋਗਾ ਦਾ ਕੈਨੇਡਾ ਦਾ ਸਟੱਡੀ ਵੀਜ਼ਾ 4 ਸਾਲ ਦੇ ਗੈਪ ਅਤੇ ਦੋ ਰਿਫਿਊਜ਼ਲ ਦੇ ਹੁੰਦੇ ਹੋਏ ਵਸਟਿਨ ਕਮਿਊਨਿਟੀ ਕਾਲਜ ਸਰੀ ਵੈਨਕੋਵਰ ਕੈਨੇਡਾ ਦਾ ਲਗਵਾਇਆ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਅਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।


## Lost & Found

I PARSHOTAM ANAND S/O HARNRIAN ANAND R/O HOUSE NO 102, I/S HATHI GATE, KATRA MOTI RAM AMRITSARHAVE DECLARED THAT That I want to get the following documents from Suvida Kendra Distt. Courts Complex, Amritsar.Details of documents are as under :-1. Original and Certified copy of Tabadlanama deed registered on dt: 30.01.2014 vide deed number 12881, bahi number 1. Jild number 5822, page number 13/14 in favor of Kulwindpal Kaur w/o Narinder Singh and Smt Shakshi Anand wl o Raghav Anand executed by Parvinder Singh S/o Sukhbir Singh & Lakhbinder Singh, Kirpal Singh, Mukhtar Kaur Sons/Wife of Major Singh & Balbir Singh S/o Teja Singh & Vijay Mahajan (HUF Katra Vijay Mahajan) S/o Om Parkash (1/4th share Anil Kumar S/o Des Raj & Vijay Kumar S/o Kasturi Lal & Ramesh Puri S/o Babu Ram (1/4"Share). 2. Original and Certified copy of Tabadlanama deed registered on dt: 30.01. 2014 vide deed number 5822, page number 15/16 in favor of Kulwindpal Kaur w/o Narinder Singh and SMt Shakshi Anand w/o Raghav Anand executed by Parvinder Singh S/o Sukhbir Singh & Lakhwinder Singn Kirpal Singh, Mukhtar Kaur son/wife of Major Singh & Balbir Singh S/o Teja Singh & Vijay Mahajan (HUF Katra Vijay Mahajan) S/o Om Parkash (1/4 share) Anil Kumar S/o Des Raj & Vijay Kumar S/o Kasturi Lal & Rameshpuri S/o Babu Ram(1/4th share).Original and Certified copy of Tabdil Malkiat deed registered on dt: 03.02.2016 vide deed number 14272, bahi number 1, jild number 6576 in favor of Raghav Anand S/o Parshotam Anand executed by Shakshi Anand w/o Raghav Anand in favor of Raghav Anand S/o Parshotam Anand Original and Certified copy of Tabdil Malkiat deed for area measuring 1/2 share of 605 yard registered on dt: 18.07.2016 vide deed number 5577, bahi number 1, jild number 6786, page 34/35 in favor of Parshotam Anand S/o Harnrian Anand executed by Raghav Anand Slo Parshotarn Anand Original and Certified copy of Sale deed for area measuring 1/4th of 605 sq yard registered on dt: 26.07.2016 vide deed number 5996, bahi number 1, jild number 6797, page 91/92 in favor of kiran Anand w/o Parshotam Anand executed by Kulwinder Pal Kaur w/o Narinder Singh SD:- PARSHOTAM ANAND Attested a Per Photo Executive Magistrate Amritsar above said deeds has been lost

Now above said deeds being chain are mortgaged to punjab national bank.If any one has objection /claim regarding it, To be filed with in 30 days



ਉੱਤਰ ਰੇਲਵੇ

ਪਹਿਲਾ ਸ਼ੁਧੀ ਪੱਤਰ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਨਿਵਿਦਾ ਸੂਚਨਾ ਕ੍ਰਮਾਂਕ 74-W-1-1-232-MEX-TLR
ਮਿਤੀ 22.03.2023 ਦਾ ਪਹਿਲਾ ਸ਼ੁਧੀ ਪੱਤਰ

| | |
|---|---|
| ਨਿਵਿਦਾ ਸੂਚਨਾ ਨੰ. ਅਤੇ ਮਿਤੀ | 74-ਡਬਲਯੂ-1-1-232-ਐਮਈਐਕਸ-ਟੀਐਲਆਰ, ਮਿਤੀ 22.03.2023 |
| ਕੰਮ ਦਾ ਨਾਮ ਅਤੇ ਸਥਾਨ | ਮੁਕੇਰਿਆਂ-ਤਲਵਾੜਾ ਤੋਂ ਨਵੀਂ ਲਾਈਨ ਦੇ ਨਿਰਮਾਣ ਦੇ ਲਈ ਪਰਿਯੋਜਨਾ ਪ੍ਰਯਵੇਸ਼ਨ ਸੇਵਾ (ਪੀਐਸਐਸ) ਪ੍ਰਦਾਨ ਕਰਨ ਦੇ ਲਈ ਪਰਿਯੋਜਨਾ ਪ੍ਰਯਵੇਸ਼ਨ ਸੇਵਾ ਏਜੰਸੀ ਦੀ ਨਿਯੁਕਤੀ ਦੇ ਲਈ ਪ੍ਰਸਤਾਵ ਦੇ ਲਈ ਅਨੁਰੋਧ (ਆਰਐਫਪੀ) ਜਿਸ ਵਿਚ ਅਰਥ ਵਰਕ, ਪੁਲ, ਰਿਟੇਨਿੰਗ ਵਾਲ, ਆਰਯੂਬੀ/ਐਲਐਚਐਸ, ਸਟੇਸ਼ਨ ਭਵਨ ਅਵਾਸੀ ਕਵਾਟਰ ਟ੍ਰੈਕ ਸ਼ਾਮਲ ਹਨ। ਕੰਮ, ਬਿਜਲੀ ਕੰਮ, ਓਵਰਹੇਡ ਬਿਜਲੀ ਕਰਸ਼ਨ ਕੰਮ ਅਤੇ ਹੋਰ ਸਬੰਧ ਕੰਮ। |

ਫਿਜ਼ਿਕਲ ਪ੍ਰੀ-ਬਿਡ ਕਾਨਫਰੰਸ 28.03.2023 ਨੂੰ 11:30 ਵਜੇ ਮੁੱਖ ਪਰਿਯੋਜਨਾ ਪ੍ਰਬੰਧਕ (ਸੀਪੀਐਸ) ਉਤਰ ਰੇਲਵੇ, ਚੰਡੀਗੜ੍ਹ ਰੇਲਵੇ ਸਟੇਸ਼ਨ ਦੇ ਦਫਤਰ ਵਿਚ ਆਯੋਜਿਤ ਕੀਤੀ ਜਾਏਗੀ। 1. ਇਛੁਕ ਬੋਲੀਕਰਤਾ 28.03.2023 ਨੂੰ 11:30 ਵਜੇ ਵੀਡੀਓ ਕਾਨਫਰੰਸ (ਵੀਸੀ) ਦੇ ਮਾਧਿਅਮ ਨਾਲ ਨਿਮਨ ਲਿੰਕ ਦੇ ਮਾਧਿਅਕ ਤੋਂ ਵੀ ਪ੍ਰੀ-ਬਿਡ ਸ਼ਾਮਲ ਹੋ ਸਕਦੇ ਹਨ।

ਪ੍ਰੀ-ਬਿਡ ਕਾਨਫਰੰਸ https://railtel.webex.com/railtel/j.php?MTID=mf6d81e 66d52ec 75540fa13b6d7b9921d Tuesday, March 28, 2023 11:30 AM | 2 hours|(UTC+05:30) Chennai Kolkata, Mumbai, New Delhi.

ਬੈਠਕ ਨੰਬਰ 2512 316 8924 ਪਾਸਵਰਡ:2226974

ਆਈਆਰਈਪੀਐਸ ਨਿਯਮ ਅਤੇ ਸ਼ਰਤਾਂ ਦੀ ਹੋਰ ਸਾਰੀ ਸਮਗਰੀ ਅਬਦਲ ਰਹੇਗੀ।

74-ਡਬਲਯੂ-1-1-232-ਮੇਕਸ-ਟੀਐਲਆਰ, ਮਿਤੀ 27.03.2023 938/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਉੱਤਰ ਰੇਲਵੇ

ਨਿਵਿਦਾ ਸੂਚਨਾ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਤੋਂ ਕੰਮ ਕਰਦੇ ਸੀਏਓ/ਨਿਰਮਾਣ/ਐਨ.ਰੇਲ. ਹੇਠਾਂ ਲਿਖਤ ਕੰਮ ਦੇ ਲਈ ਦੋ ਪੈਕੇਟ ਪ੍ਰਣਾਲੀ ਦੇ ਤਹਿਤ ਖੁਲੀ ਈ-ਨਿਵਿਦਾ ਦੀ ਮੰਗ ਕਰਦਾ ਹੈ:

| | |
|---|---|
| ਕੰਮ ਦਾ ਨਾਮ ਅਤੇ ਸਥਾਨ | ਮੁਕੇਰਿਆਂ-ਤਲਵਾੜਾ ਤੋਂ ਨਵੀਂ ਲਾਈਨ ਦੇ ਨਿਰਮਾਣ ਦੇ ਲਈ ਪਰਿਯੋਜਨਾ ਪ੍ਰਯਵੇਸ਼ਨ ਸੇਵਾ (ਪੀਐਸਐਸ) ਪ੍ਰਦਾਨ ਕਰਨ ਦੇ ਲਈ ਪਰਿਯੋਜਨਾ ਪ੍ਰਯਵੇਸ਼ਨ ਸੇਵਾ ਏਜੰਸੀ ਦੀ ਨਿਯੁਕਤੀ ਦੇ ਲਈ ਪ੍ਰਸਤਾਵ ਦੇ ਲਈ ਅਨੁਰੋਧ (ਆਰਐਫਪੀ) ਜਿਸ ਵਿਚ ਅਰਥ ਵਰਕ, ਪੁਲ, ਰਿਟੇਨਿੰਗ ਵਾਲ, ਆਰਯੂਬੀ/ਐਲਐਚਐਸ, ਸਟੇਸ਼ਨ ਭਵਨ ਅਵਾਸੀ ਕਵਾਟਰ ਟ੍ਰੈਕ ਸ਼ਾਮਲ ਹਨ। ਕੰਮ, ਬਿਜਲੀ ਕੰਮ, ਓਵਰਹੇਡ ਬਿਜਲੀ ਕਰਸ਼ਨ ਕੰਮ ਅਤੇ ਹੋਰ ਸਬੰਧ ਕੰਮ। |
| ਲਗਭਗ ਕੰਮ ਦੀ ਲਾਗਤ | ₹3,66,09,323.73 |
| ਕੰਮ ਪੂਰਾ ਕਰਨ ਦਾ ਸਮਾਂ | 21 (ਇੱਕੀ) ਮਹੀਨੇ |
| ਅਗਾਊਂ ਧਨ ਜਮ੍ਹਾ ਕਰਨ ਦੇ ਲਈ ਘੱਟ ਤੋਂ ਘਟ ਧਨ | ₹3,33,100/- |
| ਰੇਲਵੇ ਵੈਬਸਾਈਟ 'ਤੇ ਨਿਵਿਦਾ ਦਸਤਾਵੇਜ਼ਾਂ ਦੀ ਵਿਕਰੀ/ ਉਪਲਬਧਤਾ | ਨਿਵਿਦਾ ਦਸਤਾਵੇਜ਼ ਆਈਆਰਈਪੀਐਸ 'ਤੇ ਉਪਲਬਧ ਹੋਣਗੇ। ਵੈਬਸਾਈਟ ਯਾਨੀ www.ireps.gov.in 22.03.2023 ਤੋਂ 18.04.2023 ਤਕ |
| ਪ੍ਰੀ-ਬਿਡ ਕਾਨਫਰੰਸ | ਮਿਤੀ 28.03.2023 ਨੂੰ 11:30 ਵਜੇ ਮੁਖ ਪਰਿਯੋਜਨਾ ਪ੍ਰਬੰਧਕ, ਉਤਰ ਰੇਲਵੇ, ਚੰਡੀਗੜ੍ਹ ਰੇਲਵੇ ਸਟੇਸ਼ਨ ਦੇ ਦਫਤਰ ਵਿਚ। |
| ਨਿਵਿਦਾ ਅਪਲੋਡ ਕਰਨ ਦੀ ਅੰਤਮ ਮਿਤੀ/ਸਮਾਂ | 18.04.2023 ਨੂੰ 11:30 ਵਜੇ ਤਕ। ਨਿਵਿਦਾ ਦਸਤਾਵੇਜ਼ਾਂ ਨੂੰ ਨਿਵਿਦਾਕਰਤਾ ਦੁਆਰਾ ireps website 'ਤੇ 04.04.2023 ਤੋਂ 18.04.2023 ਤਕ ਅਪਲੋਡ ਕੀਤਾ ਜਾ ਸਕਦਾ ਹੈ। |
| ਨਿਵਿਦਾ ਖੋਹਲਣ ਦੀ ਮਿਤੀ ਅਤੇ ਸਮਾਂ | 18.04.2023 ਨੂੰ 11:30 ਵਜੇ ਦੇ ਬਾਅਦ। ਵਿਸਤ੍ਰਿਤ ਨਿਵਿਦਾ ਸੂਚਨਾ ਦਫਤਰਾਂ ਦੇ ਨੋਟਿਸ ਬੋਰਡ ਤੇ ਵੀ ਦੇਖੀ ਜਾ ਸਕਦੀ ਹੈ। |

ਨੰ.: 74-W-1-1-232-MEX-TLR ਤਾਰੀਕ 22.03.2023 939/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਪੰਜਾਬ ਦੀ ਸ਼ਾਂਤੀ ਲਈ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਤਤਪਰ : ਗੋਲਡੀ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਰਕਾਰ ਵੱਲੋਂ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰਦਿਆਂ ਬੇਦੋਸ਼ਿਆਂ 'ਤੇ ਪਰਚੇ ਪਾ ਕੇ ਜੇਲ੍ਹਾਂ 'ਚ ਸੁੱਟਿਆ ਜਾ ਰਿਹਾ ਹੈ, ਜੋ ਕਿ ਪੰਜਾਬੀਆਂ ਦੀ ਭਾਈਚਾਰਕ ਸਾਂਝ ਨੂੰ ਖਤਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ, ਜੋ ਕਿ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਪੋਕਸਮੈਨ ਵਿਨਰਜੀਤ ਸਿੰਘ ਗੋਲਡੀ ਨੇ ਵਕੀਲ ਭਾਈਚਾਰੇ ਨਾਲ ਰੱਖੀ ਮੀਟਿੰਗ ਦੌਰਾਨ ਸਾਂਝੇ ਤੌਰ 'ਤੇ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਕਾਲੇ ਦੌਰ ਦੌਰਾਨ ਬੇਅੰਤ ਸਿੰਘ ਦੀ ਸਰਕਾਰ ਵੱਲੋਂ ਪੰਜਾਬ ਦੇ ਨੌਜਵਾਨਾਂ 'ਤੇ ਝੂਠੇ ਪੁਲਸ ਮੁਕਾਬਲੇ ਬਣਾ ਕੇ ਪੰਜਾਬ ਦੀ ਤਰੱਕੀ ਨੂੰ ਪਿੱਛੇ ਧੱਕਿਆ ਸੀ, ਉਹੀ ਹੁਣ ਦੀ ਭਗਵੰਤ ਮਾਨ ਦੀ ਸਰਕਾਰ ਵੱਲੋਂ ਇਸ ਤਰ੍ਹਾਂ ਦੇ ਫੈਸਲੇ ਲੈ ਕੇ ਕੀਤਾ ਜਾ ਰਿਹਾ ਹੈ। ਗੋਲਡੀ ਨੇ ਕਿਹਾ ਕਿ ਜੇ ਕੋਈ ਕਸੂਰਵਾਰ ਹੈ, ਉਸ ਨੂੰ ਸਜ਼ਾ ਦੇਵੇ, ਉਹ ਸਰਕਾਰ ਦਾ ਹੱਕ ਹੈ, ਪਰ ਜੇ ਸਰਕਾਰ ਬੇਦੋਸ਼ਿਆਂ ਨੂੰ ਸਜ਼ਾ ਦੇਵੇਗੀ ਤਾਂ ਸ਼੍ਰੋਮਣੀ ਅਕਾਲੀ ਦਲ ਉਨ੍ਹਾਂ ਬੇਦੋਸ਼ਿਆਂ ਲਈ ਬਿਨਾਂ ਕਿਸੇ ਖਰਚੇ ਤੋਂ ਆਪਣੇ ਵਕੀਲਾਂ ਰਾਹੀਂ ਕੇਸ ਲੜੇਗੀ। ਇਸ ਮੌਕੇ ਵਿਨਰਜੀਤ ਸਿੰਘ ਗੋਲਡੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਚੁਟਕਲਿਆਂ ਰਾਹੀਂ ਲੋਕਾਂ ਨੂੰ ਮੂਰਖ ਬਣਾ ਕੇ ਆਪਣੀ ਸਰਕਾਰ ਤਾਂ ਬਣਾ ਲਈ ਹੈ, ਪਰ ਉਹ ਖਰੀ ਉਤਰਦੀ ਸਾਬਿਤ ਨਹੀਂ ਹੋ ਰਹੀ। ਇਸ ਮੌਕੇ ਸੁਖਬੀਰ ਸਿੰਘ ਪੂਨੀਆ ਮੁੱਖ ਸਲਾਹਕਾਰ ਜ਼ਿਲ੍ਹਾ ਲੀਗਲ ਸੈੱਲ, ਰਣਧੀਰ ਸਿੰਘ ਭੰਗੂ ਪ੍ਰਧਾਨ ਜ਼ਿਲ੍ਹਾ ਲੀਗਲ ਸੈੱਲ, ਮਨਦੀਪ ਕੁਮਾਰ, ਆਰ ਐੱਸ ਹਮੀਰਪੁਰ, ਪ੍ਰਦੀਪ ਸ਼ਰਮਾ, ਮੁਹੰਮਦ ਉਮਰ, ਹਰਦੀਪ ਸਿੰਘ, ਤੇਜਬੀਰ ਸਿੰਘ ਵਿਰਕ, ਨਵਦੀਪ ਸਿੰਘ ਆਦਿ ਹਾਜ਼ਰ ਸਨ।

## ਸੂਬਾ ਸਰਕਾਰ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਵਚਨਬੱਧ : ਸਿੰਗਲਾ

**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਸਰਕਾਰ ਆਮ ਲੋਕਾਂ ਦੀਆਂ ਸਮੱਸਿਆਵਾਂ ਤੇ ਸ਼ਿਕਾਇਤਾਂ ਦਾ ਨਿਪਟਾਰਾ ਉਨ੍ਹਾਂ ਦੇ ਘਰਾਂ ਦੇ ਨੇੜੇ ਜਾ ਕੇ ਹੱਲ ਕਰਨ ਲਈ ਵਚਨਬੱਧ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਮਾਨਸਾ ਵਿਜੇ ਸਿੰਗਲਾ ਨੇ ਪਿੰਡ ਅਕਲੀਆ ਦੇ ਗੁਰੂ ਘਰ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਰਕਾਰ ਤੁਹਾਡੇ ਦੁਆਰ ਤਹਿਤ ਲਗਾਏ ਜਨ ਸੁਣਵਾਈ ਕੈਂਪ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ। ਵਿਧਾਇਕ ਵਿਜੇ ਸਿੰਗਲਾ ਨੇ ਕਿਹਾ ਕਿ ਲੋਕਾਂ ਦੇ ਕੀਮਤੀ ਸਮੇਂ ਅਤੇ ਧਨ ਦੀ ਬੱਚਤ ਕਰਨ ਵਿੱਚ ਇਹ ਕੈਂਪ ਲਾਭਦਾਇਕ ਸਾਬਤ ਹੋ ਰਹੇ ਹਨ। ਉਨ੍ਹਾ ਕਿਹਾ ਕਿ ਸੁਵਿਧਾ ਕੈਂਪ 'ਚ ਆਪਣੇ ਮਸਲੇ ਸ਼ਿਕਾਇਤਾਂ ਅਤੇ ਹੋਰ ਪ੍ਰਸ਼ਾਸਨਿਕ ਕੰਮ ਕਰਵਾਉਣ ਲਈ ਆਉਣ ਵਾਲੇ ਲੋਕਾਂ ਨੂੰ ਮੌਕੇ 'ਤੇ ਹੀ ਬਣਦੀ ਰਾਹਤ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਲੋਕਾਂ ਨੂੰ ਪਾਰਦਰਸ਼ੀ ਅਤੇ ਸੁਖਾਵੇਂ ਮਾਹੌਲ 'ਚ ਸਰਕਾਰੀ ਸੇਵਾਵਾਂ ਦਾ ਲਾਭ ਇੱਕੋ ਛੱਤ ਹੇਠ ਮੁਹੱਈਆ ਕਰਵਾਉਣ ਲਈ ਰਾਜ ਸਰਕਾਰ ਵਚਨਬੱਧ ਹੈ। ਪੰਜਾਬ ਸਰਕਾਰ ਤੁਹਾਡੇ ਦੁਆਰ ਮੁਹਿੰਮ ਤਹਿਤ ਇਸ ਕੈਂਪ 'ਚ ਮਾਲ ਵਿਭਾਗ, ਸਿਹਤ ਵਿਭਾਗ, ਪੰਚਾਇਤ ਵਿਭਾਗ , ਮਗਨਰੇਗਾ, ਸਮਾਜਕ ਸੁਰੱਖਿਆ, ਖੇਤੀਬਾੜੀ ਤੇ ਹੋਰ ਸਹਾਇਕ ਧੰਦਿਆਂ ਨਾਲ ਸੰਬੰਧਤ ਵਿਭਾਗ ਦੇ ਅਧਿਕਾਰੀਆਂ ਵੱਲੋਂ ਬਿਨੈਪੱਤਰਾਂ 'ਤੇ ਢੁੱਕਵੀਂ ਕਾਰਵਾਈ ਅਮਲ 'ਚ ਲਿਆਂਦੀ ਗਈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਿੰਡਾਂ 'ਚ ਰਹਿ ਰਹੇ ਆਮ ਲੋਕਾਂ ਦੀਆਂ ਨਿੱਜੀ ਅਤੇ ਸਾਂਝੀਆਂ ਸਮੱਸਿਆਵਾਂ ਦਾ ਹੱਲ ਜਨ ਸੁਣਵਾਈ ਕੈਂਪ ਲਗਾ ਕੇ ਕੀਤਾ ਜਾ ਰਿਹਾ ਹੈ। ਇਸ ਮੌਕੇ ਐਸ ਐਸ ਪੀ ਮਾਨਸਾ ਡਾ. ਨਾਨਕ ਸਿੰਘ, ਐਸ ਡੀ ਐਮ ਮਾਨਸਾ ਪ੍ਰਮੋਦ ਸਿੰਗਲਾ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀ ਵੀ ਮੌਜੂਦ ਸਨ ।

## ਝਾੜ ਸਾਹਿਬ ਕਾਲਜ ਦਾ 10+1 ਦਾ ਨਤੀਜਾ ਸ਼ਾਨਦਾਰ ਰਿਹਾ



**ਮਾਛੀਵਾੜਾ ਸਾਹਿਬ/ਸਮਰਾਲਾ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ/ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਦਾ 10+1 ਦੀਆਂ ਵਿਦਿਆਰਥਣਾਂ ਦਾ ਨਤੀਜਾ ਸ਼ਾਨਦਾਰ ਰਿਹਾ। ਮੈਡੀਕਲ ਗਰੁੱਪ ਦੀ ਅਰਸ਼ਪ੍ਰੀਤ ਕੌਰ ਨੇ 90.40 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ, ਰੂਪਪ੍ਰੀਤ ਕੌਰ ਨੇ 88 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜਾ ਤੇ ਤਰਨਪ੍ਰੀਤ ਕੌਰ ਨੇ 85.60 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਨਾਨ-ਮੈਡੀਕਲ ਗਰੁੱਪ ਦੀ ਵਿਦਿਆਰਥਣ ਸਪਨਾ ਰਾਣੀ ਨੇ 94.80 ਪ੍ਰਤੀਸ਼ਤ, ਦਿਲਪ੍ਰੀਤ ਕੌਰ ਨੇ 94.40 ਪ੍ਰਤੀਸ਼ਤ ਤੇ ਰਜਨੀਸ਼ ਕੌਰ ਨੇ 91.60 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਕਾਮਰਸ ਗਰੁੱਪ ਦੀ ਨਵਜੋਤ ਕੌਰ ਨੇ 85.20 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ, ਲਵਪ੍ਰੀਤ ਕੌਰ ਨੇ 81.20 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜਾ ਤੇ ਜਸ਼ਨਪ੍ਰੀਤ ਕੌਰ ਨੇ 80.20 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਆਰਟਸ ਗਰੁੱਪ ਦੀ ਕੁਲਦੀਪ ਕੌਰ ਨੇ 91 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ, ਪੁਨੀਤ ਕੌਰ ਨੇ 83.20 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜਾ ਤੇ ਪਰਮਜੀਤ ਕੌਰ ਨੇ 80.20 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਨਤੀਜੇ ਮੌਕੇ ਵਿਦਿਆਰਥਣਾਂ ਦੇ ਮਾਤਾ-ਪਿਤਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਤੇ ਕਾਲਜ ਦੇ ਲੋਕਲ ਕਮੇਟੀ ਸਾਹਿਬਾਨਾਂ ਨੇ ਇਸ ਪ੍ਰਾਪਤੀ 'ਤੇ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਸ਼ੁਭ ਇੱਛਾਵਾਂ ਦਿੰਦੇ ਹੋਏ ਕਿਹਾ ਕਿ ਵਿਦਿਆਰਥਣਾਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਕੇ ਆਪਣੀ ਸੰਸਥਾ ਦਾ ਨਾਮ ਰੌਸ਼ਨ ਕਰਨਗੀਆਂ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਇਲਾਕੇ ਦੀਆਂ ਵਿਦਿਆਰਥਣਾਂ ਕਾਲਜ ਨਾਲ ਜੁੜ ਕੇ ਕਾਲਜ ਵੱਲੋਂ ਸਿੱਖਿਆ ਸਬੰਧੀ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦਾ ਫਾਇਦਾ ਉਠਾ ਕੇ ਮੁਕਾਬਲੇ ਦੇ ਅਜੋਕੇ ਯੁਗ ਵਿੱਚ ਸਫ਼ਲਤਾ ਪ੍ਰਾਪਤ ਕਰਨਗੀਆਂ।

## ...ਸਫ਼ਾ 1 ਦੇ ਬਾਕੀ

### ਮਾਨ ਵੱਲੋਂ ਪੁਲਸ ...

ਹੀ ਕਰਨ ਉਤੇ ਵੱਡਾ ਧਿਆਨ ਦੇਣ ਦੀ ਜ਼ਰੂਰਤ ਹੈ। ਉਹਨਾ ਕਿਹਾ ਕਿ ਸਮੁੱਚੀ ਨਿਆਂ ਪ੍ਰਣਾਲੀ ਵਿੱਚ ਸਿਰੇ ਤੋਂ ਸੁਧਾਰ ਕਰਨ ਦੀ ਲੋੜ ਹੈ ਅਤੇ ਪੁਲਸ ਇਸ ਪ੍ਰਣਾਲੀ ਦਾ ਧੁਰਾ ਹੈ, ਜਿਸ ਵਿੱਚ ਫੌਰੀ ਸੁਧਾਰਾਂ ਦੀ ਲੋੜ ਹੈ। ਉਨ੍ਹਾ ਕਿਹਾ ਕਿ ਸਾਡੇ ਪੁਲਸ ਸੁਧਾਰਾਂ ਦਾ ਮੰਤਵ ਨੈਤਿਕ ਕਦਰਾਂ-ਕੀਮਤਾਂ, ਸੱਭਿਆਚਾਰ, ਪੁਲਸ ਸੰਗਠਨ ਦੀਆਂ ਨੀਤੀਆਂ ਤੇ ਸਦਾਚਾਰ ਵਿੱਚ ਬਦਲਾਅ ਹੋਵੇਗਾ, ਤਾਂ ਕਿ ਪੁਲਸ ਜਮਹੂਰੀ ਕਦਰਾਂ-ਕੀਮਤਾਂ, ਮਨੁੱਖੀ ਅਧਿਕਾਰਾਂ ਤੇ ਕਾਨੂੰਨ ਮੁਤਾਬਕ ਆਪਣੇ ਫ਼ਰਜ਼ ਨਿਭਾ ਸਕੇ। ਉਹਨਾ ਕਿਹਾ ਕਿ ਇਸ ਦਾ ਇਕ ਮੰਤਵ ਸੁਰੱਖਿਆ ਖੇਤਰ ਦੇ ਹੋਰ ਭਾਗਾਂ ਨਾਲ ਸਿੱਝਣ ਦੇ ਪੁਲਸ ਨੂੰ ਯੋਗ ਬਣਾਉਣਾ ਹੈ, ਜਿਨ੍ਹਾਂ ਵਿੱਚ ਮੈਨੇਜਮੈਂਟ ਅਤੇ ਨਿਗਰਾਨੀ ਦੀਆਂ ਜ਼ਿੰਮੇਵਾਰੀਆਂ ਸ਼ਾਮਲ ਹਨ। ਪੁਲਸ ਤੋਂ ਕੰਮ ਦਾ ਬੋਝ ਘਟਾਉਣ ਲਈ ਪਿੰਡਾਂ ਜਾਂ ਘਰਾਂ ਦੇ ਪੱਧਰ ਉਤੇ ਸੁਲ੍ਹਾ-ਮਸ਼ਵਰਾ ਕਰਨ ਦੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਲੋੜ ਦੀ ਨਿਸ਼ਾਨਦੇਹੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਜਿੱਥੇ ਸੂਬੇ ਵਿੱਚ ਸਮਾਜਕ ਤਾਣਾ-ਬਾਣਾ ਮਜ਼ਬੂਤ ਹੋਵੇਗਾ, ਉੱਥੇ ਲੋਕਾਂ ਵਿਚਾਲੇ ਆਪਸੀ ਪਿਆਰ ਵੀ ਵਧੇਗਾ। ਇਸ ਨਾਲ ਸਮਾਜਿਕ ਬਦਨਾਮੀ ਦੇ ਵੱਖ-ਵੱਖ ਕਾਰਨਾਂ ਨੂੰ ਖ਼ਤਮ ਕਰਨ ਵਿੱਚ ਮਦਦ ਮਿਲੇਗੀ ਅਤੇ ਸਾਰਿਆਂ ਲਈ ਬਰਾਬਰ ਮੌਕਿਆਂ ਵਾਲਾ ਸਮਾਜ ਸਥਾਪਤ ਕਰਨ ਦਾ ਰਾਹ ਪੱਧਰਾ ਹੋਵੇਗਾ। ਚੈਟ ਬੋਟ ਨੂੰ ਪੁਲਸ ਪ੍ਰਣਾਲੀ ਵਿੱਚ ਸੁਧਾਰ ਲਈ ਨਿਵੇਕਲੀ ਪਹਿਲਕਦਮੀ ਦੱਸਦਿਆਂ ਉਨ੍ਹਾ ਕਿਹਾ ਕਿ ਭਾਰਤ ਵਰਗੇ ਵਿਕਾਸਸ਼ੀਲ ਮੁਲਕ ਨੂੰ ਲੋਕਾਂ ਦੀਆਂ ਸਮੱਸਿਆਵਾਂ ਦਾ ਤੇਜ਼ੀ ਨਾਲ ਹੱਲ ਕਰਨ ਲਈ ਵਟਸਐਪ ਚੈਟ ਬੋਟ ਤੇ ਹੋਰ ਆਨਲਾਈਨ ਤਰੀਕਿਆਂ ਦੀ ਲੋੜ ਹੈ। ਆਪਣੀ ਲਿਖੀ ਕਵਿਤਾ 'ਨਾ ਤਾਂ ਮੈਨੂੰ ਜੰਮਣ ਤੋਂ ਪਹਿਲਾਂ ਹੀ ਮਾਰਿਆ ਗਿਆ, ਨਾ ਹੀ ਮੇਰੇ ਜੰਮਣ ਦਾ ਦੁੱਖ ਹੀ ਸਹਾਰਿਆ ਗਿਆ' ਸੁਣਾਉਂਦਿਆਂ ਮੁੱਖ ਮੰਤਰੀ ਨੇ ਹਰੇਕ ਖ਼ੇਤਰ ਵਿੱਚ ਔਰਤਾਂ ਲਈ ਬਰਾਬਰ ਮੌਕਿਆਂ ਦੀ ਵਕਾਲਤ ਕੀਤੀ। ਇਸ ਤੋਂ ਪਹਿਲਾਂ ਸਮਾਜਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਵਿਭਾਗ ਬੱਚਿਆਂ ਨੂੰ ਹੀ ਨਹੀਂ, ਸਗੋਂ ਬਚਪਨ ਨੂੰ ਵੀ ਬਚਾਉਣ ਲਈ ਵਚਨਬੱਧ ਹੈ। ਉਨ੍ਹਾ ਕਿਹਾ ਕਿ ਔਰਤਾਂ ਤੇ ਬੱਚਿਆਂ ਦੀ ਭਲਾਈ ਲਈ ਵੱਖ-ਵੱਖ ਪ੍ਰੋਗਰਾਮ ਉਲੀਕੇ ਗਏ ਹਨ ਅਤੇ 'ਵਿੱਦਿਆ ਪ੍ਰਕਾਸ਼, ਸਕੂਲ ਵਾਪਸੀ ਦਾ ਆਗਾਜ਼' ਇਨ੍ਹਾਂ ਵਿੱਚੋਂ ਇਕ ਹੈ, ਜਿਹੜਾ ਹੌਲੀ-ਹੌਲੀ ਸਫ਼ਲਤਾ ਦਾ ਪ੍ਰਤੀਕ ਬਣ ਰਿਹਾ ਹੈ। ਇਸ ਮੌਕੇ ਡੀ ਜੀ ਪੀ ਗੌਰਵ ਯਾਦਵ ਨੇ ਪੁਲਸ ਦੀ ਕਾਰਜਪ੍ਰਣਾਲੀ ਬਾਰੇ ਸੰਖੇਪ ਵਿੱਚ ਚਾਨਣਾ ਪਾਇਆ ਅਤੇ ਭਰੋਸਾ ਦਿਵਾਇਆ ਕਿ ਪੁਲਸ ਜਵਾਨਾਂ ਲਈ ਅਨੁਕੂਲ ਮਾਹੌਲ ਸਿਰਜਿਆ ਜਾਵੇਗਾ। ਏ ਡੀ ਜੀ ਪੀ ਗੁਰਪ੍ਰੀਤ ਕੌਰ ਦਿਓ ਨੇ ਸਮਾਗਮ ਵਿੱਚ ਪੁੱਜੀਆਂ ਸਾਰੀਆਂ ਪ੍ਰਮੁੱਖ ਸ਼ਖ਼ਸੀਅਤਾਂ ਦਾ ਨਿੱਘਾ ਸਵਾਗਤ ਕੀਤਾ।

## ਸ੍ਰੀ ਰਾਮ ਕਾਲਜ ਡੱਲਾ ਦਾ ਸਾਲਾਨਾ ਸਮਾਗਮ ਯਾਦਗਾਰੀ ਹੋ ਨਿੱਬੜਿਆ



**ਹਠੂਰ (ਨਛੱਤਰ ਸੰਧੂ)**-ਅੱਜ ਸ੍ਰੀ ਰਾਮ ਕਾਲਜ ਡੱਲਾ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਕਾਲਜ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸੂਬੇਦਾਰ ਦੇਵੀ ਚੰਦ ਸ਼ਰਮਾ ਨੇ ਕੀਤੀ ਅਤੇ ਮੈਨੇਜਮੈਂਟ ਕਮੇਟੀ ਦੇ ਬਾਕੀ ਮੈਂਬਰ ਮਾਸਟਰ ਭਗਵੰਤ ਸਿੰਘ, ਮਾਸਟਰ ਅਵਤਾਰ ਸਿੰਘ ਅਤੇ ਕਿਰਨਜੀਤ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਪ੍ਰਿੰਸੀਪਲ ਮੈਡਮ ਪ੍ਰੋ. ਸਤਵਿੰਦਰ ਕੌਰ ਅਤੇ ਹੋਰ ਅਧਿਆਪਕਾਂ ਸਮੇਤ ਉਨ੍ਹਾਂ ਦਾ ਗੇਟ 'ਤੇ ਸਵਾਗਤ ਕੀਤਾ ਗਿਆ। ਸਮਾਰੋਹ ਦਾ ਆਰੰਭ ਕਾਲਜ ਦੀ ਵਿਦਿਆਰਥਣ ਰਮਨਦੀਪ ਕੌਰ ਵੱਲੋਂ ਸ਼ਬਦ ਗਾਇਨ ਨਾਲ ਕੀਤਾ ਗਿਆ। ਪ੍ਰਿੰਸੀਪਲ ਮੈਡਮ ਨੇ ਆਈਆਂ ਉਘੀਆ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ ਅਤੇ ਕਾਲਜ ਦੀ ਪਿਛਲੇ ਸਾਲ ਦੀ ਰਿਪੋਰਟ ਪੜ੍ਹਦਿਆਂ ਕਾਲਜ ਦੀਆਂ ਪ੍ਰਾਪਤੀਆਂ ਤੋਂ ਜਾਣੂੰ ਕਰਵਾਇਆ। ਕੁਝ ਸੱਭਿਆਚਾਰਕ ਗਤਵਿਧੀਆਂ ਵੀ ਕਾਲਜ ਵਿਦਿਆਰਥੀਆਂ ਵੱਲੋਂ ਕੀਤੀਆਂ ਗਈਆਂ। ਉਸ ਤੋਂ ਬਾਅਦ ਕਾਲਜ ਦੀ ਮੈਨੇਜਮੈਂਟ ਕਮੇਟੀ ਅਤੇ ਪ੍ਰਿੰਸੀਪਲ ਦੁਆਰਾ ਭਿੰਨ-ਭਿੰਨ ਵਿਸ਼ਿਆਂ 'ਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ, ਵਿਸ਼ੇਸ਼ਤਾ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਅਤੇ ਸੱਭਿਆਚਾਰਕ ਗਤੀਵਿਧੀਆਂ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਇਸ ਮੌਕੇ ਖੇਡਾਂ ਦੇ ਕੋਚ ਅਮਰੀਕ ਸਿੰਘ, ਸਵਰਨਜੀਤ ਸਿੰਘ ਅਤੇ ਕਾਲਜ ਦੇ ਪ੍ਰੋ.ਗੁਰਮੀਤ ਸਿੰਘ ਨੂੰ ਵੀ ਖਾਸ ਤੌਰ 'ਤੇ ਸਨਮਾਨਤ ਕੀਤਾ ਗਿਆ। ਕਾਲਜ ਚੇਅਰਮੈਨ ਸੂਬੇਦਾਰ ਦੇਵੀ ਚੰਦ ਅਤੇ ਮਾਸਟਰ ਅਵਤਾਰ ਸਿੰਘ ਨੇ ਕਾਲਜ ਅਧਿਆਪਕਾਂ ਦੇ ਕੰਮਾ ਦੀ ਪ੍ਰਸੰਸਾ ਕਰਦਿਆਂ ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਕਾਲਜ ਦੇ ਸਾਰੇ ਵਿਦਿਆਰਥੀਆਂ ਨੂੰ ਚੰਗੇ ਨਾਗਰਿਕ ਬਣਨ, ਅਨੁਸ਼ਾਸਨ ਦੀ ਪਾਲਣਾ ਕਰਨ, ਸਮਾਜ ਸੇਵਾ ਦੀ ਭਾਵਨਾ ਰੱਖਣ ਤੇ ਮਾਤਾ-ਪਿਤਾ ਤੇ ਅਧਿਆਪਕਾਂ ਦਾ ਸਤਿਕਾਰ ਕਰਨ ਦੀ ਸਿੱਖਿਆ ਦਿੱਤੀ। ਅੰਤ 'ਚ ਪ੍ਰਿੰਸੀਪਲ ਸਤਵਿੰਦਰ ਕੌਰ ਨੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਆਪਣੇ ਵਿਚਾਰ ਸਰੋਤਿਆਂ ਦੇ ਸਨਮੁੱਖ ਕੀਤੇ। ਮੰਚ ਸੰਚਾਲਨ ਦੀ ਭੂਮਿਕਾ ਡਾ. ਪਰਮਿੰਦਰ ਕੌਰ ਨੇ ਨਿਭਾਈ। ਅੰਤ 'ਚ ਸਭਨਾਂ ਨੇ ਚਾਹ-ਪਾਰਟੀ 'ਚ ਹਿੱਸਾ ਲਿਆ ਅਤੇ ਇਹ ਦਿਨ ਕਾਲਜ ਲਈ ਯਾਦਗਾਰੀ ਹੋ ਨਿੱਬੜਿਆ।


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

29-March-PAGE- 3.qxd 3/28/2023 10:02 PM Page 1



# ਬਿਜਲੀ ਕਾਮਿਆਂ ਵੱਲੋਂ ਦੱਖਣ ਜ਼ੋਨ ਅੱਗੇ ਵਿਸ਼ਾਲ ਧਰਨਾ



**ਪਟਿਆਲਾ** : ਪੀ ਐੱਸ ਈ ਬੀ ਇੰਪਲਾਈਜ਼ ਜਾਇੰਟ ਫੋਰਮ ਦੇ ਸੱਦੇ 'ਤੇ ਬਿਜਲੀ ਕਾਮਿਆਂ ਦੀਆਂ ਪ੍ਰਮੁੱਖ ਜਥੇਬੰਦੀਆਂ ਟੈਕਨੀਕਲ ਸਰਵਿਸ ਯੂਨੀਅਨ, ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ, ਮਨਿਸਟਰੀਅਲ ਸਰਵਿਸ ਯੂਨੀਅਨ, ਵਰਕਰਜ਼ ਫੈਡਰੇਸ਼ਨ (ਇੰਟਕ), ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ, ਥਰਮਲ ਇੰਪਲਾਈਜ਼ ਕੁਆਰਡੀਨੇਸ਼ਨ ਕਮੇਟੀ, ਹੈੱਡ ਆਫਿਸ ਇੰਪਲਾਈਜ਼ ਫੈਡਰੇਸ਼ਨ, ਇੰਪਲਾਈਜ਼ ਫੈਡਰੇਸ਼ਨ (ਸੁਰਿੰਦਰ ਸਿੰਘ) ਸਬ-ਸਟੇਸ਼ਨ ਸਟਾਫ ਵੈੱਲਫੇਅਰ ਐਸੋਸੀਏਸ਼ਨ ਅਤੇ ਇੰਪਲਾਈਜ਼ ਫੈਡਰੇਸ਼ਨ (ਫਲਜੀਤ ਸਿੰਘ) ਵੱਲੋਂ ਮੁੱਖ ਇੰਜੀਨੀਅਰ (ਦੱਖਣ) ਪਟਿਆਲਾ ਦੇ ਦਫਤਰ ਅੱਗੇ ਦੱਖਣ ਜ਼ੋਨ ਅਧੀਨ ਪਟਿਆਲਾ, ਰੋਪੜ ਮੁਹਾਲੀ, ਸੰਗਰੂਰ ਅਤੇ ਬਠਿੰਡਾ ਸਰਕਲ ਦੇ ਹਜ਼ਾਰਾਂ ਕਾਮਿਆਂ ਵਲੋਂ ਵਿਸ਼ਾਲ ਜ਼ੋਨ ਪੱਧਰ ਦਾ ਧਰਨਾ ਦਿੱਤਾ ਗਿਆ।

ਧਰਨੇ ਨੂੰ ਸੰਬੋਧਨ ਕਰਦਿਆਂ ਜਾਇੰਟ ਦੇ ਸੂਬਾਈ ਆਗੂਆਂ ਕਰਮ ਚੰਦ ਭਾਰਦਵਾਜ, ਰਤਨ ਸਿੰਘ ਮਜਾਰੀ, ਹਰਪਾਲ ਸਿੰਘ, ਕੁਲਵਿੰਦਰ ਸਿੰਘ ਢਿੱਲੋਂ, ਬਲਵਿੰਦਰ ਸਿੰਘ ਸੰਧੂ, ਕੌਰ ਸਿੰਘ ਸੋਹੀ, ਸੁਖਵਿੰਦਰ ਸਿੰਘ ਦੁੰਮਣਾ, ਇੰਦਰਜੀਤ ਸਿੰਘ ਢਿੱਲੋਂ, ਕੁਲਵੰਤ ਸਿੰਘ ਅਟਵਾਲ, ਗੋਬਿੰਦ ਕਾਂਤ ਝਾਅ ਤੇ ਫਲਜੀਤ ਸਿੰਘ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਪਾਵਰ ਮੈਨੇਜਮੈਂਟ ਵੱਲੋਂ ਮੁਲਾਜ਼ਮਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ ਅਤੇ ਮੁਲਾਜਮ ਵਿਰੋਧੀ ਨੀਤੀ ਦੀ ਸਖਤ ਨਿੰਦਾ ਕੀਤੀ।

ਇਨ੍ਹਾਂ ਆਗੂਆਂ ਨੇ ਕਿਹਾ ਕਿ ਪਾਵਰ ਮੈਨੇਜਮੈਂਟ ਮੰਨੀਆਂ ਮੰਗਾਂ ਲਾਗੂ ਕਰਨ ਦੀ ਥਾਂ ਮੁਲਾਜ਼ਮ ਵਿਰੋਧੀ ਸਰਕੂਲਰ ਜਾਰੀ ਕਰ ਰਹੀ ਹੈ। ਸੀ ਆਰ ਏ 295/19 ਤਹਿਤ ਭਰਤੀ ਮੁਲਾਜ਼ਮਾਂ ਤੇ ਅਣਉਚਿਤ ਦੋਸ਼ ਲਗਾ ਨੇ ਸੈਂਕੜੇ ਮੁਲਾਜ਼ਮਾਂ ਵਿਰੁੱਧ ਪੁਲਸ ਕੇਸ ਦਰਜ ਕਰਵਾਏ ਜਾਂ ਰਹੇ ਹਨ ਅਤੇ ਮੁਲਾਜ਼ਮਾਂ ਨੂੰ ਬੇਵਜ੍ਹਾ ਤੰਗ-ਪ੍ਰੇਸ਼ਾਨ ਕਰ ਰਹੀ ਹੈ। ਸਬ-ਸਟੇਸ਼ਨਾਂ 'ਤੇ ਧੱਕੇ ਨਾਲ ਸ ਲ ਮ ਤੇ ਲ.ਮ. ਨੂੰ ਏ ਐੱਸ ਐੱਸ ਏ ਤੇ ਐੱਸ ਐੱਸ ਏ ਦੀ ਥਾਂ ਬਿਨਾਂ ਵਿੱਤੀ ਲਾਭ ਤਾਇਨਾਤ ਕਰਨ ਲਈ ਹਦਾਇਤਾਂ ਜਾਰੀ ਕਰ ਰਹੀ ਹੈ, ਉਵਰਟਾਈਮ ਦੇਣ ਤੇ 50 ਘੰਟੇ ਤੋਂ ਵੱਧ ਦੀ ਪਾਬੰਦੀ ਲਗਾਉਣ, ਟੈਕਨੀਕਲ ਸਟਾਫ ਨੂੰ ਮੋਬਾਇਲ ਦੀ ਥਾਂ 5 ਜੀ ਜੀਓ ਸਿਮ ਦੇ ਰਹੀ ਹੈ। ਡੀ ਏ ਦੇਣ ਦੀ ਥਾਂ ਮੁਲਾਜ਼ਮਾਂ ਦੇ ਪੇ ਕਮਿਸ਼ਨ ਅਨੁਸਾਰ ਸਕੇਲ ਸੋਧਣ, ਸਕੇਲਾਂ ਦੀਆਂ ਤਰੁੱਟੀਆਂ ਦੂਰ ਕਰਨ ਦੀ ਥਾਂ ਅਣਅਧਿਕਾਰਤ ਡਿਊਟੀਆਂ ਰਾਹੀਂ ਵਾਧੂ ਕੰਮ ਲੈ ਕੇ ਤੰਗ-ਪ੍ਰੇਸ਼ਾਨ ਕਰ ਰਹੀ ਹੈ। ਗਰਿਡ ਸਬ-ਸਟੇਸ਼ਨ ਤੇ ਤਾਇਨਾਤ ਸਟਾਫ ਦੀ ਉਚਿਤ ਸੁਰੱਖਿਆ ਨਹੀਂ ਕਰ ਰਹੀ, ਜਿਸ ਕਾਰਨ ਮੁਲਾਜ਼ਮਾਂ ਵਿੱਚ ਰੋਸ ਤੇ ਬੇਚੈਨੀ ਵਧ ਰਹੀ ਹੈ।

ਧਰਨੇ ਨੂੰ ਹੋਰਨਾ ਤੋਂ ਇਲਾਵਾ ਫਲਜੀਤ ਸਿੰਘ, ਰਤਨ ਸਿੰਘ, ਹਰਦੇਵ ਸਿੰਘ ਧੂਰੀ, ਗੋਬਿੰਦ ਕਾਂਤ ਝਾਂਅ, ਕਰਨੈਲ ਸਿੰਘ, ਪ੍ਰਮੋਦ ਕੁਮਾਰ, ਸੁਖਦੇਵ ਸਿੰਘ, ਬੱਗਾ ਸਿੰਘ, ਨਿਰਮਲ ਸਿੰਘ, ਰਣਜੀਤ ਸਿੰਘ, ਗੁਰਪ੍ਰੀਤ ਸਿੰਘ, ਯਸ਼ਪਾਲ ਸ਼ਰਮਾ, ਦਰਸ਼ਨ ਸਿੰਘ ਪਾਤੜਾਂ, ਅਸ਼ਵਨੀ ਕੁਮਾਰ, ਸਤਿੰਦਰ ਪਾਲ ਸਿੰਘ, ਜੰਗੀਰ ਸਿੰਘ ਕਟਾਰੀਆ ਅਤੇ ਸੁਰਮੁੱਖ ਸਿੰਘ ਆਦਿ ਆਗੂਆਂ ਨੇ ਸੰਬੋਧਨ ਕਰਦਿਆਂ ਮੰਗ ਕੀਤੀ ਕਿ ਮੁਲਾਜ਼ਮਾਂ ਦੇ ਮਸਲੇ ਹੱਲ ਕਰਕੇ ਉਹਨਾ ਦਾ ਰੋਸ ਦੂਰ ਕੀਤਾ ਜਾਵੇ। ਕਰਮ ਚੰਦ ਭਾਰਦਵਾਜ ਨੇ ਕਿਹਾ ਕਿ ਜੇਕਰ ਪਾਵਰ ਮੈਨੇਜਮੈਂਟ ਨੇ ਮੁਲਾਜ਼ਮ ਮਸਲੇ ਆਪਣੀ ਗੱਲਬਾਤ ਰਾਹੀਂ ਹੱਲ ਨਾ ਕੀਤੇ ਤਾਂ ਗਿਆਰਾ ਅਪ੍ਰੈਲ ਨੂੰ ਹੈੱਡ ਆਫਿਸ ਪਟਿਆਲਾ ਅੱਗੇ ਸੂਬਾ ਪੱਧਰ ਦਾ ਧਰਨਾ ਦਿੱਤਾ ਜਾਵੇਗਾ, ਜਿਸ ਵਿੱਚ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

# ਸ਼੍ਰੋਮਣੀ ਕਮੇਟੀ ਦਾ 11 ਅਰਬ 38 ਕਰੋੜ ਰੁਪਏ ਦਾ ਬਜਟ ਪਾਸ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿੱਤੀ ਸਾਲ 2023-24 ਦਾ ਸਾਲਾਨਾ ਬਜਟ ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਏ ਇਜਲਾਸ ਦੌਰਾਨ ਪਾਸ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੋਏ ਜਨਰਲ ਇਜਲਾਸ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ 11 ਅਰਬ 38 ਕਰੋੜ 14 ਲੱਖ ਰੁਪਏ ਦਾ ਬਜਟ ਪੇਸ਼ ਕੀਤਾ, ਜਿਸ ਨੂੰ ਹਾਜ਼ਰ ਮੈਂਬਰਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ। ਬਜਟ ਇਜਲਾਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ



ਸਮੇਤ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰ ਮੌਜੂਦ ਸਨ। ਇਹ ਪਹਿਲੀ ਵਾਰ ਸੀ ਕਿ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਲਗਾਈ ਵੱਡ ਅਕਾਰੀ ਸਕਰੀਨ 'ਤੇ ਨਾਲੋ-ਨਾਲ ਵੇਰਵੇ ਨਸ਼ਰ ਕੀਤੇ ਜਾਂਦੇ ਰਹੇ। ਬਜਟ ਇਜਲਾਸ ਮਗਰੋਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਬਜਟ ਵਿਚ ਇਸ ਵਾਰ ਬੀਤੇ ਵਰ੍ਹੇ ਨਾਲੋਂ 17 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਵਿੱਤੀ ਵਰ੍ਹੇ ਦਾ ਬਜਟ 9 ਅਰਬ 88 ਕਰੋੜ ਰੁਪਏ ਦੇ ਲਗਪਗ ਸੀ, ਜਦਕਿ ਇਸ ਵਾਰ 11 ਅਰਬ 38 ਕਰੋੜ ਰੁਪਏ ਦਾ ਅਨੁਮਾਨ ਹੈ। ਧਾਮੀ ਨੇ ਦੱਸਿਆ ਕਿ ਇਸ ਵਾਰ ਹਰਿਆਣਾ ਵਿਚਲੇ ਗੁਰ-ਅਸਥਾਨਾਂ ਲਈ ਵੱਖਰੇ ਤੌਰ 'ਤੇ 57 ਕਰੋੜ 11 ਲੱਖ ਰੁਪਏ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰਾਂ ਦੀ ਮੰਦ-ਮਨਸ਼ਾ ਕਰਕੇ ਇਨ੍ਹਾਂ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਪਾਸੋਂ ਜਬਰੀ ਹਥਿਆ ਲਿਆ ਗਿਆ ਹੈ, ਪਰੰਤੂ ਫਿਰ ਵੀ ਸ਼੍ਰੋਮਣੀ ਕਮੇਟੀ ਨੇ ਇਸ ਲਈ ਬਜਟ ਰੱਖਿਆ ਹੈ। ਉਨ੍ਹਾਂ ਕਿਹਾ ਕਿ ਇਹ ਗੁਰਦੁਆਰਾ ਸਾਹਿਬਾਨ ਸਿੱਖ ਗੁਰਦੁਆਰਾ ਐਕਟ 1925 ਦੀ ਭਾਵਨਾ ਦੇ ਅੰਤਰਗਤ ਅੱਜ ਵੀ ਨੋਟੀਫਾਈ ਹਨ ਅਤੇ ਸਰਕਾਰ ਨੂੰ ਇਸ ਦਾ ਪ੍ਰਬੰਧ ਨੁਮਾਇੰਦਾ ਸ਼੍ਰੋਮਣੀ ਕਮੇਟੀ ਨੂੰ ਵਾਪਸ ਦੇਣਾ ਚਾਹੀਦਾ ਹੈ।

## ਭਾਜਪਾ ਜਿੰਨਾ ਜਿੱਤੇਗੀ, ਓਨੇ ਹਮਲੇ ਹੋਣਗੇ : ਮੋਦੀ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਆਪਣੀ ਸਰਕਾਰ 'ਤੇ ਵਿਰੋਧੀ ਧਿਰ ਦੇ ਹਮਲਿਆਂ ਨੂੰ ਭਾਜਪਾ ਦੇ ਸ਼ਾਨਦਾਰ ਚੋਣ ਪ੍ਰਦਰਸ਼ਨ ਨਾਲ ਜੋੜਦਿਆਂ ਕਿਹਾ ਕਿ ਸੱਤਾਧਾਰੀ ਪਾਰਟੀ ਚੋਣਾਂ 'ਚ ਜਿੰਨਾ ਜਿੱਤੇਗੀ, ਓਨਾ ਹੀ ਉਸ ਨੂੰ ਨਿਸ਼ਾਨਾ ਬਣਾਇਆ ਜਾਵੇਗਾ। ਭਾਜਪਾ ਸੰਸਦੀ ਦਲ ਦੀ ਬੈਠਕ 'ਚ ਮੋਦੀ ਨੇ ਕਈ ਮਾਮਲਿਆਂ 'ਤੇ ਸਰਕਾਰ ਖਿਲਾਫ ਮੋਰਚਾ ਖੋਲ੍ਹਣ ਵਾਲੀਆਂ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਿਆ। ਮੀਟਿੰਗ 'ਚ ਉਨ੍ਹਾ ਸੰਸਦ ਮੈਂਬਰਾਂ ਨੂੰ 6 ਅਪਰੈਲ ਨੂੰ ਪਾਰਟੀ ਦੇ ਸਥਾਪਨਾ ਦਿਵਸ ਅਤੇ 14 ਅਪਰੈਲ ਨੂੰ ਬੀ ਆਰ ਅੰਬੇਡਕਰ ਜਯੰਤੀ ਦੇ ਵਿਚਕਾਰ ਦਾ ਸਮਾਂ ਸਮਾਜਿਕ ਨਿਆਂ ਲਈ ਸਮਰਪਤ ਕਰਨ ਲਈ ਕਿਹਾ।

# ਤਰਕਸ਼ੀਲ ਸੋਸਾਇਟੀ ਇਕਾਈ ਗੁਰਦਾਸਪੁਰ ਦੀ ਮੁੜ ਸਰਬਸੰਮਤੀ ਨਾਲ ਚੋਣ




**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਤਰਕਸ਼ੀਲ ਸੋਸਾਇਟੀ ਪੰਜਾਬ ਇਕਾਈ ਗੁਰਦਾਸਪੁਰ ਦੀ ਚੋਣ ਮੀਟਿੰਗ ਇਕਾਈ ਦੇ ਪ੍ਰਧਾਨ ਤਰਲੋਚਨ ਸਿੰਘ ਦੀ ਅਗਵਾਈ ਵਿੱਚ ਹੋਈ। ਮੀਟਿੰਗ ਵਿੱਚ ਤਰਕਸ਼ੀਲ ਸੋਸਾਇਟੀ ਮਾਝਾ ਜ਼ੋਨ ਦੇ ਆਗੂ ਸੰਦੀਪ ਧਾਰੀਵਾਲ ਭੋਜਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਮਾਝਾ ਜ਼ੋਨ ਆਗੂ ਸੰਦੀਪ ਧਾਰੀਵਾਲ ਭੋਜਾ ਨੇ ਦੱਸਿਆ ਕਿ ਤਰਕਸ਼ੀਲ ਪੰਜਾਬ ਦੀਆਂ ਸਾਰੀਆਂ ਇਕਾਈਆਂ ਦੀ ਚੋਣ 2 ਸਾਲਾਂ ਲਈ ਕੀਤੀ ਜਾਂਦੀ ਹੈ ਜਿਸ ਵਿੱਚ ਅਹੁਦੇਦਾਰਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਵੱਖ ਵੱਖ ਜ਼ਿੰਮੇਵਾਰੀਆਂ ਦਿੱਤੀਆਂ ਜਾਂਦੀਆਂ ਹਨ ਤਾਂ ਜੋ ਇਕਾਈਆਂ ਆਪਣੇ ਪੱਧਰ 'ਤੇ ਵਧੀਆ ਕਾਰਗੁਜ਼ਾਰੀ ਤੇ ਵਿਗਿਆਨਿਕ ਸੋਚ ਦਾ ਪ੍ਰਚਾਰ ਤੇ ਪਸਾਰ ਕਰਨ ਵਿੱਚ ਵਡਮੁੱਲੀ ਭੂਮਿਕਾ ਨਿਭਾ ਸਕਣ। ਇਸ ਮੌਕੇ ਇਕਾਈ ਵਲੋਂ ਕੀਤੇ ਪਿੱਛਲੇ ਕੰਮਾਂ ਦਾ ਲੇਖਾ ਜੋਖਾ ਕੀਤਾ ਗਿਆ ਅਤੇ ਜ਼ੋਨ ਆਗੂ ਦੀ ਰੇਖ ਦੇਖ ਹੇਠ ਪਹਿਲੀਆਂ ਅਹੁਦੇਦਾਰੀਆਂ ਭੰਗ ਕਰਕੇ ਮੁੜ ਨਵੇਂ ਸਿਰਿਓਂ ਦੁਬਾਰਾ ਗੁਰਦਾਸਪੁਰ ਇਕਾਈ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਜਿਸ ਵਿੱਚ ਤਰਲੋਚਨ ਸਿੰਘ ਨੂੰ ਤਰਕਸ਼ੀਲ ਗੁਰਦਾਸਪੁਰ ਇਕਾਈ ਦਾ ਮੁੜ ਪ੍ਰਧਾਨ ਚੁਣਿਆ ਗਿਆ, ਜਦਕਿ ਵਿੱਤ ਸਕੱਤਰ ਪ੍ਰੇਮ ਚੰਦ ਥਾਪਾ, ਮੀਡੀ ਵਿਭਾਗ ਮੁਖੀ ਅਰੁਣ ਕੁਮਾਰ, ਮਾਨਸਿਕ ਤੇ ਸਿਹਤ ਵਿਭਾਗ ਮੁਖੀ ਅਜੇ ਪਾਲ ਤੇ ਰਾਜ ਕੁਮਾਰ, ਸੱਭਿਆਚਾਰ ਵਿਭਾਗ ਦੇ ਲਈ ਰਾਜੂ ਝਾਖੋਲਾੜੀ ਤੇ ਮੇਜਰ ਸੋਮ ਨਾਥ ਨੂੰ ਚੁਣਿਆ ਗਿਆ। ਚੁਣੀ ਤਰਕਸ਼ੀਲ ਆਗੂਆਂ ਦੀ ਟੀਮ ਨੇ ਕਿਹਾ ਕਿ ਉਹ ਆਪਣੇ-ਆਪਣੇ ਵਿਭਾਗ ਦੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ।

ਇਸ ਮੌਕੇ ਕੰਵਲਜੀਤ ਸੇਖੋਂ, ਰਘਵੀਰ ਸਿੰਘ, ਰਾਮ ਲਾਲ ਅਤੇ ਜਸਵਿੰਦਰ ਸਿੰਘ ਵੀ ਹਾਜ਼ਰ ਸਨ।

## ਵਰਿੰਦਰ ਮਲਹੋਤਰਾ 12ਵੀਂ ਵਾਰ ਬਣੇ ਜੰਡਿਆਲਾ ਪ੍ਰੈਸ ਕਲੱਬ ਦੇ ਪ੍ਰਧਾਨ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਜੰਡਿਆਲਾ ਪ੍ਰੈੱਸ ਕਲੱਬ ਦੀ ਸਾਲਾਨਾ ਮੀਟਿੰਗ ਚੇਅਰਮੈਨ ਸੁਨੀਲ ਦੇਵਗਨ ਪੀਟੀਸੀ ਵਾਲੇ ਦੀ ਪ੍ਰਧਾਨਗੀ ਹੇਠ ਸਥਾਨਕ ਤੇਜ਼ ਹੋਟਲ ਵਿਚ ਹੋਈ ਅਤੇ ਪ੍ਰਧਾਨਗੀ ਦੀ ਚੋਣ ਦਾ ਐਲਾਨ ਕਰ ਦਿੱਤਾ ਗਿਆ। ਪਹਿਲਾਂ ਪ੍ਰਧਾਨਗੀ ਦੀ ਚੋਣ ਵੋਟਿੰਗ ਰਾਹੀਂ ਕਰਵਾਉਣ ਦਾ ਫੈਸਲਾ ਕੀਤਾ ਗਿਆ ਪਰ ਸਾਰੇ ਮੈਂਬਰਾਂ ਨੇ ਇਕਮੁੱਠ ਹੋ ਕੇ ਇਕ ਵਾਰ ਫਿਰ ਪ੍ਰਧਾਨਗੀ ਦਾ ਤਾਜ ਵਰਿੰਦਰ ਸਿੰਘ ਮਲਹੋਤਰਾ ਦੇ ਸਿਰ ਸਜਾ ਦਿੱਤਾ। ਇਸ ਮੌਕੇ ਮਲਹੋਤਰਾ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਜਿਸ ਤਰਾਂ ਤੁਸੀਂ ਪਹਿਲਾਂ 11 ਸਾਲ ਦਾਸ ਤੇ ਭਰੋਸਾ ਕੀਤਾ ਹੁਣ ਵੀ ਪੱਤਰਕਾਰਾਂ ਦੀਆਂ ਮੰਗਾਂ ਲਈ ਜ਼ੁਲਮ ਦੇ ਖਿਲਾਫ ਜੰਗ ਲੜਦੇ ਰਹਿਣਗੇ। ਉਨ੍ਹਾਂ ਕਿਹਾ ਕਿ ਬਾਕੀ ਅਹੁਦੇਦਾਰਾਂ ਦੀ ਚੋਣ ਅਗਲੀ ਮੀਟਿੰਗ ਵਿੱਚ ਕੀਤੀ ਜਾਵੇਗੀ, ਪੁਰਾਣੀ ਇਕਾਈ ਸਾਰੀ ਭੰਗ ਕਰ ਦਿੱਤੀ ਗਈ ਹੈ।



ਇਸ ਦੌਰਾਨ ਹੋਰਨਾਂ ਤੋਂ ਇਲਾਵਾ ਪ੍ਰਦੀਪ ਜੈਨ, ਹਰਿੰਦਰ ਪਾਲ ਸਿੰਘ, ਨਰਿੰਦਰ ਸੂਰੀ, ਰਾਕੇਸ਼ ਕੁਮਾਰ, ਬਲਵਿੰਦਰ ਸਿੰਘ, ਸੁਖਦੇਵ ਸਿੰਘ, ਰਜਿੰਦਰ ਸਿੰਘ, ਕੁਲਵੰਤ ਸਿੰਘ, ਅਨਿਲ ਕੁਮਾਰ, ਸੰਦੀਪ ਜੈਨ, ਪਿੰਕੂ ਆਨੰਦ, ਰਾਜੇਸ਼ ਭੰਡਾਰੀ, ਸਚਿਨ ਕੁਮਾਰ, ਮਨਦੀਪ ਕੌਰ ਅਤੇ ਮਨਿੰਦਰ ਸਿੰਘ ਮਣੀ ਆਦਿ ਹਾਜ਼ਰ ਸਨ।

## ਮਾਨ ਦੀ ਤਸਵੀਰ 'ਤੇ ਕਾਲਖ ਫੇਰਨ ਦੇ ਦੋਸ਼ 'ਚ ਤਿੰਨ ਵਿਦਿਆਰਥੀ ਗ੍ਰਿਫਤਾਰ



**ਜਲੰਧਰ** : ਖਟਕੜ ਕਲਾਂ ਦੇ ਮੁਹੱਲਾ ਕਲੀਨਿਕ 'ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਤਸਵੀਰ 'ਤੇ ਕਾਲਾ ਰੰਗ ਫੇਰਨ ਦੇ ਇਕ ਦਿਨ ਬਾਅਦ ਮੰਗਲਵਾਰ ਨਵਾਂ ਸ਼ਹਿਰ ਪੁਲਸ ਨੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਤਿੰਨ ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ। ਇਹ ਵਿਦਿਆਰਥੀ ਕਲੀਨਿਕ ਤੋਂ ਭਗਤ ਸਿੰਘ ਦੀਆਂ ਤਸਵੀਰਾਂ ਹਟਾ ਕੇ ਮੁੱਖ ਮੰਤਰੀ ਦੀ ਤਸਵੀਰ ਲਾਉਣ ਖਿਲਾਫ ਪ੍ਰੋਟੈੱਸਟ ਕਰ ਰਹੇ ਸਨ। ਉਪਰੋਕਤ ਤਿੰਨਾਂ ਖਿਲਾਫ ਨਾਂਅ 'ਤੇ ਅਤੇ 5-7 ਅਣਪਛਾਤਿਆਂ ਖਿਲਾਫ ਬੰਗਾ ਸਦਰ ਥਾਣੇ ਵਿਚ ਐੱਫ ਆਈ ਆਰ ਦਰਜ ਕੀਤੀ ਗਈ ਸੀ। ਬਲਜੀਤ ਸਿੰਘ ਧਰਮਕੋਟ ਨੂੰ ਉਸ ਦੇ ਬਲਾਚੌਰ ਕਾਲਜ ਦੇ ਬਾਹਰੋਂ ਅਤੇ ਕਮਲਜੀਤ ਸਿੰਘ ਮੱਲੂਪੋਤਾ ਤੇ ਰਾਜੂ ਬਰਨਾਲਾ ਨੂੰ ਉਨ੍ਹਾਂ ਦੇ ਘਰਾਂ ਤੋਂ ਫੜਿਆ ਗਿਆ। ਬੰਗਾ ਦੇ ਡੀ ਐੱਸ ਪੀ ਸਰਵਣ ਸਿੰਘ ਬੱਲ ਨੇ ਕਿਹਾ—ਇਨ੍ਹਾਂ ਵਿਦਿਆਰਥੀਆਂ ਨੇ ਮੁਹੱਲਾ ਕਲੀਨਿਕ ਦੀ ਉਸਾਰੀ ਦੇ ਕੰਮ ਵਿਚ ਅੜਿੱਕਾ ਡਾਹਿਆ। ਭਗਤ ਸਿੰਘ ਦੀਆਂ ਤਸਵੀਰਾਂ ਕੰਮ ਕਰਕੇ ਹਟਾਈਆਂ ਗਈਆਂ ਸਨ ਤੇ ਕੰਮ ਮੁਕੰਮਲ ਹੋਣ ਦੇ ਬਾਅਦ ਫਿਰ ਲਾ ਦੇਣੀਆਂ ਸਨ, ਪਰ ਇਨ੍ਹਾਂ ਵਿਦਿਆਰਥੀਆਂ ਨੇ ਕਾਨੂੰਨ ਆਪਣੇ ਹੱਥ 'ਚ ਲਿਆ। ਯੂਨੀਅਨ ਦੇ ਪ੍ਰਧਾਨ ਰਣਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਵਿਦਿਆਰਥੀ ਫੌਰੀ ਨਾ ਛੱਡੇ ਗਏ ਤਾਂ ਖਟਕੜ ਕਲਾਂ 'ਚ ਪ੍ਰੋਟੈੱਸਟ ਕੀਤਾ ਜਾਵੇਗਾ।

## ਬੰਡਾਲਾ ਪੁਲ ਤੋਂ ਫੜੇ 14 ਸਿੰਘ ਰਿਹਾਅ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**- 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਮਾਮਲੇ ਵਿੱਚ ਪੰਜਾਬ ਪੁਲਸ ਵੱਲੋਂ ਸਿੱਖ ਨੌਜਵਾਨਾਂ ਦੀ ਕੀਤੀ ਜਾ ਰਹੀ ਫੜੋ-ਫੜਾਈ ਦੇ ਵਿਰੋਧ 'ਚ ਮਾਝਾ-ਮਾਲਵਾ ਨੂੰ ਜੋੜਦੇ ਬੰਡਾਲਾ-ਕੋਟ ਬੁੱਢਾ ਪੁਲ 'ਤੇ ਲੱਗੇ ਰੋਸ ਧਰਨੇ ਤੋਂ ਬੀਤੀ 22 ਮਾਰਚ ਨੂੰ ਹਿਰਾਸਤ ਵਿੱਚ ਲਏ 25 ਸਿੰਘਾਂ 'ਚੋਂ 14 ਨੂੰ ਅੱਜ ਜ਼ਮਾਨਤ 'ਤੇ ਕੇਂਦਰੀ ਜੇਲ੍ਹ ਫਿਰੋਜ਼ਪੁਰ ਤੋਂ ਰਿਹਾਅ ਕਰ ਦਿੱਤਾ ਗਿਆ। ਦੇਰ ਰਾਤ ਕੇਂਦਰੀ ਜੇਲ੍ਹ 'ਚੋਂ ਬਾਹਰ ਆਏ ਸਿੰਘਾਂ ਦਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੇ ਕਿਸਾਨ ਮਜ਼ਦੂਰ ਮੋਰਚਾ ਪੰਜਾਬ ਦੇ ਆਗੂਆਂ ਨੇ ਜੈਕਾਰਿਆਂ ਨਾਲ ਸਵਾਗਤ ਕੀਤਾ। ਇਸ ਮੌਕੇ ਰੋਸ ਪ੍ਰਗਟ ਕਰਦਿਆਂ ਰਿਹਾਅ ਹੋ ਕੇ ਆਏ ਸਿੰਘਾਂ ਨੇ ਕਿਹਾ ਕਿ ਉਹ ਪੰਜਾਬ ਪੁਲਸ ਦੀ ਦਮਨਕਾਰੀ ਨੀਤੀ ਖ਼ਿਲਾਫ਼ ਪੁਲ ਦੇ ਇਕ ਪਾਸੇ ਸ਼ਾਂਤਮਈ ਰੋਸ ਪ੍ਰਗਟਾ ਰਹੇ ਸੀ, ਪਰ ਪੁਲਸ ਵੱਲੋਂ ਜ਼ਬਰਦਸਤੀ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਜ਼ਿਕਰਯੋਗ ਹੈ ਕਿ 22 ਮਾਰਚ ਨੂੰ ਹਿਰਾਸਤ 'ਚ ਲਏ 25 ਸਿੰਘਾਂ 'ਚੋਂ 4 ਸਕੂਲੀ ਵਿਦਿਆਰਥੀਆਂ ਨੂੰ ਉਸੇ ਰਾਤ ਰਿਹਾਅ ਕਰ ਦਿੱਤਾ ਗਿਆ ਸੀ, ਜਦਕਿ 4 ਨੂੰ ਬੀਤੇ ਦਿਨ ਤੇ 14 ਸਿੰਘਾਂ ਨੂੰ ਅੱਜ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਹੈ।

## ਅੱਜ-ਨਾਮਾ

ਤਿੰਨਾਂ ਦਿਨਾਂ ਤੋਂ ਇੱਕੋ ਪਈ ਰੱਟ ਸੁਣਦੀ,
ਕੈਦੀ ਲਿਆਂਦਾ ਗੁਜਰਾਤ ਤੋਂ ਚੱਕ ਬੇਲੀ।
ਕਾਫਲਾ ਦੌੜਦਾ ਗਿਆ ਸ਼ੂਟਾਂ ਵੱਟ ਸਿੱਧਾ,
ਉੱਤਰ ਪ੍ਰਦੇਸ਼ ਦੇ ਪਹੁੰਚਿਆ ਤੱਕ ਬੇਲੀ।
ਲਿਆਂਦਾ ਜੇਲ੍ਹ ਦੇ ਅੰਦਰ ਤੋਂ ਕੱਢ ਓਥੋਂ,
ਦਿੱਤਾ ਏਥੇ ਉਹ ਜੇਲ੍ਹ ਵਿੱਚ ਧੱਕ ਬੇਲੀ।
ਅਗਲੇ ਰੋਜ਼ ਅਦਾਲਤ ਵਿੱਚ ਪੇਸ਼ ਕੀਤਾ,
ਉਮਰ-ਕੈਦ ਲਈ ਦਿੱਤਾ ਈ ਡੱਕ ਬੇਲੀ।
ਫੜਿਆ ਇੱਕ, ਅਨੇਕਾਂ ਹਨ ਤੁਰੇ ਫਿਰਦੇ,
ਚਾਰੇ ਈ ਤਰਫ ਹੈ ਗੈਂਗਾਂ ਦੀ ਧਾੜ ਬੇਲੀ।
ਰਖਵਾਲੇ ਚੋਰਾਂ ਦੇ ਨਾਲ ਆ ਰਲੇ ਫਿਰਦੇ,
ਚਰ ਗਈ ਖੇਤ ਆ ਖੇਤਾਂ ਦੀ ਵਾੜ ਬੇਲੀ।

-ਤੀਸ ਮਾਰ ਖਾਂ

## ਨਸ਼ੀਲੀਆਂ ਗੋਲੀਆਂ ਸਮੇਤ ਨੌਜਵਾਨ ਕਾਬੂ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਐੱਸ.ਐੱਸ.ਪੀ ਤਰਨ ਤਾਰਨ ਗੁਰਮੀਤ ਸਿੰਘ ਚੌਹਾਨ ਵੱਲੋਂ ਚਲਾਈ ਗਈ ਨਸ਼ਾ ਵਿਰੋਧੀ ਮਹਿੰਮ ਤਹਿਤ ਥਾਣਾ ਖੇਮਕਰਨ ਦੀ ਪੁਲਸ ਨੇ ਇੱਕ ਵਿਅਕਤੀ ਨੂੰ 70 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਥਾਣਾ ਖੇਮਕਰਨ ਦੇ ਮੁਖੀ ਇੰਸਪੈਕਟਰ ਕੰਵਲਜੀਤ ਰਾਇ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੀ ਪੁਲਸ ਪਾਰਟੀ ਏ.ਐੱਸ.ਆਈ. ਸਾਹਿਬ ਸਿੰਘ ਦੀ ਅਗਵਾਈ 'ਚ ਗਸ਼ਤ ਦੌਰਾਨ ਬਾਬਾ ਕਾਲੇ ਸ਼ਾਹ ਦੀ ਸਮਾਧ ਵੱਲੋਂ ਖੇਮਕਰਨ ਕੋਲ ਪੁੱਜੀ ਤਾਂ ਪੁਲਸ ਪਾਰਟੀ ਨੂੰ ਸਾਹਮਣੇ ਇੱਕ ਮੋਨਾ ਵਿਅਕਤੀ ਪੈਦਲ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਦੇਖ ਕੇ ਇੱਕ ਦਮ ਘਬਰਾ ਗਿਆ ਅਤੇ ਉਹ ਆਪਣੇ ਕੁੜਤੇ ਦੀ ਸੱਜੀ ਜੇਬ 'ਚੋਂ ਇੱਕ ਮੋਮੀ ਲਿਫਾਫਾ ਘਾਹ ਫੂਸ 'ਚ ਸੁੱਟ ਕੇ ਖਿਸਕਣ ਲੱਗਾ। ਥਾਣਾ ਮੁਖੀ ਨੇ ਦੱਸਿਆ ਕਿ ਜਦੋਂ ਪੁਲਸ ਪਾਰਟੀ ਨੇ ਤੁਰੰਤ ਹਰਕਤ 'ਚ ਆਉਂਦਿਆਂ ਉਪਰੋਕਤ ਵਿਅਕਤੀ ਨੂੰ ਕਾਬੂ ਕਰਕੇ ਪੁੱਛ-ਗਿੱਛ ਕੀਤੀ ਤਾਂ ਉਪਰੋਕਤ ਵਿਅਕਤੀ ਨੇ ਆਪਣਾ ਨਾਂਅ ਗੁਰਸਾਹਿਬ ਸਿੰਘ ਪੁੱਤਰ ਅਮਰ ਸਿੰਘ ਵਾਸੀ ਮੀਆਂਵਾਲਾ ਦੱਸਿਆ। ਉਨ੍ਹਾਂ ਦੱਸਿਆ ਕਿ ਜਦੋਂ ਪੁਲਸ ਪਾਰਟੀ ਨੇ ਉਪਰੋਕਤ ਵਿਅਕਤੀ ਵੱਲੋਂ ਸੁੱਟੇ ਗਏ ਲਿਫਾਫੇ ਦੀ ਜਾਂਚ ਕੀਤੀ ਤਾਂ ਉਸ 'ਚੋਂ ਕਰੀਬ 70 ਨਸ਼ੇ ਦੀਆਂ ਗੋਲੀਆਂ ਨਿਕਲੀਆਂ, ਜਿਸ 'ਤੇ ਉਕਤ ਵਿਅਕਤੀ ਵਿਰੁੱਧ ਐੱਨ.ਡੀ.ਪੀ.ਐਸ. ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।



29-march-PAGE-4.qxd 3/28/2023 10:16 PM Page 1

ਨਵਾਂ ਜ਼ਮਾਨਾ

ਬੁੱਧਵਾਰ, 29 ਮਾਰਚ 2023

# ਭਾਜਪਾ ਦੀ ਬੁਖਲਾਹਟ

*ਰਾਹੁਲ ਗਾਂਧੀ ਵੱਲੋਂ ਬਰਤਾਨੀਆ ਵਿੱਚ ਦਿੱਤੇ ਬਿਆਨਾਂ ਨੂੰ ਲੈ ਕੇ ਸੱਤਾਧਾਰੀਆਂ ਨੇ ਪਹਿਲਾਂ ਸੰਸਦ ਦੀ ਕਾਰਵਾਈ ਠੱਪ ਰੱਖੀ ਤੇ ਫਿਰ ਗੱਲ ਇੱਥੋਂ ਤੱਕ ਪੁਚਾ ਦਿੱਤੀ ਗਈ ਕਿ ਰਾਹੁਲ ਗਾਂਧੀ ਨੂੰ ਸੰਸਦ ਵਿੱਚੋਂ ਹੀ ਬੇਦਖਲ ਕਰ ਦਿੱਤਾ ਗਿਆ। ਸਵਾਲ ਪੈਦਾ ਹੁੰਦਾ ਹੈ ਕਿ ਕੀ ਇਸ ਵਰਤਾਰੇ ਪਿੱਛੇ ਰਾਹੁਲ ਗਾਂਧੀ ਵੱਲੋਂ ਬਰਤਾਨੀਆ ਵਿੱਚ ਦਿੱਤਾ ਗਿਆ ਉਹ ਕਿਹੜਾ ਬਿਆਨ ਸੀ, ਜਿਸ ਤੋਂ ਸੱਤਾਧਾਰੀ ਏਨੇ ਬੁਖਲਾ ਗਏ ਹਨ।*

*ਸਭ ਤੋਂ ਪਹਿਲਾਂ ਇਹ ਦੇਖਦੇ ਹਾਂ ਕਿ ਰਾਹੁਲ ਗਾਂਧੀ ਨੇ ਬਰਤਾਨੀਆ ਦੌਰੇ ਦੌਰਾਨ ਕਿਹਾ ਕੀ ਸੀ। ਲੰਡਨ ਵਿੱਚ ਇੱਕ ਥਿੰਕ-ਟੈਂਕ ਚੈਥਮ ਹਾਊਸ ਵਿੱਚ ਚਰਚਾ ਦੌਰਾਨ ਇੱਕ ਸਵਾਲ ਦੇ ਜਵਾਬ ਵਿੱਚ ਰਾਹੁਲ ਗਾਂਧੀ ਨੇ ਕਿਹਾ, 'ਦੇਖੋ ਸਭ ਤੋਂ ਪਹਿਲਾਂ ਇਹ ਸਾਡੀ ਸਮੱਸਿਆ ਹੈ (ਮੋਦੀ ਰਾਜ ਅਧੀਨ ਲੋਕਤੰਤਰੀ ਸੰਸਥਾਵਾਂ ਦਾ ਘਾਣ), ਇਹ ਅੰਦਰੂਨੀ ਮਾਮਲਾ ਹੈ, ਭਾਰਤ ਦੀ ਸਮੱਸਿਆ ਹੈ ਤੇ ਇਸ ਦਾ ਹੱਲ ਅੰਦਰੋਂ ਹੀ ਹੋਵੇਗਾ, ਬਾਹਰੋਂ ਨਹੀਂ। ਹਾਲਾਂਕਿ ਭਾਰਤ ਵਿੱਚ ਲੋਕਤੰਤਰ ਦਾ ਅਰਥ ਹੈ ਕਿ ਭਾਰਤ ਵਿੱਚ ਲੋਕਤੰਤਰ ਸੰਸਾਰਕ ਭਲੇ ਲਈ ਹੈ। ਇਹ ਸਾਡੀਆਂ ਹੱਦਾਂ ਤੋਂ ਕਿਤੇ ਅੱਗੇ ਜਾ ਕੇ ਅਸਰ ਕਰਦਾ ਹੈ।' ਉਨ੍ਹਾ ਅੱਗੇ ਕਿਹਾ, 'ਜੇਕਰ ਭਾਰਤ ਵਿੱਚ ਲੋਕਤੰਤਰ ਖ਼ਤਮ ਹੋ ਜਾਂਦਾ ਹੈ ਤਾਂ ਮੇਰੀ ਸਮਝ ਮੁਤਾਬਕ ਇਹ ਦੁਨੀਆ ਵਿੱਚ ਲੋਕਤੰਤਰ ਲਈ ਬਹੁਤ ਗੰਭੀਰ ਤੇ ਘਾਤਕ ਝਟਕਾ ਹੋਵੇਗਾ। ਇਸ ਲਈ ਇਹ ਤੁਹਾਡੇ ਲਈ ਵੀ ਜ਼ਰੂਰੀ ਹੈ, ਸਿਰਫ਼ ਸਾਡੇ ਲਈ ਹੀ ਮਹੱਤਵਪੂਰਨ ਨਹੀਂ ਹੈ। ਅਸੀਂ ਆਪਣੀ ਸਮੱਸਿਆ ਨਾਲ ਨਿੱਬੜ ਲਵਾਂਗੇ, ਪਰ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਸਮੱਸਿਆ ਵਿਸ਼ਵ ਪੱਧਰ ਉੱਤੇ ਅੱਗੇ ਵਧਣ ਵਾਲੀ ਹੈ। ਇਹ ਸਿਰਫ਼ ਭਾਰਤ ਵਿੱਚ ਹੀ ਹੋਣ ਵਾਲਾ ਨਹੀਂ ਹੈ ਅਤੇ ਆਪ ਇਸ ਬਾਰੇ ਕੀ ਕਰਦੇ ਹੋ, ਇਹ ਨਿਸਚਤ ਤੌਰ 'ਤੇ ਤੁਹਾਡੇ 'ਤੇ ਨਿਰਭਰ ਕਰਦਾ ਹੈ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਭਾਰਤ ਵਿੱਚ ਕੀ ਹੋ ਰਿਹਾ—ਇੱਕ ਲੋਕਤੰਤਰਿਕ ਮਾਡਲ ਦੇ ਵਿਚਾਰ ਉੱਤੇ ਹਮਲਾ ਕੀਤਾ ਜਾ ਰਿਹਾ ਹੈ, ਉਸ ਨੂੰ ਧਮਕਾਇਆ ਜਾ ਰਿਹਾ ਹੈ।'*

*ਉਪਰੋਕਤ ਸਾਰੇ ਬਿਆਨ ਵਿੱਚ ਕਿਤਿਓਂ ਵੀ ਇਹ ਸਾਬਤ ਨਹੀਂ ਹੁੰਦਾ ਕਿ ਰਾਹੁਲ ਗਾਂਧੀ ਨੇ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਵਿਦੇਸ਼ੀ ਦਖ਼ਲ ਦੀ ਮੰਗ ਕੀਤੀ ਸੀ, ਜਿਵੇਂ ਕਿ ਸੱਤਾ ਪੱਖ ਦੇ ਮੰਤਰੀਆਂ ਨੇ ਦੋਸ਼ ਲਾਇਆ ਸੀ।*

*ਕੈਂਬਰਿਜ ਯੂਨੀਵਰਸਿਟੀ ਵਿੱਚ ਆਪਣੇ ਭਾਸ਼ਣ ਵਿੱਚ ਰਾਹੁਲ ਗਾਂਧੀ ਨੇ ਕਿਹਾ, 'ਸਭ ਜਾਣਦੇ ਹਨ ਕਿ ਭਾਰਤੀ ਲੋਕਤੰਤਰ ਦਬਾਅ ਵਿੱਚ ਹੈ। ਇਸ ਉੱਤੇ ਲਗਾਤਾਰ ਹਮਲੇ ਹੋ ਰਹੇ ਹਨ। ਹੋ ਕੀ ਰਿਹਾ ਹੈ ਕਿ ਲੋਕਤੰਤਰ ਲਈ ਜਿਸ ਸੰਸਥਾਗਤ ਢਾਂਚੇ ਦੀ ਜ਼ਰੂਰਤ ਹੁੰਦੀ ਹੈ—ਸੰਸਦ, ਅਜ਼ਾਦ ਪ੍ਰੈੱਸ, ਨਿਆਂਪਾਲਿਕਾ, ਇਕੱਠੇ ਜੋ ਜਾਣ ਦਾ ਵਿਚਾਰ, ਇਹ ਸਭ ਖ਼ਤਮ ਹੁੰਦੇ ਜਾ ਰਹੇ ਹਨ। ਸਾਡੇ ਲੋਕਤੰਤਰ ਦੇ ਮੂਲ ਢਾਂਚੇ ਉੱਤੇ ਹਮਲਾ ਹੋ ਰਿਹਾ ਹੈ।'*

*ਉਥੇ ਰਾਹੁਲ ਗਾਂਧੀ ਨੇ ਇਹ ਵੀ ਕਿਹਾ ਕਿ ਕੇਂਦਰ ਵੱਲੋਂ ਮੀਡੀਆ ਤੇ ਬਾਕੀ ਸੰਸਥਾਵਾਂ ਉੱਤੇ ਕਬਜ਼ਾ ਕਰ ਲੈਣ ਕਾਰਨ ਵਿਰੋਧੀ ਧਿਰਾਂ ਦਾ ਜਨਤਾ ਨਾਲ ਸੰਵਾਦ ਖ਼ਤਮ ਹੋ ਚੁੱਕਾ ਹੈ। ਇਸ ਦਮਘੋਟੂ ਮਾਹੌਲ ਕਾਰਨ ਹੀ ਉਨ੍ਹਾ ਵੱਲੋਂ ਭਾਰਤ ਜੋੜੋ ਯਾਤਰਾ ਰਾਹੀਂ ਲੋਕਾਂ ਕੋਲ ਜਾਣ ਦਾ ਫ਼ੈਸਲਾ ਲਿਆ ਗਿਆ ਸੀ।*

*ਉਪਰੋਕਤ ਸਾਰੀਆਂ ਗੱਲਾਂ ਰਾਹੁਲ ਗਾਂਧੀ ਦੇਸ਼ ਵਿੱਚ ਵੀ ਕਰਦੇ ਰਹੇ ਹਨ ਤੇ ਇਹ ਵਿਦੇਸ਼ੀ ਅਖ਼ਬਾਰਾਂ ਵਿੱਚ ਵੀ ਛਪਦੀਆਂ ਰਹੀਆਂ ਹਨ। ਅਸਲ ਵਿੱਚ ਭਾਜਪਾ ਨੂੰ ਸਭ ਤੋਂ ਦੁਖੀ ਕਰਨ ਵਾਲੀ ਗੱਲ ਇਹ ਸੀ ਕਿ ਲੰਡਨ ਦੌਰੇ ਦੌਰਾਨ ਰਾਹੁਲ ਗਾਂਧੀ ਨੇ ਆਰ ਐੱਸ ਐੱਸ ਉੱਤੇ ਤਿੱਖੇ ਹਮਲੇ ਕੀਤੇ ਸਨ। ਆਰ ਐੱਸ ਐੱਸ ਦੇ ਵਿਦੇਸ਼ਾਂ ਵਿੱਚ ਵੱਡੀ ਗਿਣਤੀ ਵਿੱਚ ਸਮਰਥਕ ਹਨ। ਇਨ੍ਹਾਂ ਰਾਹੀਂ ਹੀ ਸੰਘ ਪਰਵਾਰ ਨਰਿੰਦਰ ਮੋਦੀ ਨੂੰ ਵਿਸ਼ਵੀ ਨੇਤਾ ਤੇ ਭਾਰਤ ਨੂੰ ਵਿਸ਼ਵ ਗੁਰੂ ਬਣਾਏ ਜਾਣ ਦਾ ਪ੍ਰਚਾਰ ਕਰਦਾ ਹੈ। ਇਹੋ ਨਹੀਂ ਇਹ ਆਰਥਕ ਤੌਰ 'ਤੇ ਸਮਰੱਥ ਲੋਕ ਸੰਘ ਨੂੰ ਵੱਡੀ ਆਰਥਕ ਮਦਦ ਵੀ ਕਰਦੇ ਹਨ।*

*ਰਾਹੁਲ ਗਾਂਧੀ ਨੇ ਆਪਣੇ ਭਾਸ਼ਣਾਂ ਵਿੱਚ ਆਰ ਐੱਸ ਐੱਸ ਦੀ ਤੁਲਨਾ ਇਸਲਾਮਿਕ ਸੰਗਠਨ 'ਮੁਸਲਿਮ ਬ੍ਰਦਰਹੁੱਡ' ਨਾਲ ਕਰਕੇ ਇਸ ਨੂੰ ਫਾਸ਼ੀਵਾਦੀ ਤੇ ਕੱਟੜਪੰਥੀ ਸੰਗਠਨ ਕਰਾਰ ਦਿੱਤਾ ਸੀ। ਉਨ੍ਹਾ ਕਿਹਾ ਸੀ, 'ਭਾਰਤ ਵਿੱਚ ਅੱਜ ਰਾਜਨੀਤਕ ਮਾਹੌਲ ਪੂਰੀ ਤਰ੍ਹਾਂ ਬਦਲ ਗਿਆ ਹੈ। ਇਸ ਦਾ ਕਾਰਨ ਆਰ ਐੱਸ ਐੱਸ ਨਾਂਅ ਦੇ ਇੱਕ ਫਾਸ਼ੀਵਾਦੀ ਸੰਗਠਨ ਵੱਲੋਂ ਭਾਰਤ ਦੀਆਂ ਸਾਰੀਆਂ ਸੰਸਥਾਵਾਂ ਉੱਤੇ ਕਬਜ਼ਾ ਕਰ ਲੈਣਾ ਹੈ।' ਉਨ੍ਹਾ ਇਸ ਦੀ ਵਿਆਖਿਆ ਕਰਦਿਆਂ ਕਿਹਾ, 'ਆਰ ਐੱਸ ਐੱਸ ਇੱਕ ਗੁਪਤ ਜਥੇਬੰਦੀ ਹੈ। ਇਹ ਮੁਸਲਿਮ ਬ੍ਰਦਰਹੁੱਡ ਦੀ ਤਰਜ਼ ਉੱਤੇ ਬਣਾਈ ਗਈ ਹੈ। ਇਸ ਦਾ ਵਿਚਾਰ ਇਹ ਹੈ ਕਿ ਲੋਕਤੰਤਰੀ ਮੁਕਾਬਲੇ ਰਾਹੀਂ ਸੱਤਾ ਵਿੱਚ ਆ ਕੇ ਚੋਣਾਂ ਨੂੰ ਹੀ ਖ਼ਤਮ ਕਰ ਦਿੱਤਾ ਜਾਵੇ। ਮੈਨੂੰ ਇਹ ਗੱਲ ਹੈਰਾਨ ਕਰ ਰਹੀ ਹੈ ਕਿ ਉਹ ਸਾਡੇ ਦੇਸ਼ ਵਿੱਚ ਵੱਖ-ਵੱਖ ਸੰਸਥਾਵਾਂ ਉੱਤੇ ਕਬਜ਼ਾ ਕਰਨ ਵਿੱਚ ਸਫ਼ਲ ਹੋ ਗਏ ਹਨ। ਪ੍ਰੈੱਸ, ਨਿਆਂਪਾਲਿਕਾ, ਸੰਸਦ, ਚੋਣ ਕਮਿਸ਼ਨ ਤੇ ਬਾਕੀ ਸਭ ਸੰਸਥਾਵਾਂ ਦਬਾਅ ਵਿੱਚ ਹਨ।'*

*ਇਹ ਸੀ ਸਭ ਤੋਂ ਦੁਖਦੀ ਰਗ, ਜਿਸ ਕਾਰਨ ਆਰ ਐੱਸ ਐੱਸ ਤੇ ਭਾਜਪਾ ਨੇ ਰਾਹੁਲ ਗਾਂਧੀ ਨੂੰ ਆਪਣੇ ਰਾਹ ਵਿੱਚੋਂ ਹਟਾਉਣ ਦਾ ਮਨ ਬਣਾ ਲਿਆ, ਪਰ ਇੱਥੇ ਸੰਘ ਤੇ ਭਾਜਪਾ ਗਲਤੀ ਕਰ ਬੈਠੇ। ਇੱਕ ਤਾਂ ਰਾਹੁਲ ਗਾਂਧੀ ਕਮਜ਼ੋਰ ਨਹੀਂ ਤੇ ਦੂਜਾ ਭਾਰਤ ਜੋੜੋ ਯਾਤਰਾ ਨੇ ਉਸ ਦੀ ਸ਼ਖ਼ਸੀਅਤ ਨੂੰ ਨਵਾਂ ਰੂਪ ਦਿੱਤਾ ਹੈ, ਜਿਸ ਨੂੰ ਵਿਦੇਸ਼ਾਂ ਵਿੱਚ ਵੀ ਤਵੱਜੋ ਦਿੱਤੀ ਜਾ ਰਹੀ ਹੈ। ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਸਾਡੇ ਲੋਕ ਇੱਕ ਹੱਦ ਤੋਂ ਵੱਧ ਕਿਸੇ ਨਾਲ ਹੋ ਰਹੀਆਂ ਵਧੀਕੀਆਂ ਨੂੰ ਸਹਿਣ ਨਹੀਂ ਕਰਦੇ। ਇਤਿਹਾਸ ਇੱਕ ਵਾਰ ਫਿਰ ਦੁਹਰਾਇਆ ਗਿਆ ਹੈ। ਐਮਰਜੈਂਸੀ ਬਾਅਦ ਜਨਤਾ ਪਾਰਟੀ ਦੀ ਸਰਕਾਰ ਸਮੇਂ ਚੌਧਰੀ ਚਰਨ ਸਿੰਘ ਦੀ ਜ਼ਿੱਦ ਕਾਰਨ ਇੰਦਰਾ ਗਾਂਧੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਮੁਕੱਦਮੇ ਦਾ ਕੋਈ ਠੋਸ ਅਧਾਰ ਨਾ ਹੋਣ ਕਾਰਨ ਉਨ੍ਹਾ ਨੂੰ ਜ਼ਮਾਨਤ ਮਿਲ ਗਈ। ਇਸ ਦੇ ਨਾਲ ਹੀ ਇੰਦਰਾ ਗਾਂਧੀ ਦਾ ਮੁੜ ਉਭਾਰ ਸ਼ੁਰੂ ਹੋ ਗਿਆ ਤੇ ਉਹ ਜਨਤਾ ਪਾਰਟੀ ਨੂੰ ਧੂੜ ਚਟਾ ਕੇ ਮੁੜ ਪੂਰੀ ਬਹੁਸੰਮਤੀ ਨਾਲ ਸੱਤਾ ਵਿੱਚ ਆ ਗਈ ਸੀ।*

**-ਚੰਦ ਫਤਿਹਪੁਰੀ**

# ਲੀਡਰਸ਼ਿਪ 'ਚ ਤਬਦੀਲੀ ਬਿਨਾਂ ਅਕਾਲੀ ਦਲ ਦਾ ਉੱਭਰਨਾ ਮੁਸ਼ਕਲ

**ਦਰਸ਼ਨ ਸਿੰਘ ਸ਼ੰਕਰ**



ਇਸ ਸਮੇਂ ਦੇਸ਼ ਦੀ ਰਾਜਨੀਤੀ ਵਿਚ ਸੱਤਾਧਾਰੀ ਪਾਰਟੀ ਦਾ ਵਰਤਾਰਾ ਇਕਤਰਫਾ ਚੱਲ ਰਿਹੈ। ਲੰਮਾ ਸਮਾਂ ਰਾਜ ਕਰਨ ਵਾਲੀ ਕਾਂਗਰਸ ਪਾਰਟੀ ਕਰੀਬ-ਕਰੀਬ ਹਾਸ਼ੀਏ 'ਤੇ ਜਾ ਚੁੱਕੀ ਹੈ। ਅਜਿਹੇ ਵਿਚ ਪਹਿਲੀ ਨਜ਼ਰੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਮਜ਼ਬੂਤ ਟੱਕਰ ਦੇਣ ਵਿਚ ਕੋਈ ਵੱਡਾ ਵਿਰੋਧ ਉਭਰਦਾ ਦਿਖਾਈ ਨਹੀਂ ਦੇ ਰਿਹਾ। ਕਾਂਗਰਸ ਤੋਂ ਬਗੈਰ ਕੁੱਝ ਖੇਤਰੀ ਪਾਰਟੀਆਂ ਇਕ ਸਾਂਝਾ ਮੋਰਚਾ ਖੜਾ ਕਰਨ ਦਾ ਯਤਨ ਤਾਂ ਕਰ ਰਹੀਆਂ ਨੇ, ਪਰ ਉਹਨਾਂ ਦੀ ਕਿਸੇ ਲੀਡਰ ਦੀ ਅਗਵਾਈ ਤੇ ਸਹਿਮਤੀ ਬਣਦੀ ਨਹੀਂ ਦਿਸਦੀ। ਪੰਜਾਬ ਦੀ ਰਾਜਨੀਤੀ 'ਤੇ ਹਮੇਸ਼ਾ ਭਾਰੂ ਰਹਿਣ ਵਾਲੀ ਪੰਥਕ ਅਤੇ ਕਿਸਾਨੀ ਆਧਾਰ ਵਾਲੀ ਪਾਰਟੀ 'ਸ਼੍ਰੋਮਣੀ ਅਕਾਲੀ ਦਲ' ਲਗਾਤਾਰ ਗਿਰਾਵਟ ਵੱਲ ਜਾ ਰਹੀ ਹੈ। ਕਿਸੇ ਸਮੇਂ ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ, ਜਗਦੇਵ ਸਿੰਘ ਤਲਵੰਡੀ ਵਰਗੇ ਨੇਤਾ ਕੌਮੀ ਰਾਜਨੀਤੀ ਵਿਚ ਕਾਫੀ ਪ੍ਰਭਾਵ ਰੱਖਦੇ ਸਨ ਅਤੇ ਕੌਮੀ ਪਾਰਟੀਆਂ ਦੇ ਲੀਡਰ ਵੀ ਉਨ੍ਹਾਂ ਨੂੰ ਨਜ਼ਰ-ਅੰਦਾਜ਼ ਨਹੀਂ ਸਨ ਕਰਦੇ। ਜਦੋਂ ਤੋਂ ਪਾਰਟੀ ਦੀ ਕਮਾਨ ਸੁਖਬੀਰ ਬਾਦਲ ਨੇ ਸੰਭਾਲੀ ਹੈ, ਉਨ੍ਹਾਂ ਦੇ ਅੱਖੜ ਵਰਤਾਰੇ ਨਾਲ ਪਾਰਟੀ ਪੰਜਾਬੀਆਂ ਦੇ ਮਨਾਂ ਵਿੱਚੋਂ ਉੱਤਰਦੀ ਜਾ ਰਹੀ ਹੈ। ਸੁਖਬੀਰ ਦੀ ਅਗਵਾਈ ਵਿਚ ਪਾਰਟੀ ਦੀਆਂ 2017 ਵਿਧਾਨ ਸਭਾ, 2019 ਲੋਕ ਸਭਾ ਅਤੇ ਫਿਰ 2022 ਵਿਧਾਨ ਸਭਾ ਚੋਣਾਂ ਵਿਚ ਸ਼ਰਮਨਾਕ ਹਾਰਾਂ ਹੋਈਆਂ ਨੇ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਸਿਰਫ 3 ਸੀਟਾਂ 'ਤੇ ਸਿਮਟ ਕੇ ਪਾਰਟੀ ਸੂਬੇ ਦੀ ਰਾਜਨੀਤੀ ਦੇ ਹਾਸ਼ੀਏ 'ਤੇ ਪੁੱਜ ਚੁੱਕੀ ਹੈ। ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਵਿਚ ਤਾਂ ਪਾਰਟੀ ਉਮੀਦਵਾਰ ਦੀ ਜ਼ਮਾਨਤ ਵੀ ਜ਼ਬਤ ਹੋ ਗਈ। ਅਕਾਲੀ ਦਲ ਦੀਆਂ ਸ਼ਰਮਨਾਕ ਹਾਰਾਂ ਨਾਲ ਵਰਕਰਾਂ ਦਾ ਮਨੋਬਲ ਟੁੱਟਿਆ ਦਿਖਦੈ। ਬਾਦਲਾਂ ਤੇ ਪਾਰਟੀ ਅਤੇ ਸ਼੍ਰੋਮਣੀ ਕਮੇਟੀ ਉਪਰ ਸਿੱਧੇ ਕੰਟਰੋਲ, ਸਿਰਸਾ ਸਾਧ ਨੂੰ ਮੁਆਫੀ ਅਤੇ ਬੇਅਦਬੀ ਦੇ ਦੋਸ਼ੀਆਂ ਨੂੰ ਬਚਾਉਣ ਦੇ ਦੋਸ਼ਾਂ ਕਾਰਨ ਰਵਾਇਤੀ ਪੰਥਕ ਆਧਾਰ ਖਿਸਕ ਚੁੱਕੈ। ਖੇਤੀ ਕਾਨੂੰਨਾਂ ਨੂੰ ਸਹੀ ਕਹਿਣ ਨਾਲ ਕਿਸਾਨ ਵੀ ਨਾਰਾਜ਼ ਨੇ। ਦਿੱਲੀ ਗੁਰਦੁਆਰਾ ਕਮੇਟੀ ਹੱਥੋਂ ਗਈ ਅਤੇ ਹਰਿਆਣਾ ਵਿਚ ਵੱਖਰੀ ਕਮੇਟੀ ਦਾ ਗਠਨ ਹੋ ਚੁੱਕੈ। ਬੀਬੀ ਜਗੀਰ ਕੌਰ ਦੀ ਬਗਾਵਤ ਨਾਲ ਵੱਡਾ ਝਟਕਾ ਲੱਗਿਐ। ਅੰਦਰਖਾਤੇ ਬਹੁਤੇ ਲੀਡਰ ਨਾਰਾਜ਼ ਨੇ ਅਤੇ ਸਹੀ ਸਮੇਂ ਦੀ ਤਲਾਸ਼ ਵਿਚ ਨੇ। ਇਸ ਸਮੇਂ ਪੰਜਾਬ ਦੀ ਰਾਜਨੀਤੀ ਵਿਚ ਵੱਡਾ ਖਲਾਅ ਪੈਦਾ ਹੋ ਚੁੱਕੈ। ਰਵਾਇਤੀ ਪਾਰਟੀਆਂ ਮੁੜ ਉਭਾਰਨ ਦੇ ਸੰਘਰਸ਼ ਵਿਚ ਨੇ ਅਤੇ ਸੱਤਾਧਾਰੀ ਪਾਰਟੀ ਸੂਬੇ ਵਿਚ ਜਥੇਬੰਦਕ ਆਧਾਰ ਪੈਦਾ ਹੀ ਨਹੀਂ ਕਰ ਸਕੀ। ਬੀਤੇ ਵਿਚ ਸੂਬੇ ਦੇ ਵੱਡੇ ਮੁੱਦਿਆਂ ਅਤੇ ਵੱਧ ਅਧਿਕਾਰਾਂ ਲਈ ਅਕਾਲੀ ਦਲ ਨੇ ਵੱਡੀਆਂ ਲੜਾਈਆਂ ਲੜੀਆਂ ਵੀ ਨੇ ਅਤੇ ਜਿੱਤੀਆਂ ਵੀ ਹਨ। ਕਾਂਗਰਸ ਅਤੇ ਭਾਜਪਾ ਨੇ ਅਕਸਰ ਪੰਜਾਬ ਵਿਰੋਧੀ ਨੀਤੀਆਂ ਅਪਣਾਈਆਂ ਨੇ। ਅਜੋਕੇ ਸਮੇਂ ਵਿਚ ਅਕਾਲੀ ਦਲ ਵਰਗੀ ਸ਼ਾਨਦਾਰ ਇਤਿਹਾਸ ਵਾਲੀ ਖੇਤਰੀ ਪਾਰਟੀ ਸੂਬੇ ਦੀ ਵੱਡੀ ਲੋੜ ਹੈ, ਪਰ ਪਾਰਟੀ ਇਤਿਹਾਸ ਦੇ ਸਭ ਤੋਂ ਮਾੜੇ ਦੌਰ ਵਿੱਚੋਂ ਲੰਘ ਰਹੀ ਹੈ। ਮੌਜੂਦਾ ਪਾਰਟੀ ਲੀਡਰਸ਼ਿਪ ਨੂੰ ਲੋਕ ਵਾਰ-ਵਾਰ ਨੱਕਾਰ ਰਹੇ ਨੇ। ਪਾਰਟੀ ਦੀ ਮੁੜ ਸੁਰਜੀਤੀ ਲਈ ਨਵੀਂ ਲੀਡਰਸ਼ਿਪ ਉਭਾਰਨ ਦੀ ਜ਼ਰੂਰਤ ਹੈ। 2022 ਦੀਆਂ ਚੋਣਾਂ ਵਿਚ ਹਾਰ ਦੀ ਪੜਚੋਲ ਲਈ ਬਣਾਈ ਝੂੰਦਾ ਕਮੇਟੀ ਦੀ ਰਿਪੋਰਟ ਵਿਚ ਵੀ ਸੀਨੀਅਰ ਲੀਡਰਸ਼ਿਪ 'ਚ ਤਬਦੀਲੀ ਅਤੇ ਪਾਰਟੀ ਦੇ ਪੁਨਰਗਠਨ ਦੇ ਸੁਝਾਅ ਆਏ ਸਨ, ਪ੍ਰੰਤੂ ਰਿਪੋਰਟ ਨੂੰ ਨਜ਼ਰ-ਅੰਦਾਜ਼ ਕਰਕੇ ਸਿਖਰਲੀ ਲੀਡਰਸ਼ਿਪ ਵਿਚ ਤਬਦੀਲੀ ਦੀ ਬਜਾਏ ਸੁਖਬੀਰ ਬਾਦਲ ਨੇ ਸ਼ਿਕੰਜਾ ਹੋਰ ਕੱਸ ਲਿਆ। ਪਾਰਟੀ ਦੀਆਂ ਮੁਸ਼ਕਲਾਂ ਹਰ ਕਦਮ ਨਾਲ ਘਟਣ ਦੀ ਬਜਾਏ ਵਧਦੀਆਂ ਦਿਖਾਈ ਦਿੰਦੀਆਂ ਨੇ, ਪਰ ਅੰਦਰੂਨੀ ਖਿੱਚੋਤਾਣ ਵਧਦੀ ਹੀ ਜਾ ਰਹੀ ਹੈ।

### ਕੋਟਕਪੂਰਾ ਮਾਮਲੇ 'ਚ ਪੇਸ਼ੀ

ਬਹੁ-ਚਰਚਿਤ ਕੋਟਕਪੂਰਾ ਗੋਲੀਕਾਂਡ ਮਾਮਲੇ 'ਚ ਐੱਸ ਆਈ ਟੀ ਵੱਲੋਂ ਅਦਾਲਤ ਵਿਚ ਪੇਸ਼ ਕੀਤੇ ਚਲਾਨ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਨਾਂਅ ਆਉਣ ਨਾਲ ਪਾਰਟੀ ਵੱਡੀ ਉਲਝਣ ਵਿਚ ਫਸ ਚੁੱਕੀ ਹੈ। ਉੱਚ ਅਦਾਲਤਾਂ ਵੱਲੋਂ ਜ਼ਮਾਨਤਾਂ ਮਿਲਣ ਕਾਰਨ ਦੋਵੇਂ ਲੀਡਰਾਂ ਤੋਂ ਗ੍ਰਿਫਤਾਰੀ ਦਾ ਖਤਰਾ ਤਾਂ ਟਲ ਚੁੱਕੈ। ਅਜਿਹੇ ਸਮੇਂ ਪਾਰਟੀ ਲੀਡਰਸ਼ਿਪ ਦਾ ਰਵੱਈਆ ਬਹੁਤ ਹਲੀਮੀ ਅਤੇ ਨਿਮਰਤਾ ਵਾਲਾ ਹੋਣਾ ਜ਼ਰੂਰੀ ਹੈ। 23 ਮਾਰਚ ਨੂੰ ਦੋਵੇਂ ਬਾਦਲ ਫਰੀਦਕੋਟ ਅਦਾਲਤ ਵਿਚ ਪੇਸ਼ ਹੋਣ ਲਈ ਸਮਰਥਕਾਂ ਦੇ ਪੂਰੇ ਲਾਮ-ਲਸ਼ਕਰ ਨਾਲ ਪਹੁੰਚੇ। ਅਕਾਲੀ ਵਰਕਰਾਂ ਵੱਲੋਂ ਬਾਦਲਾਂ ਦੇ ਸਮਰਥਨ ਵਿਚ ਨਾਅਰੇ ਲਗਾਏ ਗਏ। ਸਮਰਥਕਾਂ ਦੀ ਆਓ ਭਗਤ ਲਈ ਲੰਗਰ ਅਤੇ ਚਾਹ-ਪਾਣੀ ਦਾ ਪ੍ਰਬੰਧ ਵੀ ਕੀਤਾ ਗਿਆ। ਸੁਖਬੀਰ ਬਾਦਲ ਜੀਪ 'ਤੇ ਚੜ੍ਹ ਕੇ ਵਿਕਟਰੀ ਸਾਈਨ ਬਣਾਉਂਦੇ ਦਿਸੇ। ਇਸ ਸਾਰੇ ਵਰਤਾਰੇ ਤੋਂ ਉਨ੍ਹਾਂ ਦਾ ਸੁਭਾਵਕ ਹੰਕਾਰੀ ਅਕਸ਼ ਹੋਰ ਉੱਭਰ ਕੇ ਸਾਹਮਣੇ ਆਇਆ। ਬਣਦਾ ਇਹ ਸੀ ਕਿ ਨਿਆਂਪਾਲਕਾ ਅਤੇ ਕਾਨੂੰਨ ਪ੍ਰਤੀ ਸਤਿਕਾਰ ਦਿਖਾਉਂਦੇ ਦੋਵੇਂ ਨੇਤਾ ਆਮ ਵਿਅਕਤੀਆਂ ਵਾਂਗ ਅਦਾਲਤ ਵਿਚ ਪੇਸ਼ ਹੁੰਦੇ ਅਤੇ ਪੰਜਾਬੀਆਂ ਦੇ ਮਨ ਜਿੱਤਦੇ। ਅਦਾਲਤ ਨੇ ਦੋਵੇਂ ਬਾਦਲਾਂ ਨੂੰ 5-5 ਲੱਖ ਦੇ ਜ਼ਮਾਨਤਨਾਮੇ ਭਰਨ ਤੋਂ ਬਾਅਦ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਗੋਲੀ ਕਾਂਡ ਦੇ ਮੁਲਜ਼ਮ ਵਜੋਂ ਨਾਮਜ਼ਦ ਹੋਏ ਸਾਬਕਾ ਡੀ ਜੀ ਪੀ ਸੈਣੀ, ਆਈ ਜੀ ਉਮਰਾਨੰਗਲ ਅਤੇ ਐਸਐਸਪੀ ਚਰਨਜੀਤ ਸ਼ਰਮਾ ਨੂੰ ਅਗਾਊਂ ਜਮਾਨਤ ਦੇ ਦਿੱਤੀ ਹੈ ਅਤੇ ਉਨ੍ਹਾਂ ਨੂੰ ਵੀ ਫਰੀਦਕੋਟ ਅਦਾਲਤ ਵਿੱਚ ਪੇਸ਼ ਹੋ ਕੇ ਜ਼ਮਾਨਤਨਾਮਾ ਭਰਨ ਦੇ ਨਿਰਦੇਸ਼ ਦਿੱਤੇ ਨੇ। ਇਸ ਕੇਸ ਦੀ ਅਗਲੀ ਤਾਰੀਖ 12 ਅਪਰੈਲ ਹੈ। ਬਹਿਬਲ ਕਲਾਂ ਗੋਲੀਕਾਂਡ ਮਾਮਲੇ ਦੀ ਚਾਰਜਸ਼ੀਟ ਵੀ ਅਦਾਲਤ ਵਿਚ ਜਲਦ ਪੇਸ਼ ਹੋਣ ਦੀ ਸੰਭਾਵਨਾ ਹੈ ਅਤੇ ਕਾਨੂੰਨੀ ਪ੍ਰਕਿਰਿਆ ਕਾਫੀ ਲੰਮੀ ਚੱਲੇਗੀ।

### ਜਲੰਧਰ 'ਚ ਵੱਡਾ ਟੈਸਟ

ਭਾਜਪਾ ਨਾਲੋਂ ਗੱਠਜੋੜ ਟੁੱਟਣ ਕਾਰਨ ਅਕਾਲੀ ਦਲ ਦੀ ਸਥਿਤੀ ਸ਼ਹਿਰੀ ਖੇਤਰਾਂ ਵਿਚ ਕਾਫੀ ਕਮਜ਼ੋਰ ਹੋ ਚੁੱਕੀ ਹੈ। ਹੁਣ ਜਲਦੀ ਹੀ ਹੋਣ ਵਾਲੀ ਜਲੰਧਰ ਲੋਕ ਸਭਾ ਸੀਟ ਦੀ ਉੱਪ ਚੋਣ ਅਕਾਲੀ ਦਲ ਲਈ ਕਰੋ ਜਾਂ ਮਰੋ ਵਾਲੀ ਸਥਿਤੀ ਹੋਵੇਗੀ। ਇਹ ਸੀਟ ਕਾਂਗਰਸ ਦੇ ਐੱਮ ਪੀ ਚੌਧਰੀ ਸੰਤੋਖ ਸਿੰਘ ਦੀ ਮੌਤ ਹੋਣ ਕਾਰਨ ਖਾਲੀ ਹੋਈ ਹੈ। 2019 ਲੋਕ ਸਭਾ ਚੋਣਾਂ ਦੌਰਾਨ ਅਕਾਲੀ ਦਲ-ਭਾਜਪਾ ਗੱਠਜੋੜ ਦੇ ਉਮੀਦਵਾਰ ਚਰਨਜੀਤ ਸਿੰਘ ਅਟਵਾਲ ਨੇ ਭਾਜਪਾ ਦੇ ਬਲਬੂਤੇ ਕਾਂਗਰਸ ਉਮੀਦਵਾਰ ਨੂੰ ਸਖਤ ਟੱਕਰ ਦਿੱਤੀ ਸੀ ਅਤੇ ਉਹ ਜੇਤੂ ਉਮੀਦਵਾਰ ਤੋਂ ਸਿਰਫ 19491 ਵੋਟਾਂ ਦੇ ਫਰਕ ਨਾਲ ਹਾਰੇ ਸਨ। ਇਸ ਸਮੇਂ ਅਕਾਲੀ ਦਲ ਦਾ ਬਸਪਾ ਨਾਲ ਗੱਠਜੋੜ ਚੱਲ ਰਿਹੈ। ਪਿਛਲੀ ਚੋਣ ਸਮੇਂ ਬਸਪਾ ਉਮੀਦਵਾਰ ਨੂੰ 2 ਲੱਖ ਵੋਟਾਂ ਮਿਲੀਆਂ ਸਨ। 38% ਦਲਿਤ ਵੋਟਰਾਂ ਵਾਲੇ ਇਸ ਹਲਕੇ ਵਿਚ ਬਸਪਾ ਦਾ ਪ੍ਰਭਾਵ ਘੱਟ ਨਹੀਂ ਆਂਕਿਆ ਜਾ ਸਕਦਾ। ਉਧਰ ਕਾਂਗਰਸ ਪਾਰਟੀ ਨੇ ਹਮਦਰਦੀ ਵੋਟ ਭਰੋਸੇ ਚੌਧਰੀ ਸੰਤੋਖ ਸਿੰਘ ਦੀ ਪਤਨੀ ਚੌਧਰੀ ਕਰਮਜੀਤ ਕੌਰ ਨੂੰ ਉਮੀਦਵਾਰ ਬਣਾਇਐ। ਆਮ ਆਦਮੀ ਪਾਰਟੀ ਦੇ ਉਮੀਦਵਾਰ ਸਾਬਕਾ ਜੱਜ ਜੋਰਾ ਸਿੰਘ ਨੂੰ ਸਿਰਫ 19491 ਵੋਟਾਂ ਹੀ ਮਿਲੀਆਂ ਸਨ ਅਤੇ ਇਸ ਵਾਰ ਉਮੀਦਵਾਰ ਦੀ ਤਲਾਸ਼ ਵਿਚ ਹੈ। ਜੇਕਰ ਅਕਾਲੀ ਦਲ ਦੀ ਕਾਰਗੁਜ਼ਾਰੀ ਨਹੀਂ ਸੁਧਰਦੀ ਤਾਂ ਇਹ ਬਾਦਲਾਂ ਲਈ ਬਹੁਤ ਘਾਤਕ ਸਾਬਿਤ ਹੋ ਸਕਦੀ ਹੈ ਅਤੇ ਪਾਰਟੀ ਵਿਚ ਵੱਡੀ ਦਰਾੜ ਦਾ ਕਾਰਨ ਵੀ ਬਣ ਸਕਦੀ ਹੈ। ਪਹਿਲਾਂ ਹੀ ਵਿਧਾਨ ਸਭਾ ਵਿਚ ਪਾਰਟੀ ਦੇ ਵਿਧਾਇਕ ਦਲ ਦੇ ਆਗੂ ਮਨਪ੍ਰੀਤ ਸਿੰਘ ਇਯਾਲੀ ਪਾਰਟੀ ਦੇ ਅੰਦਰਲੀ ਕਲਾ ਦਾ ਜ਼ਿਕਰ ਕਰ ਚੁੱਕੇ ਨੇ।

### ਸੂਬੇ ਦੇ ਮੌਜੂਦਾ ਹਾਲਾਤ

ਇਸ ਸਮੇਂ ਸੂਬੇ ਵਿਚ ਅਮਨ-ਕਾਨੂੰਨ ਅਤੇ ਮਾਲੀ ਹਾਲਤ ਕਾਫੀ ਖਰਾਬ ਹੋ ਚੁੱਕੀ ਹੈ, ਕੇਂਦਰੀ ਬਲਾਂ ਦੀ ਤਾਇਨਾਤੀ ਦੇ ਬਾਵਜੂਦ ਹਾਲਾਤ ਵਿਗੜਦੇ ਜਾ ਰਹੇ ਨੇ। ਸਥਿਤੀ ਸਰਕਾਰ ਦੇ ਕਾਬੂ ਤੋਂ ਬਾਹਰ ਹੁੰਦੀ ਦਿਸਦੀ ਹੈ। ਬੇਮੌਸਮੀ ਬਾਰਿਸ਼ ਅਤੇ ਗੜੇਮਾਰੀ ਕਾਰਨ ਪੂਰੀ ਕਿਸਾਨੀ ਪ੍ਰੇਸ਼ਾਨ ਹੈ। ਅਕਾਲੀ ਦਲ ਦਾ ਪੰਥਕ ਆਧਾਰ ਵੱਖਰੇ ਤੌਰ 'ਤੇ ਅੰਦੋਲਨ ਕਰ ਰਿਹੈ ਅਤੇ ਲੀਡਰਸ਼ਿਪ ਸਿਰਫ ਆਪਣੀ ਕੁਰਸੀ ਬਚਾਉਣ ਵਿਚ ਉਲਝੀ ਹੈ। ਪਾਰਟੀ ਛੱਡ ਚੁੱਕੇ ਵੱਡੇ ਆਗੂ ਬਾਦਲਾਂ ਬਗੈਰ ਅਕਾਲੀ ਦਲ ਦੇ ਉਭਾਰ ਲਈ ਸਹਿਮਤੀ ਦੇ ਚੁੱਕੇ ਨੇ। ਅਜਿਹੇ ਵਿਚ ਅਕਾਲੀ ਦਲ ਦੇ ਮੁੜ ਉਭਾਰ ਲਈ ਲੀਡਰਸ਼ਿਪ ਵਿਚ ਤਬਦੀਲੀ ਤੋਂ ਇਲਾਵਾ ਕੋਈ ਦੂਜਾ ਬਦਲਵਾਂ ਹੱਲ ਦਿਖਾਈ ਨਹੀਂ ਦੇ ਰਿਹਾ।

***# ਸੰਪਰਕ : 99158-36543***

# ਬਣੀ ਰਹੇ ਭਾਈਚਾਰਕ ਸਾਂਝ

**ਸੁਖਮੰਦਰ ਪੁੰਨੀ**

ਪੰਜਾਬ ਵਿਚ ਪਿਛਲੇ ਚਾਰ-ਪੰਜ ਦਿਨਾਂ ਤੋਂ ਜੋ ਕੁਝ ਘਟਿਆ-ਵਾਪਰਿਆ, ਜੋ ਕੁਝ ਲੋਕਾਂ ਦੇ ਨਜ਼ਰੀਏ ਵਿਚ ਬਹੁਤ ਚੰਗਾ ਕਦਮ ਹੈ ਤੇ ਕੁਝ ਲੋਕਾਂ ਅਨੁਸਾਰ ਬਹੁਤ ਗਲਤ ਹੋਇਆ, ਵਾਰਿਸ ਪੰਜਾਬ ਦੇ ਜਥੇਬੰਦੀ ਦੇ ਸਮਰਥਕਾਂ ਨੂੰ ਪੁਲਸ ਵੱਲੋਂ ਨਹੀਂ ਫੜਨਾ ਚਾਹੀਦਾ ਸੀ, ਪਰ ਪੰਜਾਬ ਸਰਕਾਰ ਦੇ ਅਨੁਸਾਰ ਸਭ ਕੁਝ ਠੀਕ ਹੋ ਰਿਹਾ ਹੈ, ਸੂਬੇ ਵਿਚ ਸ਼ਾਂਤੀ ਬਰਕਰਾਰ ਹੈ।

ਕਿਸੇ ਵੀ ਜਗ੍ਹਾ 'ਤੇ ਕੋਈ ਵੀ ਅਣਸੁਖਾਵੀਂ ਘਟਨਾ ਜਾਂ ਤਣਾਅਪੂਰਵਕ ਸਥਿਤੀ ਨਹੀਂ ਬਣੀ, ਜਿਸ ਕਰਕੇ ਪੰਜਾਬ ਦੇ ਲੋਕਾਂ ਦਾ ਨੁਕਸਾਨ ਹੋਇਆ ਹੋਵੇ, ਪਰ ਕੁਝ ਫਿਰਕਾਪ੍ਰਸਤਾ ਦੁਆਰਾ ਸਾਨੂੰ ਤੋੜਨ ਦੀ ਕੋਸ਼ਿਸ਼ ਵੀ ਕੀਤੀ ਗਈ, ਜਿਵੇਂ ਪੰਜਾਬ ਵਿਚ ਹਿੰਦੂ, ਸਿੱਖ, ਮੁਸਲਮਾਨ ਆਦਿ ਸਭ ਧਰਮਾਂ ਦੇ ਲੋਕ ਰਹਿੰਦੇ ਹਨ, ਇਸ ਲਈ ਇਹ ਜ਼ਰੂਰੀ ਹੈ ਕਿ ਆਪਸੀ ਭਾਈਚਾਰੇ ਦੇ ਲੋਕਾਂ ਵਿਚ ਮਤਭੇਦ ਨਾ ਪੈਦਾ ਹੋਵੇ, ਆਪਣੀ ਭਾਈਚਾਰਕ ਸਾਂਝ ਬਣੀ ਰਹੇ। ਇਸ ਲਈ ਇੰਟਰਨੈੱਟ ਵੀ ਸੂਬੇ ਵਿਚ ਬੰਦ ਕਰ ਦਿੱਤਾ ਗਿਆ। ਇੰਟਰਨੈੱਟ ਸੇਵਾਵਾਂ ਬੰਦ ਹੋਣ ਕਾਰਨ ਹੀ ਲੋਕਾਂ ਨੂੰ ਬਹੁਤ ਘੱਟ ਜਾਣਕਾਰੀ ਮਿਲੀ। ਪੁਖਤਾ ਜਾਣਕਾਰੀ ਬਹੁਤ ਘੱਟ ਲੋਕਾਂ ਨੂੰ ਮਿਲੀ। ਅਲੱਗ-ਅਲੱਗ ਨਿਊਜ਼ ਚੈਨਲਾਂ ਵੱਲੋਂ ਅਲੱਗ-ਅਲੱਗ ਖਬਰਾਂ ਦੇ ਰੂਪ ਵਿਚ ਜਾਣਕਾਰੀ ਦਿੱਤੀ ਗਈ।

ਇਕ ਨਿਊਜ਼ ਚੈਨਲ ਵੱਲੋਂ ਕਿਸੇ ਹੋਰ ਖਬਰ ਦੀ ਪੁਸ਼ਟੀ ਕੀਤੀ ਗਈ ਤਾਂ ਦੂਸਰੇ ਵੱਲੋਂ ਕਿਸੇ ਹੋਰ ਖਬਰ ਦੀ ਪੁਸ਼ਟੀ ਕੀਤੀ। ਕੁਝ ਨਿਊਜ਼ ਚੈਨਲਾਂ ਵੱਲੋਂ ਅੰਮ੍ਰਿਤਪਾਲ ਦੇ ਗ੍ਰਿਫਤਾਰ ਹੋਣ ਦੀ ਪੁਸ਼ਟੀ ਵੀ ਕੀਤੀ ਗਈ, ਕੁਝ ਵੱਲੋਂ ਨਹੀਂ ਕੀਤੀ ਗਈ ਪਰ ਬਾਅਦ ਵਿਚ ਖਬਰ ਨੂੰ ਬਦਲ ਦਿੱਤਾ ਗਿਆ, ਪਰ ਲੋਕਾਂ ਨੇ ਆਪਣੇ-ਆਪਣੇ ਨਜ਼ਰੀਏ ਅਨੁਸਾਰ ਆਪਣੇ-ਆਪਣੇ ਅੰਦਾਜ਼ੇ ਲਗਾਉਣੇ ਸ਼ੁਰੂ ਕਰ ਦਿੱਤੇ, ਜ਼ਿੱਦਬਾਜ਼ੀ ਵਿਚ ਪੈ ਕੇ ਬਹਿਸ ਕਰਨ ਲੱਗ ਪਏ, ਪਰ ਅਜਿਹਾ ਨਹੀਂ ਕਰਨਾ ਚਾਹੀਦਾ, ਆਪਣੀ ਭਾਈਚਾਰਕ ਸਾਂਝ ਨੂੰ ਬਣਾ ਕੇ ਰੱਖਣਾ ਚਾਹੀਦਾ। ਜਦੋਂ ਇੰਟਰਨੈੱਟ ਦੀਆਂ ਸੇਵਾਵਾਂ ਸ਼ੁਰੂ ਹੋਈਆਂ ਤਾਂ ਸੋਸ਼ਲ ਮੀਡੀਆ 'ਤੇ ਬਹੁਤ ਹੀ ਕੁਝ ਫੇਕ ਨਿਊਜ਼ ਜਾਂ ਕਿਸੇ ਦੀਆਂ ਪੁਰਾਣੀਆਂ ਵੀਡੀਓਜ਼ ਹੀ ਜਾਂ ਉਹਨਾਂ ਨੂੰ ਅਡਿਟ ਕਰਕੇ ਹੀ ਚਲਾਇਆ ਜਾ ਰਿਹਾ ਹੈ। ਲੋਕ ਇਕ-ਦੂਜੇ ਨੂੰ ਅੱਗੇ ਭੇਜ ਰਹੇ ਹਨ ਜੋ ਕਿ ਲੋਕਾਂ ਵਿਚ ਆਪਸੀ ਗੱਲਬਾਤ ਦੌਰਾਨ ਚਰਚਾ ਦਾ ਵਿਸ਼ਾ ਬਣਦਾ ਹੈ ਅਤੇ ਆਪਸੀ ਗੱਲਬਾਤ ਦੇ ਦੌਰਾਨ ਹੀ ਇਨ੍ਹਾਂ ਮੁੱਦਿਆ ਉੱਤੇ ਬਹਿਸ ਛਿੜਦੀ ਹੈ, ਆਪਣੀ ਭਾਈਚਾਰਕ ਸਾਂਝ ਉਪਰ ਸੱਟ ਪੈਂਦੀ ਹੈ। ਕੁਝ ਲੋਕਾਂ ਦੁਆਰਾ ਸੋਸ਼ਲ ਮੀਡੀਆ ਉਪਰ ਬਿਨਾਂ ਕਿਸੇ ਜਾਣਕਾਰੀ ਤੋਂ ਬਿਨਾਂ ਕਿਸੇ ਸਬੂਤ ਤੋਂ ਵੀਡੀਓ ਜਾਂ ਲਿਖ ਕੇ ਪੋਸਟ ਨੂੰ ਪਾ ਦਿੱਤਾ ਜਾਂਦਾ ਹੈ, ਪਰ ਲੋਕ ਇਸ ਨੂੰ ਸੱਚ ਸਮਝ ਲੈਂਦੇ ਹਨ, ਸਾਰੇ ਪਾਸੇ ਪੋਸਟ ਵਾਇਰਲ ਹੋ ਜਾਂਦੀ ਹੈ।

ਇਸ ਲਈ ਜ਼ਰੂਰੀ ਹੈ ਕਿ ਸੁਚੇਤ ਹੋ ਕੇ ਅਜਿਹੀਆਂ ਸੋਸ਼ਲ ਮੀਡੀਆ 'ਤੇ ਪੋਸਟਾਂ, ਖਬਰਾਂ ਵੱਲ ਜ਼ਿਆਦਾ ਧਿਆਨ ਨਾ ਦਿੱਤਾ ਜਾਵੇ, ਜੋ ਸਾਡੇ ਸਮਾਜਿਕ ਢਾਂਚੇ ਨੂੰ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਤੋੜਨ, ਕਿਉਂਕਿ ਦੋ-ਚਾਰ ਦਿਨ ਬਾਅਦ ਸਥਿਤੀ ਪਹਿਲਾਂ ਵਾਂਗ ਬਿਲਕੁਲ ਆਮ ਹੋ ਜਾਣੀ ਹੈ। ਇਸ ਲਈ ਸਾਨੂੰ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਉਨ੍ਹਾਂ ਦੀ ਪਛਾਣ ਕਰਕੇ ਉਸ ਨੂੰ ਅਣਗੌਲਿਆ ਕਰਨਾ ਚਾਹੀਦਾ ਹੈ, ਜੋ ਸਾਨੂੰ ਆਪਣੇ ਹਿੱਤ ਲਈ ਆਪਸ ਵਿਚ ਵੰਡ ਰਹੇ ਹਨ।

**# ਸੰਪਰਕ : 98157-88001**

# ਅਜੋਕੀ ਔਰਤ ਅਜੇ ਵੀ ਵਧੀਕੀਆਂ ਦੀ ਸ਼ਿਕਾਰ



**ਡਾ. ਗੁਰਤੇਜ ਸਿੰਘ**

ਸਾਡੇ ਦੇਸ਼ ਵਿੱਚ ਔਰਤ ਨੂੰ ਦੇਵੀ ਆਖ ਸਤਿਕਾਰਿਆ ਜਾਂਦਾ ਹੈ ਤੇ ਕੰਜਕਾਂ ਦੀ ਪੂਜਾ ਕੀਤੀ ਜਾਂਦੀ ਹੈ। ਰੱਖੜੀ ਦਾ ਤਿਉਹਾਰ ਅਤੇ ਹੋਰ ਰੀਤੀ-ਰਿਵਾਜ ਸਾਨੂੰ ਔਰਤਾਂ ਪ੍ਰਤੀ ਸਾਡੀ ਪ੍ਰਤੀਬੱਧਤਾ ਦਾ ਅਹਿਸਾਸ ਦਿਵਾਉਂਦੇ ਹਨ। ਅਜਿਹੀਆਂ ਮਾਣ-ਮਰਿਆਦਾਵਾਂ ਹੋਣ ਦੇ ਬਾਵਜੂਦ ਸਦੀਆਂ ਤੋਂ ਔਰਤ ਦੀ ਦਸ਼ਾ ਨਿੱਘਰੀ ਹੋਈ ਹੈ, ਜੋ ਮਰਦ ਪ੍ਰਧਾਨ ਸਮਾਜ ਦਾ ਮੂੰਹ ਚਿੜਾਉਂਦੀ ਹੈ। ਚਾਹੇ ਸਾਰੇ ਧਰਮ ਉਸ ਦੀ ਆਜ਼ਾਦੀ ਅਤੇ ਬਿਹਤਰੀ ਦੀ ਦੁਹਾਈ ਦਿੰਦੇ ਹਨ ਪਰ ਕਈ ਧਾਰਮਕ ਸਥਾਨਾਂ 'ਤੇ ਉਸ ਦੀ ਮੌਜੂਦਗੀ ਧਰਮ ਦੇ ਠੇਕੇਦਾਰਾਂ ਨੂੰ ਸੂਲ ਵਾਂਗ ਚੁੱਭਦੀ ਹੈ। ਮਰਿਆਦਾ ਦਾ ਢੰਡੋਰਾ ਪਿੱਟ ਕੇ ਔਰਤਾਂ ਦੀ ਧਾਰਮਕ ਆਜ਼ਾਦੀ ਦਾ ਗਲਾ ਘੋਟਿਆ ਜਾ ਰਿਹਾ ਹੈ। ਪਿਛਲੇ ਸਮੇਂ ਦੌਰਾਨ ਮਹਾਰਾਸ਼ਟਰ ਵਿੱਚ ਸ਼ਨੀਦੇਵ ਦੇ ਮੰਦਰ ਵਿੱਚ ਸ਼ਨੀਦੇਵ ਦੀ ਮੂਰਤੀ 'ਤੇ ਤੇਲ ਚੜ੍ਹਾਉਣ ਲਈ ਔਰਤਾਂ ਨੂੰ ਮਨਾਹੀ ਦਾ ਮੁੱਦਾ ਸੁਰਖੀਆਂ ਵਿੱਚ ਰਿਹਾ ਹੈ ਅਤੇ ਸਬਰੀਮਾਲਾ ਦਾ ਵਿਵਾਦ ਵੀ ਚਰਚਾ 'ਚ ਰਿਹਾ ਹੈ। ਇਸ ਕਰਕੇ ਔਰਤਾਂ ਨੇ ਸੰਘਰਸ਼ ਦੀ ਚਿਤਾਵਨੀ ਦਿੱਤੀ ਸੀ ਅਤੇ ਬਹੁਤ ਜੱਦੋ-ਜਹਿਦ ਮਗਰੋਂ ਉਨ੍ਹਾਂ ਨੂੰ ਉੱਥੇ ਪੂਜਾ ਦਾ ਅਧਿਕਾਰ ਮਿਲਿਆ ਸੀ। ਮੁਸਲਿਮ ਧਰਮ ਵਿੱਚ ਔਰਤ ਨੂੰ ਮਸਜਿਦ 'ਚ ਜਾ ਕੇ ਨਮਾਜ਼ ਪੜ੍ਹਨ ਦੀ ਇਜਾਜ਼ਤ ਨਹੀ ਹੈ। ਸਭ ਤੋਂ ਆਧੁਨਿਕ ਕਹੇ ਜਾਣ ਵਾਲੇ ਸਿੱਖ ਧਰਮ ਜਿਸ ਵਿੱਚ ਔਰਤ ਦੀ ਬਿਹਤਰੀ ਲਈ ਗੁਰੂਆਂ ਵੱਲੋਂ ਆਵਾਜ਼ ਬੁਲੰਦ ਕੀਤੀ ਗਈ ਸੀ, ਉਸ ਵਿੱਚ ਪਾਵਨ ਤਖਤ ਸਾਹਿਬਾਨਾਂ 'ਤੇ ਅਜੇ ਵੀ ਬੀਬੀਆਂ ਨੂੰ ਕੀਰਤਨ ਕਰਨ ਦੀ ਮਨਾਹੀ ਹੈ। ਇਸ ਤੋਂ ਸਾਫ਼ ਜ਼ਾਹਰ ਹੈ ਕਿ ਧਾਰਮਕ ਪੱਖੋਂ ਔਰਤ ਅਜੇ ਵੀ ਵਧੀਕੀਆਂ ਦਾ ਸ਼ਿਕਾਰ ਹੈ।

ਇਸ ਤੋਂ ਬਾਅਦ ਗੱਲ ਰਾਜਨੀਤੀ ਦੀ ਕਰਦੇ ਹਾਂ, ਜਿਸ ਵਿੱਚ 33 ਫ਼ੀਸਦੀ ਔਰਤਾਂ ਲਈ ਰਾਖਵਾਂਕਰਨ ਹੈ, ਪਰ ਅਜੇ ਵੀ ਰਾਜਨੀਤੀ ਵਿੱਚ ਔਰਤਾਂ ਦੀ ਸ਼ਮੂਲੀਅਤ ਘੱਟ ਹੈ। ਪਿੰਡਾਂ ਵਿੱਚ ਮਹਿਲਾ ਸਰਪੰਚ ਸਿਰਫ ਨਾਂਅ ਦੀਆਂ ਸਰਪੰਚ ਹਨ, ਕਿਉਂਕਿ ਪੰਚਾਇਤ ਦਾ ਕੰਮਕਾਜ ਉਨ੍ਹਾਂ ਦੇ ਪਤੀ, ਪੁੱਤ ਕਰਦੇ ਹਨ। ਕਿਸੇ ਵੀ ਫ਼ੈਸਲੇ ਸਮੇ ਉਹ ਉੱਥੇ ਮੌਜੂਦ ਤੱਕ ਨਹੀ ਹੁੰਦੀਆਂ। ਦਲਿਤ ਮਹਿਲਾ ਨੇਤਾਵਾਂ ਨੂੰ ਤਾਂ ਲੋਕ ਕੁਝ ਸਮਝਦੇ ਹੀ ਨਹੀ ਹਨ ਉਹ ਅਗਰ ਕੋਈ ਆਜ਼ਾਦ ਤੌਰ 'ਤੇ ਫ਼ੈਸਲਾ ਲੈਂਦੀਆਂ ਵੀ ਹਨ ਤਾਂ ਉਸ 'ਤੇ ਅਮਲ ਨਹੀ ਹੁੰਦਾ। ਅਕਸਰ ਉਨ੍ਹਾਂ ਔਰਤਾਂ ਨੂੰ ਮਾੜੀ ਸ਼ਬਦਾਵਲੀ ਨਾਲ ਸੰਬੋਧਨ ਤੱਕ ਕੀਤਾ ਜਾਂਦਾ ਹੈ।

ਔਰਤਾਂ ਦੀ ਸੁਰੱਖਿਆ ਦਾ ਮੁੱਦਾ ਖਾਸ ਕਰਕੇ ਵਿਚਾਰਨਯੋਗ ਹੈ, ਅਜੋਕੇ ਅਗਾਂਹਵਧੂ ਯੁੱਗ ਅੰਦਰ ਔਰਤਾਂ ਦੀ ਸੁਰੱਖਿਆ ਅੱਜ ਵੀ ਸ਼ੱਕ ਦੇ ਘੇਰੇ ਹੇਠ ਹੈ, ਜਿਸ ਦੀ ਸ਼ੁਰੂਆਤ ਉਸ ਦੇ ਜਨਮ ਤੋਂ ਪਹਿਲਾਂ ਹੀ ਹੋ ਜਾਂਦੀ ਹੈ ਤੇ ਪੂਰੀ ਉਮਰ ਅਸੁਰੱਖਿਅਤਾ ਦੇ ਆਲਮ 'ਚ ਗੁਜ਼ਰਦੀ ਹੈ। ਜਨਮ ਤੋਂ ਬਾਅਦ ਜਵਾਨੀ 'ਚ ਪੈਰ ਧਰਦੇ ਹੀ ਸਮਾਜ ਦੇ ਖੁਦਗਰਜ਼ ਲੋਕਾਂ ਦੀਆਂ ਗੰਦੀਆਂ ਨਜ਼ਰਾਂ ਅਤੇ ਹਰਕਤਾਂ ਦੀ ਸ਼ਿਕਾਰ ਹੁੰਦੀ ਹੈ, ਜੋ ਔਰਤ ਨੂੰ ਸਰੀਰਕ, ਮਾਨਸਿਕ ਰੂਪ 'ਚ ਜ਼ਖ਼ਮੀ ਕਰਦੀਆਂ ਹਨ। ਇੱਕ ਅਨੁਮਾਨ ਅਨੁਸਾਰ ਸੰਸਾਰ ਅੰਦਰ ਔਸਤਨ ਤੇਜ਼ਾਬ ਸੁੱਟਣ ਦੇ 1500 ਕੇਸ ਹਰ ਸਾਲ ਰਿਕਾਰਡ ਹੁੰਦੇ ਹਨ। ਭਾਰਤ ਵਿੱਚ ਪਿਛਲੇ ਦਸ ਸਾਲਾਂ ਦੌਰਾਨ 174 ਤੇਜ਼ਾਬ ਸੁੱਟਣ ਦੇ ਕੇਸ ਸਾਹਮਣੇ ਆਏ, ਜੋ ਸਰਕਾਰੀ ਫਾਈਲਾਂ ਦੇ ਨਾਲ ਸਮਾਜਕ ਚਿਹਰੇ-ਮੋਹਰੇ ਨੂੰ ਕਰੂਪ ਕਰਦੇ ਹਨ। ਮਜ਼ਦੂਰੀ ਕਰਦੀਆਂ ਔਰਤਾਂ ਬਲਕਿ ਹਰ ਜਗ੍ਹਾ, ਹਰ ਵਿਭਾਗ 'ਚ ਔਰਤਾਂ ਨਾਲ ਸਹਿਕਰਮੀ ਜਾਂ ਉੱਚ ਅਧਿਕਾਰੀ ਛੇੜਛਾੜ ਕਰਦੇ ਹਨ ਅਤੇ ਬਹੁਤ ਵਾਰ ਉਹ ਉਨ੍ਹਾਂ ਦੀ ਹਵਸ ਦਾ ਸ਼ਿਕਾਰ ਵੀ ਬਣਦੀਆਂ ਹਨ।

ਸਾਡੇ ਸੂਬੇ ਵਿੱਚ ਔਰਤਾਂ ਨਾਲ ਹੁੰਦੀ ਦਰਿੰਦਗੀ ਦੀਆਂ ਘਟਨਾਵਾਂ ਦੀ ਗਵਾਹੀ ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜੇ ਭਰਦੇ ਹਨ। ਇਨ੍ਹਾਂ ਅੰਕੜਿਆਂ ਅਨੁਸਾਰ ਪੰਜਾਬ ਸੂਬੇ ਵਿੱਚ ਪ੍ਰਤੀ ਦਿਨ ਦੋ ਔਰਤਾਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਵਾਪਰੀਆਂ ਹਨ, ਸਾਲ 2020-21 ਵਿੱਚ 504 ਔਰਤਾਂ ਨਾਲ ਜਬਰ-ਜ਼ਨਾਹ ਤੇ 53 ਤੋਂ ਵੱਧ ਔਰਤਾਂ ਨਾਲ ਦਰਿੰਦਗੀ ਕਰਨ ਦੀ ਕੋਸ਼ਿਸ਼ ਕੀਤੀ ਗਈ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਹੀ ਅੰਕੜੇ ਚੌਂਕਾਉਣ ਵਾਲੇ ਹਨ ਕਿ ਬਲਾਤਕਾਰ ਦੇ 94 ਫ਼ੀਸਦੀ ਦਰਜ ਮਾਮਲਿਆਂ ਵਿੱਚ ਦੋਸ਼ੀ ਪੀੜਤਾ ਦੇ ਕਰੀਬੀ ਸਨ, ਜਿਸ ਵਿੱਚ ਦਾਦਾ, ਭਰਾ ਜਾਂ ਪੁੱਤਰ ਤੱਕ ਵੀ ਸ਼ਾਮਲ ਸਨ। ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ ਦੇਸ ਅੰਦਰ ਸੰਨ 2010 ਤੋਂ ਬਾਅਦ ਬਲਾਤਕਾਰ ਮਾਮਲਿਆਂ 'ਚ 7.5 ਫ਼ੀਸਦੀ ਵਾਧਾ ਹੋਇਆ ਹੈ। ਜਬਰ-ਜ਼ਨਾਹ ਦਾ ਸ਼ਿਕਾਰ ਜਿਆਦਾਤਰ ਔਰਤਾਂ ਜਿਨ੍ਹਾਂ ਦੀ ਉਮਰ 18 ਤੋਂ 30 ਸਾਲ ਹੈ, ਹਰ ਤੀਸਰੀ ਪੀੜਤਾ ਦੀ ਉਮਰ 18 ਸਾਲ ਤੋਂ ਘੱਟ ਹੈ। ਰਿਪੋਰਟ ਅਨੁਸਾਰ ਪੂਰੇ ਦੇਸ਼ ਵਿੱਚ ਬਲਾਤਕਾਰ ਦੇ 36859 ਮਾਮਲਿਆਂ ਵਿੱਚ ਬੱਚੀਆਂ ਜਾਂ ਔਰਤਾਂ ਦੇ ਜਿਸਮਾਨੀ ਸ਼ੋਸ਼ਣ ਵਿੱਚ ਮੁਲਜ਼ਮ ਜਾਣਕਾਰ ਪਾਏ ਗਏ ਹਨ।

74ਵੇਂ ਗਣਤੰਤਰ ਦਿਵਸ ਤੋਂ ਕੁਝ ਦਿਨ ਪਹਿਲਾਂ ਪਟਿਆਲਾ ਜ਼ਿਲ੍ਹੇ ਦੇ ਬਲਬੇੜਾ ਕਸਬੇ ਵਿੱਚ ਇੱਕ ਵਿਆਹ ਸਮਾਗਮ ਦੀ ਸ਼ਾਮ ਨੂੰ ਅਨੁਸੂਚਿਤ ਜਾਤੀ ਦੀ 11 ਸਾਲਾ ਲੜਕੀ ਨਾਲ ਉੱਥੋਂ ਦੇ ਰਸੂਖ਼ਦਾਰ ਮੁੰਡਿਆਂ ਵੱਲੋਂ ਜਬਰ-ਜ਼ਨਾਹ ਦੀ ਮੰਦਭਾਗੀ ਘਟਨਾ ਨੂੰ ਅੰਜ਼ਾਮ ਦਿੱਤਾ ਜਾਂਦਾ ਹੈ। ਪੀੜਤ ਲੜਕੀ ਨੂੰ ਤਰਸਯੋਗ ਹਾਲਤ ਵਿੱਚ ਉਸ ਦੇ ਘਰ ਸਾਹਮਣੇ ਸੁੱਟਿਆ ਜਾਂਦਾ ਹੈ, ਇਸ ਦੌਰਾਨ ਉਨ੍ਹਾਂ ਰਸੂਖ਼ਦਾਰਾਂ ਦੀ ਲੜਕੀ ਦੇ ਪਰਵਾਰ ਨਾਲ ਹੱਥੋਪਾਈ ਵੀ ਹੁੰਦੀ ਹੈ। ਇਸ ਘਟਨਾ ਤੋਂ ਬਾਅਦ ਵੀ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ ਰਹਿੰਦਾ ਹੈ ਤੇ ਕੁਝ ਸਮਾਜ ਸੇਵੀ ਲੋਕਾਂ ਦੁਆਰਾ ਆਵਾਜ਼ ਬੁਲੰਦ ਕਰਨ 'ਤੇ ਹੀ ਪ੍ਰਸ਼ਾਸਨ ਗਹਿਰੀ ਨੀਂਦ 'ਚੋਂ ਜਾਗਦਾ ਹੈ ਤੇ ਬਣਦੀ ਕਾਰਵਾਈ ਕਰਨ ਦਾ ਭਰੋਸਾ ਦਿੰਦਾ ਹੈ। ਵਿਚਾਰਨਯੋਗ ਪਹਿਲੂ ਇਹ ਹੈ ਕਿ ਕੀ ਇਸ ਗਰੀਬ ਧੀ ਨੂੰ ਵੀ ਇਨਸਾਫ ਮਿਲੇਗਾ ਜਾਂ ਫਿਰ ਹੋਰਾਂ ਹਜਾਰਾਂ ਕੇਸਾਂ ਵਾਂਗ ਪੁਲਿਸ ਦੀਆਂ ਫਾਈਲਾਂ 'ਚ ਕੈਦ ਹੋਕੇ ਰਹਿ ਜਾਵੇਗਾ। ਕੀ ਉਹ ਦਰਿੰਦੇ ਕਾਨੂੰਨ ਦੀ ਪਕੜ ਹੇਠਾਂ ਆਉਣਗੇ ਜਾਂ ਹੋਰਾਂ ਕੇਸਾਂ ਵਾਂਗ ਇਸ ਗਰੀਬ, ਲਾਚਾਰ ਦੀ ਇੱਜ਼ਤ ਦਾ ਜਨਾਜ਼ਾ ਵੀ ਉੱਠ ਜਾਵੇਗਾ ਇਨ੍ਹਾਂ ਸਵਾਲਾਂ ਦੇ ਜਵਾਬ ਅਜੇ ਵੀ ਭਵਿੱਖ ਦੀ ਗੋਦ 'ਚ ਹਨ ਪਰ ਔਰਤਾਂ ਦੀ ਸੁਰੱਖਿਆ ਦਾ ਸਵਾਲ ਸਮਾਜ, ਪ੍ਰਸ਼ਾਸ਼ਨ ਵੱਲ ਮੂੰਹ ਅੱਡ ਕੇ ਜਵਾਬ ਦੀ ਉਡੀਕ ਕਰ ਰਿਹਾ ਹੈ।

ਇਸ ਮੰਦਭਾਗੀ ਘਟਨਾ ਨੇ ਅਤੀਤ ਦੇ ਜ਼ਖਮ ਹਰੇ ਕਰ ਦਿੱਤੇ ਹਨ। ਮਾਨਸਾ ਜ਼ਿਲ੍ਹੇ ਦੇ ਪਿੰਡ ਬੁਰਜ ਝੱਬਰ ਦਾ ਬੰਤ ਸਿੰਘ ਝੱਬਰ ਕਿਸੇ ਜਾਣ-ਪਛਾਣ ਦਾ ਮੁਥਾਜ਼ ਨਹੀ ਹੈ। ਉਸ ਦੀ ਨਾਬਾਲਗ ਲੜਕੀ ਨਾਲ ਸੰਨ 2002 ਵਿੱਚ ਉਸ ਦੇ ਹੀ ਪਿੰਡ ਦੇ ਅਖੌਤੀ ਉੱਚ ਜਾਤੀ ਦੇ ਕੁਝ ਲੋਕਾਂ ਨੇ ਬਲਾਤਕਾਰ ਕੀਤਾ ਸੀ। ਇਸ ਦਰਿੰਦਗੀ ਦਾ ਝੱਬਰ ਨੇ ਡਟ ਕੇ ਵਿਰੋਧ ਕੀਤਾ ਸੀ ਤਾਂ ਰਸੂਖ਼ਦਾਰਾਂ ਨੇ ਉਸ ਨੂੰ ਸ਼ਿਕਾਇਤ ਵਾਪਸ ਲੈਣ ਲਈ ਬਹੁਤ ਦਬਾਅ ਪਾਇਆ, ਪਰ ਉਹ ਨਿਡਰ ਯੋਧਾ ਘਬਰਾਇਆ ਨਹੀ। ਜਨਵਰੀ 2006 ਵਿੱਚ ਸ਼ਹਿਰ ਤੋਂ ਵਾਪਸ ਆਉਂਦੇ ਸਮੇ ਉਕਤ ਦੋਸ਼ੀਆਂ ਨੇ ਉਸ ਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਉਸ ਦੀ ਬੁਰੀ ਤਰਾਂ ਮਾਰ-ਕੁਟਾਈ ਕੀਤੀ ਸੀ, ਜਿਸ ਕਰਕੇ ਇਲਾਜ ਦੌਰਾਨ ਉਸ ਦੀਆਂ ਦੋਵੇਂ ਬਾਹਾਂ ਅਤੇ ਇੱਕ ਲੱਤ ਮਜਬੂਰੀਵੱਸ ਕੱਟਣੀ ਪਈ ਸੀ।

ਜਬਰ ਜਿਨਾਹ ਦੇ ਬਹੁਤੇ ਕੇਸ ਪਿਛਲੇ ਵੀਹ ਸਾਲਾਂ ਤੋਂ ਲਟਕੇ ਹੋਏ ਹਨ ਅਤੇ ਕਾਨੂੰਨ ਨਾਲ ਸਬੰਧਿਤ ਲੋਕ ਅਜੇ ਵੀ ਕਾਨੂੰਨ ਦੀਆਂ ਬਾਰੀਕੀਆਂ ਦਾ ਲਾਹਾ ਦੋਸ਼ੀਆਂ ਨੂੰ ਦਿਵਾ ਰਹੇ ਹਨ।ਬਲਾਤਕਾਰ ਦੇ ਕੇਸਾਂ 'ਚ ਕਾਨੂੰਨ ਦੀ ਸਖ਼ਤੀ ਉਦੋਂ ਤੱਕਸਾਰਥਿਕ ਸਿੱਧ ਨਹੀ ਹੋ ਸਕਦੀ ਜਦ ਤੱਕ ਲੋਕਾਂ ਦੀ ਮਾਨਸਿਕਤਾ ਨਹੀ ਬਦਲਦੀ। ਅਜੋਕੇ ਸਖ਼ਤ ਕਾਨੂੰਨ ਦੀ ਆੜ ਹੇਠ ਸ਼ੱਕੀ ਔਰਤਾਂ ਅਤੇ ਖੁਦਗਰਜ ਲੋਕਾਂ ਨੇ ਆਪਣੇ ਸੌੜੇ ਹਿਤ ਪੂਰੇ ਹਨ। ਇਸ ਪਹਿਲੂ 'ਤੇ ਵੀ ਕਾਨੂੰਨਸਾਜ਼ਜ਼ਰੂਰ ਧਿਆਨ ਦੇਣ।

ਇਸ ਮੰਦਭਾਗੇ ਵਰਤਾਰੇ ਦੇ ਕਾਰਨ ਬਹੁਤ ਜ਼ਿਆਦਾ ਹਨ, ਜਿਸ 'ਚ ਮੁੱਖ ਤੌਰ 'ਤੇ ਨਸ਼ੇ, ਬੇਰੁਜ਼ਗਾਰੀ,ਮਾਪਿਆਂ ਦੀ ਅਣਗਹਿਲੀ, ਇੰਟਰਨੈੱਟ ਦੀ ਦੁਰਵਰਤੋਂ ਅਤੇ ਕਈ ਸਮਾਜਕ ਕਾਰਨ ਹਨ, ਜੋ ਲੋਕਾਂ ਨੂੰ ਖਾਸ ਕਰਕੇ ਨੌਜਵਾਨਾਂ ਨੂੰ ਘਿਨੌਣੇ ਕੰਮ ਲਈ ਪ੍ਰੇਰਦੇ ਹਨ। ਮਨੋਰੰਜਨ ਇੰਡਸਟਰੀ ਨੇ ਨੈਤਿਕ ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ। ਅਜੋਕਾ ਸਿਨੇਮਾ ਆਪਣੀ ਜ਼ਿੰਮੇਵਾਰੀ ਭੁੱਲ ਚੁੱਕਾ ਹੈ ਤੇ ਮੁਨਾਫ਼ੇ ਲਈ ਅਸ਼ਲੀਲਤਾ ਪਰੋਸ ਰਿਹਾ ਹੈ। ਸੈਂਸਰ ਬੋਰਡ ਦੇ ਲੋਕ ਸੁੱਤੇ ਹੋਏ ਹਨ ਜਾਂ ਫਿਰ ਚੰਦ ਨੋਟਾਂ ਦੀ ਖ਼ਾਤਰ ਵਿਕੇ ਹੋਏ ਹਨ। ਟੀ ਵੀ ਸੀਰੀਅਲਾਂ 'ਤੇ ਇਸ਼ਤਿਹਾਰਾਂ ਵਿੱਚ ਵੀ ਅਸ਼ਲੀਲਤਾ ਦੀ ਭਰਮਾਰ ਹੈ। ਇਸ ਲਈ ਲੋਕ ਵੀ ਬਰਾਬਰ ਦੇ ਜ਼ਿੰਮੇਵਾਰ ਹਨ, ਜੋ ਅਜਿਹੇ ਮਨੋਰੰਜਨ ਨੂੰ ਕਬੂਲਦੇ ਹਨ।

ਅਜੋਕੇ ਸਮੇ ਅੰਦਰ ਸਮਾਜ ਅਤੇ ਸਰਕਾਰਾਂ ਨੂੰ ਅਜਿਹੇ ਪ੍ਰਬੰਧ ਕਰਨ ਦੀ ਲੋੜ ਹੈ, ਤਾਂ ਜੋ ਕਿਸੇ ਦੀ ਆਬਰੂ ਤਾਰ-ਤਾਰ ਨਾ ਹੋਵੇ। ਸ਼ੱਕੀ ਔਰਤਾਂ 'ਤੇ ਲਗਾਮ ਕੱਸੀ ਜਾਵੇ, ਬੇਕਸੂਰਾਂ ਦੀ ਜਗ੍ਹਾ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇ। ਬਹੁਤੇ ਦੇਸ਼ਾਂ 'ਚ ਸਜ਼ਾ ਦੇ ਤੌਰ 'ਤੇ ਦੋਸ਼ੀਆਂ ਨੂੰ ਮੌਤ ਦੇ ਘਾਟ ਉਤਾਰਿਆ ਜਾਂਦਾ ਹੈ। ਕਈ ਦੇਸ਼ਾਂ ਵਿੱਚ ਕੈਮੀਕਲ ਤੇ ਸਰਜੀਕਲ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਸਜ਼ਾ ਦੇ ਨਾਲ ਨੈਤਿਕ ਸਿੱਖਿਆ ਨੂੰ ਸਿੱਖਿਆ ਪ੍ਰਣਾਲੀ 'ਚ ਸ਼ਾਮਲ ਕੀਤਾ ਜਾਵੇ ਅਤੇ ਇਸ ਦੀ ਜਗ੍ਹਾ ਲੋਕਾਂ ਦੇ ਦਿਲ-ਦਿਮਾਗ 'ਚ ਬਣਾਈ ਜਾਵੇ। ਸਾਨੂੰ ਆਪਣੇ ਪੁਰਖਿਆਂ ਦੀ ਉਹ ਰੀਤ ਕਾਇਮ ਕਰਨੀ ਹੋਵੇਗੀ। ਜੇ ਉਹ ਅਹਿਮਦ ਸ਼ਾਹ ਅਬਦਾਲੀ ਅੱਗੇ ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਦੀ ਰਾਖੀ ਲਈ ਅੜ ਸਕਦੇ ਸਨ ਤਾਂ ਸਾਨੂੰ ਵੀ ਉਹ ਕਦਮ ਜ਼ਰੂਰ ਚੁੱਕਣਾ ਚਾਹੀਦਾ ਹੈ। ਔਰਤਾਂ ਵੀ ਆਪਣੇ ਗਿਆਨ,ਚਰਿੱਤਰ ਨੂੰ ਉੱਚਾ ਰੱਖਣ ਤੇ ਹਰ ਚੁਣੌਤੀ ਦਾ ਡਟਵਾਂ ਮੁਕਾਬਲਾ ਕਰਨ ਲਈ ਲਾਮਬੰਦ ਹੋਣ ਫਿਰ ਹੀ ਸਾਰੀਆਂ ਵਧੀਕੀਆਂ ਦਾ ਅੰਤ ਹੋ ਸਕਦਾ ਹੈ।

***ਸੰਪਰਕ: 95173-96001***

29-MAR-PAGE-5.qxd 3/28/2023 10:10 PM Page 1



# ਪ੍ਰਿੰਸੀਪਲ ਦੀ ਘਾਟ ਹੋਣ ਕਾਰਨ ਪਸਵਕ ਤੇ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਸਕੂਲ ਅੱਗੇ ਧਰਨਾ


ਪ੍ਰਿੰਸੀਪਲ ਨੂੰ ਮੰਗ ਪੱਤਰ ਸੌਂਪਦੇ ਪਤਵੰਤੇ।

**ਤਪਾ ਮੰਡੀ (ਅਰੁਣ ਗੋਇਲ)**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਮੁੰਡੇ) ਤਪਾ 'ਚ ਪ੍ਰਿੰਸਪਲ ਤੇ 21 ਅਧਿਆਪਕਾ ਨੂੰ ਦੀ ਘਾਟ ਨੂੰ ਦੇਖਦਿਆਂ ਮਾਪਿਆਂ, ਪਸਵਕ ਕਮੇਟੀ ਦੇ ਪ੍ਰਬੰਧਕਾਂ ਤੇ ਬੱਚਿਆਂ ਨੇ ਸਕੂਲ ਗੇਟ ਅੱਗੇ ਧਰਨਾ ਲਾ ਕੇ ਰੋਸ ਪ੍ਰਗਟ ਕੀਤਾ ਗਿਆ।

ਧਰਨੇ ਨੂੰ ਸੰਬੋਧਨ ਕਰਦਿਆਂ ਪਸਵਕ ਕਮੇਟੀ ਦੇ ਪ੍ਰਧਾਨ ਭੁਪਿੰਦਰ ਕੁਮਾਰ ਨੇ ਦੱਸਿਆ ਕਿ ਸਕੂਲ 'ਚ ਲਗਭਗ 1200 ਵਿਦਿਆਰਥੀ ਪੜ੍ਹਦੇ ਹਨ, ਪਰ ਸਕੂਲ 'ਚ ਜਿਸ ਵਿੱਚ 21 ਅਧਿਆਪਕਾਂ ਦੀ ਵੱਖ-ਵੱਖ ਵਿਸ਼ਿਆਂ ਦੀ ਘਾਟ ਹੋਣ ਕਾਰਨ ਬੱਚਿਆਂ ਦੀ ਪੜ੍ਹਾਈ ਖਰਾਬ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਇੱਕ ਪਾਸੇ ਸੂਬਾ ਸਰਕਾਰ ਸਿੱਖਿਆ ਦਾ ਮਿਆਰ ਵਧਾਉਣ ਲਈ ਐਮੀਨੈਂਸ ਸਕੂਲ ਬਣਾ ਰਹੀ ਹੈ, ਦੂਸਰੇ ਪਾਸੇ ਜਿਲੇ 'ਚੋਂ ਦੂਸਰੇ ਨੰਬਰ 'ਤੇ ਆਏ ਸਕੂਲ 'ਚ ਅਧਿਆਪਕਾਂ ਦੀ ਘਾਟ ਕਾਰਨ ਵਿਦਿਆਰਥੀ ਪ੍ਰਾਈਵੇਟ ਸਕੂਲਾਂ 'ਚ ਦਾਖਲ ਹੋ ਰਹੇ ਹਨ, ਪ੍ਰੰਤੂ ਜ਼ਿਲ੍ਹਾ ਸਿੱਖਿਆ ਅਧਿਕਾਰੀ ਸਕੂਲਾਂ 'ਚ ਦਾਖਲਾ ਵਧਾਉਣ ਲਈ ਜਾਗਰੂਕ ਰੈਲੀਆਂ ਕੱਢ ਕੇ ਵਿਦਿਆਰਥੀਆਂ ਵੱਧ ਤੋਂ ਵੱਧ ਸਰਕਾਰੀ ਸਕੂਲਾਂ 'ਚ ਦਾਖਲਾ ਲੈਣ ਲਈ ਪ੍ਰੇਰਿਤ ਕਰ ਰਹੇ ਹਨ।

ਇਸ ਮੌਕੇ ਵਿਦਿਆਰਥੀਆਂ ਦੇ ਮਾਪੇ ਵਿਜੇ ਕੁਮਾਰ, ਪੱਪੀ ਸਿੰਘ, ਗੁਰਦੇਵ ਸਿੰਘ, ਜਤਿੰਦਰ ਕੁਮਾਰ ਆਦਿ ਦਾ ਕਹਿਣਾ ਹੈ ਅਧਿਆਪਕਾ ਦੀ ਘਾਟ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਖਰਾਬ ਹੋਣ ਕਾਰਨ ਦੂਸਰੇ ਸਕੂਲਾਂ 'ਚ ਦਾਖਲ ਕਰਵਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ, ਜੇਕਰ ਸਰਕਾਰ ਨੇ ਸਕੂਲ 'ਚ ਅਧਿਆਪਕਾਂ ਦੀ ਘਾਟ ਪੂਰੀ ਨਾ ਕੀਤੀ ਤਾਂ ਜ਼ਿਲ੍ਹੇ 'ਚੋਂ ਦੂਸਰੇ ਨੰਬਰ ਤੇ ਆਉਣ ਵਾਲਾ ਸਕੂਲ 10ਵੇਂ ਨੰਬਰ 'ਤੇ ਪਹੁੰਚ ਜਾਵੇਗਾ।

ਸਕੂਲ ਦੇ ਇੰਚਾਰਜ ਪ੍ਰਿੰਸੀਪਲ ਤਲਵਿੰਦਰ ਸਿੰਘ ਸੰਧੂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਸਕੂਲ 'ਚ 1 ਬਾਇਓਲੋਜੀ, 1 ਪੋਲੀਟੀਕਲ ਸਾਇੰਸ, 2 ਹਿਸਟਰੀ, 1 ਜਿਉਗ੍ਰਾਫੀ, 2 ਅੰਗਰੇਜੀ, 1 ਫਿਜੀਕਲ ਐਜੂਕੇਸ਼ਨ, 3 ਪੰਜਾਬੀ, 2 ਸੋਸ਼ਲ ਸਟੱਡੀ, 1 ਹਿਸਾਬ, 1 ਸਾਇੰਸ, 3 ਐੱਸ ਐੱਲ ਏ, 1 ਲਾਇਬਰੇਰੀ, 1 ਚੌਂਕੀਦਾਰ ਦੇ ਅਧਿਆਪਕਾਂ ਦੀ ਘਾਟ ਕਾਰਨ ਅਧਿਆਪਕਾਂ ਨੂੰ 60-70 ਵਿਦਿਆਰਥੀਆਂ ਦੀ ਕਲਾਸ ਪੜ੍ਹਾਉਣ ਲਈ ਮਜਬੂਰ ਹੋਣਾ ਪੈਂਦਾ, ਜੋ ਕਿ ਅਸੰਭਵ ਹੈ, ਜਿਸ ਸੰਬੰਧੀ ਉਨ੍ਹਾਂ ਜ਼ਿਲ੍ਹਾ ਅਧਿਕਾਰੀਆਂ ਨੂੰ ਪਹਿਲਾਂ ਹੀ ਜਾਣੂ ਕਰਵਾਇਆ ਹੋਇਆ ਹੈ ਕਿ ਕੁੱਲ ਪੋਸਟਾਂ 'ਚੋਂ ਇਸ ਸਮੇਂ 28 ਪੋਸਟਾਂ ਭਰੀਆਂ ਹੋਈਆਂ ਹਨ, ਜਿਨ੍ਹਾਂ 'ਚੋਂ 7 ਅਧਿਆਪਕਾਂ ਨੂੰ ਪ੍ਰਾਈਵੇਟ ਤੌਰ 'ਤੇ ਰੱਖਿਆ ਹੋਇਆ ਹੈ। ਇਨ੍ਹਾਂ ਦੀਆਂ ਜਦੋਂ ਵੀ ਸੇਵਾਵਾਂ ਖਤਮ ਕੀਤੀਆਂ ਜਾ ਸਕਦੀਆਂ ਹਨ, ਜਿਸ ਸੰਬੰਧੀ ਜ਼ਿਲ੍ਹਾ ਸਿੱਖਿਆ ਅਫਸਰ ਦੇ ਧਿਆਨ 'ਚ ਲਿਆਂਦਾ ਗਿਆ ਤਾਂ ਉਨ੍ਹਾਂ ਵੱਲੋਂ ਭੇਜੇ ਗਏ ਘੁੰਨਸ ਸਕੂਲ ਦੇ ਪ੍ਰਿੰਸੀਪਲ ਨੀਰਜਾ ਬਾਂਸਲ ਤੇ ਢਿੱਲਵਾਂ ਸਕੂਲ ਦੇ ਇੰਚਾਰਜ ਪ੍ਰਿੰਸੀਪਲ ਨਰਿੰਦਰ ਢਿੱਲਵਾਂ ਨੇ ਧਰਨੇ 'ਤੇ ਬੈਠੇ ਪਸਵਕ ਕਮੇਟੀ, ਵਿਦਿਆਰਥੀਆਂ ਦੇ ਮਾਪਿਆਂ ਨੇ ਦੱਸਿਆ ਕਿ ਜੇਕਰ ਸਕੂਲ ਸਟਾਫ ਪੂਰਾ ਨਹੀਂ ਕੀਤਾ ਜਾਂਦਾ ਤਾਂ ਆਉਣ ਵਾਲੇ ਸਮੇਂ 'ਚ ਸਕੂਲ ਨੂੰ ਜਿੰਦਰਾ ਲਾ ਦਿੱਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ। ਉਨ੍ਹਾਂ ਭਰੋਸਾ ਦਿਵਾਇਆ ਕਿ ਸਕੂਲ 'ਚ ਖਾਲੀ ਪਈਆਂ ਪੋਸਟਾਂ ਨੂੰ ਜਲਦੀ ਭਰ ਦਿੱਤਾ ਜਾਵੇਗਾ। ਇਸ ਮੌਕੇ ਪਸਵਕ ਕਮੇਟੀ, ਬੱਚਿਆਂ ਦੇ ਮਾਪੇ ਤੇ ਵਿਦਿਆਰਥੀਆਂ ਨੇ ਪ੍ਰਿੰਸੀਪਲ ਘੁੰਨਸ ਮੈਡਮ ਨੀਰਜਾ ਤੇ ਨਰਿੰਦਰ ਢਿੱਲਵਾਂ ਪ੍ਰਿੰਸੀਪਲ ਢਿੱਲਵਾਂ ਨੂੰ ਮੰਗ ਪੱਤਰ ਵੀ ਦਿੱਤਾ, ਜਿਨ੍ਹਾਂ ਮੰਗ ਪੱਤਰ ਜ਼ਿਲ੍ਹਾ ਅਧਿਕਾਰੀਆਂ ਪਾਸ ਭੇਜਣ ਦਾ ਭਰੋਸਾ ਦਿੱਤਾ। ਇਸ ਮੌਕੇ ਅਮਰਜੀਤ ਕੌਰ, ਨੈਬ ਸਿੰਘ, ਬਲਵੀਰ ਸਿੰਘ ਆਦਿ ਬੱਚੇ ਹਾਜ਼ਰ ਸਨ।

## ਡਾਕਟਰ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਤ ਸਮਾਗਮ

*ਬਾਬਾ ਸਾਹਿਬ ਨੇ ਲੋਕਾਂ ਨੂੰ ਜਾਗਰੂਕ ਕੀਤਾ : ਕੇਂਦਰੀ ਮੰਤਰੀ*



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਭਗਵਾਨ ਵਾਲਮੀਕਿ ਚੇਤਨਾ ਮੰਚ ਭਾਰਤ ਵੱਲੋਂ ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਡਕਰ ਦੇ 132ਵੇਂ ਜਨਮ ਦਿਹਾੜੇ ਨੂੰ ਸਮਰਪਤ ਇੱਕ ਵਿਸ਼ਾਲ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਤੋਂ ਵੱਡੀ ਪੱਧਰ 'ਤੇ ਜ਼ਿਲ੍ਹਾ ਪ੍ਰਧਾਨਾਂ ਨੇ ਹਿੱਸਾ ਲਿਆ। ਇਸ ਸਮਾਗਮ ਉੱਪਰ ਮੁੱਖ ਮਹਿਮਾਨ ਤੌਰ ਤੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਤੇ ਸਾਬਕਾ ਡੀਜੀਪੀ ਐਸ ਐਸ ਵਿਰਕ ਵਿਸੇਸ ਤੌਰ ਤੇ ਪਹੁੰਚੇ। ਸਮਾਗਮ ਦੌਰਾਨ ਕੇਂਦਰੀ ਮੰਤਰੀ ਸੋਮ ਪ੍ਰਕਾਸ ਨੇ ਕਿਹਾ ਕਿ ਬਾਬਾ ਸਾਹਿਬ ਨੇ ਆਮ ਲੋਕਾਂ ਨੂੰ ਉਨ੍ਹਾਂ ਦੇ ਬਣਦੇ ਹੱਕਾਂ ਪ੍ਰਤੀ ਜਾਗਰੂਕ ਕੀਤਾ ਹੈ। ਉਨ੍ਹਾ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਡਾਕਟਰ ਬੀ ਆਰ ਅੰਬੇਡਕਰ ਦੀਆਂ ਸਿੱਖਿਆਵਾਂ ਨੂੰ ਦੇਸ਼ ਦੇ ਹਰ ਖੇਤਰ ਵਿੱਚ ਲੈ ਕੇ ਜਾ ਰਹੀ ਹੈ। ਇਸ ਮੌਕੇ ਸੰਗਠਨ ਦੇ ਕੌਮੀ ਪ੍ਰਧਾਨ ਵਿੱਕੀ ਪਰੋਚਾ ਨੇ ਕਿਹਾ ਕਿ ਬਾਬਾ ਸਾਹਿਬ ਦੇ ਬਣਾਏ ਕਾਨੂੰਨ ਕਾਰਨ ਆਮ ਲੋਕਾਂ ਨੂੰ ਨੌਕਰੀਆਂ, ਵਿੱਦਿਆ ਤੇ ਹਰ ਖੇਤਰ ਵਿੱਚ ਬਣਦਾ ਮਾਣ ਸਨਮਾਨ ਮਿਲਿਆ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਦੀਆਂ ਸਿੱਖਿਆਵਾਂ ਨੂੰ ਘਰ ਘਰ ਪਹੁੰਚਾਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਸੀਨੀਅਰ ਭਾਜਪਾ ਆਗੂ ਫਤਿਹ ਸਿੰਘ ਬਾਜਵਾ, ਜ਼ਿਲ੍ਹਾ ਪ੍ਰਧਾਨ ਰਣਦੀਪ ਸਿੰਘ ਦਿਉਲ, ਬਰਜੇਸ਼ਵਰ ਗੋਇਲ, ਸੋਨੂੰ ਭੂਬੱਕ, ਦੀਦਾਰ ਸਿੰਘ, ਹੈਪੀ ਲੰਕੇਸ਼ ਤੋਂ ਇਲਾਵਾ ਸ਼ਹਿਰਾਂ ਦੇ ਜ਼ਿਲ੍ਹਾ ਪ੍ਰਧਾਨਾਂ ਨੇ ਸਮਾਗਮ ਨੂੰ ਸੰਬੋਧਨ ਕੀਤਾ।

# ਅਨੁਸੂਚਿਤ ਜਾਤੀ ਦੇ ਲੋਕਾਂ ਨੇ ਭਗਵੰਤ ਮਾਨ ਦਾ ਪੁਤਲਾ ਫੂਕ ਕੇ ਕੀਤਾ ਪ੍ਰਦਰਸ਼ਨ

■ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਸੋਧ ਬਿੱਲ ਨੂੰ ਰੱਦ ਕਰਨ ਦੀ ਕੀਤੀ ਮੰਗ


ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਦੇ ਹੋਏ ਐੱਸ ਸੀ ਭਾਈਚਾਰੇ ਦੇ ਲੋਕ।

**ਮੋਗਾ (ਅਮਰਜੀਤ ਬੱਬਰੀ)**

ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਫਰੰਟ ਮੋਗਾ ਤੇ ਆਦਿ ਧਰਮ ਸਮਾਜ ਮੋਗਾ ਜ਼ਿਲ੍ਹਾ ਪ੍ਰਧਾਨ ਅਰਜੁਨ ਕੁਮਾਰ, ਰਘੁਵੀਰ ਅਨਾਰੀਆ ਚੇਅਰਮੈਨ ਵਾਲਮੀਕਿ ਸਭਾ ਮੋਗਾ ਸੰਮੀ ਬੋਹਤ ਪ੍ਰਧਾਨ ਵਾਲਮੀਕਿ ਸਭਾ ਮੋਗਾ, ਖੇਮ ਚੰਦ ਪੰਜਾਬ ਪ੍ਰਧਾਨ ਭਾਰਤੀ ਰਾਗਰ ਸਮਾਜ ਮਹਾਸਭਾ, ਮਾਗਤ ਰਾਮ ਇੰਦੌਰਾ ਪ੍ਰਧਾਨ ਸਤਿ ਗੁਰੂ ਭਗਤ ਕਬੀਰ ਵੈੱਲਫੇਅਰ ਸੋਸਾਇਟੀ ਮੋਗਾ, ਕਮਲ ਘਾਰੂ ਸਾਬਕਾ ਜ਼ਿਲ੍ਹਾ ਪ੍ਰਧਾਨ ਭਾਜਪਾ ਐੱਸ ਸੀ ਮੋਰਚਾ ਮੋਗਾ ਦੀ ਅਗਵਾਈ ਹੇਠ ਵਾਲਮੀਕਿ ਚੌਂਕ ਨੇੜੇ ਚੋਖਾ ਪੈਲੇਸ ਗੇਟ ਵਿਖੇ ਮੁੱਖ ਮਮਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ ਗਿਆ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਭਾਜਪਾ ਐੱਸ ਸੀ ਮੋਰਚਾ ਜ਼ਿਲ੍ਹਾ ਪ੍ਰਧਾਨ ਅਰਜੁਨ ਕੁਮਾਰ ਨੇ ਦੱਸਿਆ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਪੰਜਾਬ ਸੋਧ ਬਿੱਲ ਪਾਸ ਕੀਤਾ ਗਿਆ ਹੈ, ਜੋ ਅਨੁਸੂਚਿਤ ਜਾਤੀਆਂ ਦੇ ਵਿਰੁੱਧ ਹੈ। ਪ੍ਰਧਾਨ ਅਰਜੁਨ ਕੁਮਾਰ ਨੇ ਦੱਸਿਆ ਕਿ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਪੰਜਾਬ ਦੇ ਕੁੱਲ 10 ਮੈਂਬਰ ਹਨ, ਜਿਨ੍ਹਾਂ ਵਿੱਚੋਂ ਚੇਅਰਮੈਨ, ਵਾਈਸ ਚੇਅਰਮੈਨ, ਡਿਪਟੀ ਚੇਅਰਮੈਨ ਤੇ 7 ਹੋਰ ਮੈਂਬਰ ਹੁੰਦੇ ਹਨ। ਸਰਕਾਰ ਨੇ ਸੋਧ ਬਿੱਲ ਪਾਸ ਕਰਕੇ ਇਸ ਨੂੰ ਘਟਾ ਕੇ 5 ਮੈਂਬਰ ਕਰ ਦਿੱਤਾ ਗਿਆ ਹੈ, ਇਹ ਸਰਾਸਰ ਗਲਤ ਹੈ ਤੇ ਭਾਰਤੀ ਸੰਵਿਧਾਨ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ ਅਤੇ ਅਨੁਸੂਚਿਤ ਜਾਤੀ ਸਮਾਜ ਨਾਲ ਧੱਕਾ ਕੀਤਾ ਜਾ ਰਿਹਾ ਹੈ।

ਪੰਜਾਬ ਸਰਕਾਰ ਐੱਸ ਸੀ ਭਾਈਚਾਰੇ ਦਾ ਰਾਖਵਾਂਕਰਨ ਕੋਟਾ ਖਤਮ ਕਰਨਾ ਚਾਹੁੰਦੀ ਹੈ, ਜਿਸ ਨੂੰ ਐੱਸ ਸੀ ਭਾਈਚਾਰਾ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ, ਇਸ ਲਈ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕ ਕੇ ਆਪਣੇ ਗੁੱਸੇ ਦਾ ਪ੍ਰਗਟਾਵਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਐੱਸ ਸੀ ਮੋਰਚਾ ਪੰਜਾਬ ਵੱਲੋਂ ਸਾਰੇ ਜ਼ਿਲ੍ਹਿਆਂ ਵਿੱਚ ਐੱਸ ਸੀ ਦੀਆਂ ਸਮਾਜ ਸੇਵੀ ਸੰਸਥਾਵਾਂ ਨੂੰ ਨਾਲ ਲੈ ਕੇ ਸੜਕਾਂ 'ਤੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮੌਕੇ ਨੀਰਾ ਅਗਰਵਾਲ ਬੁਲਾਰਾ ਭਾਜਪਾ ਮਹਿਲਾ ਮੋਰਚਾ ਪੰਜਾਬ ਤੇ ਵਿਜੇ ਜ਼ਰਮਾ ਇੰਚਾਰਜ ਵਿਧਾਨ ਸਭਾ ਮੋਗਾ ਨੇ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕਣ ਦੀ ਰਸਮ ਅਦਾ ਕੀਤੀ ਤੇ ਇਹ ਵੀ ਕਿਹਾ ਕਿ ਅਸੀਂ ਐੱਸ ਸੀ ਭਾਈਚਾਰੇ ਦੇ ਨਾਲ ਹਾਂ। ਇਸ ਮੌਕੇ ਸਾਜਨ ਧਵਨ, ਰਾਜ ਕੌਰ ਮੀਤ ਪ੍ਰਧਾਨ ਭਾਜਪਾ ਐੱਸ ਸੀ ਮੋਰਚਾ ਮੋਗਾ, ਮੀਤੂ ਡਿਕਵਾਲ, ਦਰਸ਼ਨ ਸਿੰਘ ਕਲਿਆਣ, ਇੰਦਰਜੀਤ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ ਭਾਜਪਾ ਐਸ.ਸੀ ਮੋਰਚਾ ਮੋਗਾ, ਸਕੱਤਰ ਭਾਜਪਾ ਐਸ.ਸੀ ਮੋਰਚਾ ਮੋਗਾ, ਗੁਰਮੀਤ ਸਿੰਘ ਕੋਠੇ, ਸੁਖਵਿੰਦਰ ਸਿੰਘ ਬੁੱਧੂ, ਲਵਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਕਾਤਰਾਂ

### ਹਰਜੀਤ ਸਿੰਘ ਅਕਾਲੀ ਦਲ 'ਚੋਂ ਖਾਰਜ



**ਗਿੱਦੜਬਾਹਾ (ਜਸਵੰਤ ਗਿੱਲ ਛਤਿਆਣਾ)**-ਸ਼੍ਰੋਮਣੀ ਅਕਾਲੀ ਦਲ ਦੇ ਆਗੂ ਕੰਵਰਜੀਤ ਸਿੰਘ ਰੋਜੀ ਬਰਕੰਦੀ ਸਾਬਕਾ ਵਿਧਾਇਕ ਨੇ ਇੱਕ ਲਿਖਤੀ ਪ੍ਰੈੱਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰਜੀਤ ਸਿੰਘ ਨੀਲਾ ਮਾਨ ਸਪੁੱਤਰ ਸੁਰਜੀਤ ਸਿੰਘ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਗਿੱਦੜਬਾਹਾ ਪਿੰਡ ਚੱਕ ਗਿਲਜੇਵਾਲਾ ਕਾਫੀ ਸਮੇਂ ਤੋਂ ਪਾਰਟੀ ਵਿਰੋਧੀ ਗਤੀ ਵਿਧੀਆਂ ਕਰ ਰਿਹਾ ਸੀ। ਇਸ ਲਈ ਉਸ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕਰਕੇ ਪਾਰਟੀ 'ਚੋਂ ਬਾਹਰ ਕੱਢ ਦਿੱਤਾ ਹੈ ਅਤੇ ਹੁਣ ਹਰਜੀਤ ਸਿੰਘ ਨੀਲਾ ਮਾਨ ਦਾ ਸ਼੍ਰੋਮਣੀ ਅਕਾਲੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ।

### ਦੋ ਕਿੱਲੋ ਅਫ਼ੀਮ ਸਮੇਤ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਥਾਣਾ ਕਬਰਵਾਲਾ ਪੁਲਸ ਨੇ ਭਾਰੀ ਮਾਤਰਾ ਅਫ਼ੀਮ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਪੱਕੀ ਟਿੱਬੀ ਮੌਜੂਦ ਸੀ ਤਾਂ ਇੱਕ ਵਿਅਕਤੀ ਜਵਾਨ ਸਿੰਘ ਵਾਸੀ ਦੇਵਰੀਆ (ਰਾਜਸਥਾਨ) ਹੱਥ ਵਿੱਚ ਝੋਲਾ ਪਲਾਸਟਿਕ ਫੜੀ ਆਉਂਦਾ ਦਿਖਾਈ ਦਿੱਤਾ, ਜੋ ਸਾਹਮਣੇ ਪੁਲਸ ਪਾਰਟੀ ਨੂੰ ਆਉਂਦਾ ਦੇਖ ਕੇ ਘਬਰਾ ਗਿਆ ਤੇ ਇਕਦਮ ਪਿੱਛੇ ਮੁੜਨ ਲੱਗਾ ਤਾਂ ਪੁਲਸ ਨੇ ਉਸ ਨੂੰ ਕਾਬੂ ਕਰ ਲਿਆ ਅਤੇ ਹੱਥ ਵਿੱਚ ਫੜੇ ਝੋਲੇ ਦੀ ਤਲਾਸ਼ੀ ਲੈਣ ਉਪਰੰਤ ਉਸ ਵਿੱਚੋਂ ਦੋ ਕਿਲੋਗ੍ਰਾਮ ਅਫ਼ੀਮ ਬਰਾਮਦ ਹੋਈ। ਪੁਲਸ ਪਾਰਟੀ ਨੇ ਉਕਤ ਵਿਅਕਤੀ 'ਤੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਪੁਲਸ ਵੱਲੋਂ ਫਲੈਗ ਮਾਰਚ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸਥਾਨਕ ਪੁਲਸ ਵੱਲੋਂ ਡੀ ਐੱਸ ਪੀ ਪਰਮਿੰਦਰ ਸਿੰਘ, ਡੀ ਐੱਸ ਪੀ ਯੋਗੇਸ਼ ਸ਼ਰਮਾ ਦੀ ਅਗਵਾਈ ਵਿੱਚ ਸ਼ਹਿਰ ਅੰਦਰ ਵੱਖ ਵੱਖ ਥਾਵਾਂ 'ਤੇ ਫਲੈਗ ਮਾਰਚ ਕਰਦੇ ਹੋਏ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ। ਇਸ ਮੌਕੇ ਅਧਿਕਾਰੀਆਂ ਵੱਲੋਂ ਸ਼ਹਿਰ ਦੇ ਬੱਸ ਸਟੈਂਡ ਤੇ ਰੇਲਵੇ ਸਟੇਸ਼ਨ ਦੀ ਚੈਕਿੰਗ ਕੀਤੀ ਗਈ। ਡੀ.ਐੱਸ.ਪੀ. ਯੋਗੇਸ਼ ਸ਼ਰਮਾ ਨੇ ਲੋਕਾਂ ਨੂੰ ਅਪੀਲ ਕਰਦਿਆਂ ਬਾਹਰਲੇ ਸੂਬਿਆਂ ਵਿੱਚੋਂ ਆ ਕੇ ਰਹਿਣ ਵਾਲੇ ਵਿਅਕਤੀਆਂ ਦੇ ਵੇਰਵੇ ਪੁਲਸ ਪਾਸ ਦੇਣ ਦੀ ਗੱਲ ਕਰਦਿਆਂ ਕਿਹਾ ਕਿ ਅਣਗਹਿਲੀ ਕਰਨ ਵਾਲਿਆਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ।

### ਜੂਏ ਦੀ ਰਾਸ਼ੀ ਸਮੇਤ 4 ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੁੱਲਗੜ੍ਹੀ ਪੁਲਸ ਨੇ ਗਸ਼ਤ ਤੇ ਛਾਪੇਮਾਰੀ ਦੌਰਾਨ 4220 ਰੁਪਏ ਜੂਏ ਦੀ ਰਾਸ਼ੀ ਸਮੇਤ 4 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਜੂਆ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਸਰਵਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸੰਬੰਧ ਵਿੱਚ ਪਿੰਡ ਨੂਰਪੁਰ ਸੇਠਾਂ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਆਨ ਜਤਿੰਦਰ ਸਿੰਘ ਪੁੱਤਰ ਪ੍ਰਸ਼ੋਤਮ ਦਾਸ, ਵਿਕਾਸ ਉਰਫ ਕਾਲੂ ਪੁੱਤਰ ਜੇਮਜ, ਰਮਨ ਕੁਮਾਰ ਪੁੱਤਰ ਦਲਵਿੰਦਰ ਰਾਜ, ਜਤਿੰਦਰ ਕੁਮਾਰ ਉਰਫ ਜੋਤਾ ਪੁੱਤਰ ਓਮ ਪ੍ਰਕਾਸ਼ ਵਾਸੀਅਨ ਪਿੰਡ ਨੂਰਪੁਰ ਸੇਠਾਂ ਜੋ ਤਾਸ਼ ਦੇ ਪੱਤਿਆਂ 'ਤੇ ਪੈਸੇ ਲਗਾ ਕੇ ਜੂਆ ਖੇਡਣ ਦੇ ਆਦੀ ਹਨ, ਜੋ ਹੁਣ ਵੀ ਦਾਣਾ ਮੰਡੀ ਨੂਰਪੁਰ ਸੇਠਾਂ ਵਿਖੇ ਜੂਆ ਖੇਡ ਰਹੇ ਹਨ। ਜੇਕਰ ਹੁਣੇ ਇਨ੍ਹਾਂ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦੇ ਹਨ। ਪੁਲਸ ਪਾਰਟੀ ਵੱਲੋਂ ਦੋਸ਼ੀਆਨ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਮੌਕੇ 'ਤੇ 4220 ਰੁਪਏ ਰਾਸ਼ੀ ਜੂਆ ਤੇ 208 ਤਾਸ਼ ਦੇ ਪੱਤੇ ਬਰਾਮਦ ਹੋਏ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਪ੍ਰਾਈਵੇਟ ਸਕੂਲਾਂ ਨੇ ਦੁਕਾਨਦਾਰਾਂ ਨਾਲ ਕਮਿਸ਼ਨ ਕੀਤਾ ਤੈਅ!

**ਕਾਰਵਾਈ ਲਈ ਸਿੱਖਿਆ ਮੰਤਰੀ ਨੂੰ ਸਕੂਲੀ ਬੱਚਿਆਂ ਦੇ ਮਾਪੇ ਸਬੂਤ ਦੇਣ ਨੂੰ ਤਿਆਰ**



**ਜ਼ੀਰਾ (ਨਰਿੰਦਰ ਅਨੇਜਾ)**-ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਵੱਡੇ ਵਾਅਦੇ ਕਰਕੇ ਸੱਤਾ ਹਾਸਲ ਕੀਤੀ ਸੀ ਕਿ ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ ਨੂੰ ਜੜ੍ਹ ਤੋਂ ਖਤਮ ਕੀਤਾ ਜਾਵੇਗਾ। ਸਾਡੀ ਸਰਕਾਰ ਬਣਨ 'ਤੇ ਪ੍ਰਾਈਵੇਟ ਸਕੂਲਾਂ ਦੀ ਮਨਮਰਜ਼ੀ 'ਤੇ ਨਕੇਲ ਪਾਵਾਂਗੇ। ਲੋਕਾਂ ਨੇ ਵੀ ਦੋਨਾ ਪਾਰਟੀਆਂ ਨੂੰ ਦੁਖੀ ਹੋ ਕੇ ਆਮ ਆਦਮੀ ਪਾਰਟੀ ਨੂੰ ਭਾਰੀ ਬਹੁਮੱਤ ਨਾਲ ਸੱਤਾ ਵਿੱਚ ਲਿਆਂਦਾ, ਪਰ ਲੋਕਾਂ ਦਾ ਵਿਸ਼ਵਾਸ ਆਮ ਆਦਮੀ ਪਾਰਟੀ ਤੋਂ ਵੀ ਉੱਠਦਾ ਜਾਂਦਾ ਹੈ, ਕਿਉਂਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਇੱਕ ਸਾਲ ਤੋਂ ਉੱਪਰ ਹੋ ਗਿਆ ਹੈ, ਪਰ ਪ੍ਰਾਈਵੇਟ ਸਕੂਲ ਵਾਲਿਆਂ ਦੀ ਲੁੱਟ ਲਗਾਤਾਰ ਜਾਰੀ ਹੈ। ਜ਼ੀਰਾ ਦੇ ਪ੍ਰਾਈਵੇਟ ਸਕੂਲਾਂ ਨੇ ਸਰਕਾਰ ਦੇ ਹੁਕਮਾਂ ਨੂੰ ਟਿੱਚ ਜਾਣਦੇ ਹੋਏ ਆਪਣੇ ਮਨਪਸੰਦ ਕਿਤਾਬਾਂ, ਕਾਪੀਆਂ ਦੇ ਰੇਟ ਤੇ ਮਨਪਸੰਦ ਦੁਕਾਨਾਂ ਉੱਪਰ ਕਾਪੀਆਂ, ਕਿਤਾਬਾਂ ਤੇ ਸਟੇਸ਼ਨਰੀ ਰਖਵਾ ਦਿੱਤੀ ਹੈ ਤੇ ਦੁਕਾਨਦਾਰ ਕਿਤਾਬਾਂ, ਕਾਪੀਆਂ ਪ੍ਰਿੰਟ ਰੇਟ 'ਤੇ ਵੇਚੇਗਾ। ਇਸ ਤੋਂ ਬਾਅਦ ਸਕੂਲਾਂ ਨੂੰ 40 ਪ੍ਰਤੀਸ਼ਤ ਦੇ ਕਰੀਬ ਕਮੀਸ਼ਨ ਦੇਵੇਗਾ। ਸਿੱਖਿਆ ਵਿਭਾਗ ਪ੍ਰਾਈਵੇਟ ਸਕੂਲਾਂ ਨੂੰ ਇਹ ਆਦੇਸ਼ ਦੇ ਕੇ ਪੱਲਾ ਝਾੜ ਲੈਂਦਾ ਹੈ ਕਿ ਸਾਰੀਆਂ ਦੁਕਾਨਾਂ 'ਤੇ ਕਿਤਾਬਾਂ, ਕਾਪੀਆਂ ਦੀ ਲਿਸਟ ਭੇਜ ਦਿਓ, ਪਰ ਅਸਲ ਵਿੱਚ ਪ੍ਰਸ਼ਾਸਨ ਦੀ ਮਿਲੀ ਭੁਗਤ ਨਾਲ ਹੀ ਪ੍ਰਾਈਵੇਟ ਸਕੂਲ ਬੱਚਿਆਂ ਦੇ ਮਾਪਿਆਂ ਨੂੰ ਲੁੱਟ ਰਹੇ ਹਨ। ਅੱਜ ਤੱਕ ਉਨ੍ਹਾਂ ਨੇ ਕਦੇ ਜਾ ਕੇ ਦੇਖਿਆ ਕਿ ਵਾਕਿਆ ਹੀ ਪ੍ਰਾਈਵੇਟ ਸਕੂਲਾਂ ਦੀਆਂ ਕਾਪੀਆਂ, ਕਿਤਾਬਾਂ ਸਾਰੀਆਂ ਦੁਕਾਨਾਂ ਤੋਂ ਮਿਲ ਰਹੀਆਂ ਹਨ ਕਿ ਨਹੀਂ? ਇਸ ਤੋਂ ਪਤਾ ਲੱਗਦਾ ਹੈ ਕਿ ਪ੍ਰਸ਼ਾਸਨ ਵੀ ਪ੍ਰਾਈਵੇਟ ਸਕੂਲਾਂ ਵਾਲਿਆਂ ਨਾਲ ਮਿਲਿਆ ਹੋਇਆ ਹੈ। ਇਥੇ ਹੀ ਬਸ ਨਹੀਂ, ਜ਼ੀਰਾ ਸ਼ਹਿਰ ਵਿੱਚ ਜਿਹੜੇ ਸਮਾਜ ਸੇਵਾ ਦੇ ਨਾਮ 'ਤੇ ਸਕੂਲ ਚਲਾ ਰਹੇ ਹਨ, ਉਨ੍ਹਾਂ ਨੇ ਵੀ ਆਪਣੇ ਮਨਪਸੰਦ ਦੁਕਾਨਾਂ 'ਤੇ ਕਿਤਾਬਾਂ, ਕਾਪੀਆਂ ਰਖਵਾ ਦਿੱਤੀਆਂ ਹਨ। ਉਹ ਵੀ ਮੋਟਾ ਕਮੀਸ਼ਨ ਲੈ ਕੇ ਆਪਣੀਆਂ ਜੇਬਾਂ ਭਰ ਰਹੇ ਹਨ। ਪ੍ਰਾਈਵੇਟ ਸਕੂਲਾਂ ਤੋਂ ਦੁਖੀ ਲੋਕ ਤਾਂ ਇੱਥੋਂ ਤੱਕ ਕਹਿ ਰਹੇ ਹਨ ਕਿ ਜੇਕਰ ਸਿੱਖਿਆ ਮੰਤਰੀ ਪ੍ਰਾਈਵੇਟ ਸਕੂਲਾਂ 'ਤੇ ਕਾਰਵਾਈ ਕਰਨਾ ਚਾਹੁੰਦੇ ਹਨ ਤਾਂ ਅਸੀਂ ਸਬੂਤ ਵੀ ਦੇ ਸਕਦੇ ਹਾਂ। ਹੁਣ ਦੇਖਣਾ ਇਹ ਹੋਵੇਗਾ ਕਿ ਸਿੱਖਿਆ ਮੰਤਰੀ ਕਦੋਂ ਪ੍ਰਸ਼ਾਸਨ ਤੇ ਪ੍ਰਾਈਵੇਟ ਸਕੂਲਾਂ ਵਿਰੁੱਧ ਐਕਸ਼ਨ ਲੈਂਦੇ ਹਨ ਜਾਂ ਫਿਰ ਬਿਆਨਾਂ ਤੱਕ ਹੀ ਆਪਣੇ ਆਪ ਨੂੰ ਅਤੇ ਆਪਣੀ ਪਾਰਟੀ ਨੂੰ ਇਮਾਨਦਾਰ ਅਖਵਾਉਂਦੇ ਰਹਿਣਗੇ।

## ਮਾਤਾ ਬਿਮਲਾ ਦੇਵੀ ਦੀ ਮ੍ਰਿਤਕ ਦੇਹ ਵਿਸ਼ਵ ਮੈਡੀਕਲ ਸਾਇੰਸ ਕਾਲਜ ਨੂੰ ਦਾਨ



**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਮੰਗਲਵਾਰ ਫਾਜ਼ਿਲਕਾ ਵਾਸੀ ਸ੍ਰੀਮਤੀ ਬਿਮਲਾ ਦੇਵੀ ਉਮਰ 70 ਸਾਲ ਪਤਨੀ ਸਵ. ਉਧਮੀ ਰਾਮ ਦੀ ਦਿਮਾਗ ਦੀ ਨਸ ਫਟਣ ਕਾਰਨ ਮੌਤ ਹੋ ਗਈ ਤੇ ਉਨ੍ਹਾ ਦੀ ਆਖਰੀ ਇੱਛਾ ਸੀ ਕਿ ਉਨ੍ਹਾ ਦੀ ਦੇਹ ਨੂੰ ਮਰਨ ਉਪਰੰਤ ਦਾਨ ਕੀਤਾ ਜਾਵੇ ਤਾਂ ਜੋ ਉਨ੍ਹਾਂ ਦੇ ਅੰਗ ਜ਼ਰੂਰਤਮੰਦ ਲੋਕਾਂ ਦੇ ਕੰਮ ਆ ਸਕਣ ਤੇ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਮਿਲ ਸਕੇ।

ਅੱਜ ਡੇਰਾ ਸੱਚਾ ਸੌਦਾ ਸਿਰਸਾ ਪ੍ਰਮੁੱਖ ਗੁਰਮੀਤ ਰਾਮ ਰਹੀਮ ਦੀ ਪ੍ਰੇਰਣਾ ਨਾਲ ਮਾਤਾ ਬਿਮਲਾ ਦੇਵੀ ਦੇ ਪਰਿਵਾਰ ਨੇ ਝੱਜਰ ਹਰਿਆਣਾ ਦੇ ਵਿਸ਼ਵ ਮੈਡੀਕਲ ਸਾਇੰਸ ਕਾਲਜ ਨਾਲ ਸਪੰਰਕ ਕੀਤਾ, ਉਥੋਂ ਮੈਡੀਕਲ ਸਾਇੰਸ ਦੀ ਟੀਮ ਨੇ ਆ ਕੇ ਮਾਤਾ ਬਿਮਲਾ ਦੇਵੀ ਦੀ ਦੇਹ ਨੂੰ ਬੜੇ ਹੀ ਸਤਿਕਾਰ ਨਾਲ ਪ੍ਰਾਪਤ ਕੀਤਾ ਤੇ ਉਥੇ ਹਜ਼ਾਰਾਂ ਦੀ ਗਿਣਤੀ ਵਿੱਚ ਮਾਤਾ ਬਿਮਲਾ ਦੇਵੀ ਦੀ ਵਿਦਾਈ ਸਮੇਂ ਲੋਕ ਪੁੱਜੇ ਅਤੇ ਮਾਤਾ ਬਿਮਲਾ ਦੇਵੀ ਨੂੰ ਆਪਣੇ ਸ਼ਰਦਾ ਸੁਮਨ ਭੇਟ ਕੀਤੇ। ਮਾਤਾ ਬਿਮਲਾ ਦੇਵੀ ਅਮਰ ਰਹੇ ਨਾਹਰਿਆਂ ਦੇ ਵਿਚਕਾਰ ਉਨ੍ਹਾਂ ਨੂੰ ਪੁੱਤਰ ਐਡਵੋਕੇਟ ਦੀਪਕ ਤੇ ਤਿੰਨਾਂ ਧੀਆਂ ਨੇ ਮੋਢਾ ਦੇ ਕੇ ਆਖਰੀ ਵਿਦਾਈ ਦਿੱਤੀ।

# ਲੰਗੇਆਣਾ ਖੁਰਦ ਵਿਖੇ ਅੱਖਾਂ ਦਾ ਮੁਫਤ ਜਾਂਚ ਤੇ ਲੈਂਜ਼ ਕੈਂਪ ਲਗਾਇਆ

■ 370 ਮਰੀਜ਼ਾਂ ਦੀ ਜਾਂਚ, 52 ਮਰੀਜ਼ ਅਪ੍ਰੇਸ਼ਨਾਂ ਲਈ ਚੁਣੇ




**ਬਾਘਾ ਪੁਰਾਣਾ (ਮਨੀ ਸਿਗਲਾ)**

ਰੂਰਲ ਐੱਨ ਜੀ ਓ ਕਲੱਬਜ਼ ਐਸੋਸੀਏਸ਼ਨ ਮੋਗਾ ਵੱਲੋਂ ਭਾਜਪਾ ਆਗੂ ਹਲਕਾ ਇੰਚਾਰਜ ਮੋਗਾ ਤੇ ਸਮਾਜ ਸੇਵੀ ਵਿਜੇ ਕੁਮਾਰ ਸ਼ਰਮਾ ਤੇ ਗ੍ਰਾਮ ਪੰਚਾਇਤ ਲੰਗੇਆਣਾ ਖੁਰਦ ਦੇ ਸਹਿਯੋਗ ਨਾਲ ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਵਸ ਨੂੰ ਸਮਰਪਤ ਅੱਖਾਂ ਦਾ ਮੁਫਤ ਜਾਂਚ ਤੇ ਲੈਂਜ਼ ਕੈਂਪ ਗੁਰਦੁਆਰਾ ਨਿੰਮ ਵਾਲਾ ਪਿੰਡ ਲੰਗੇਆਣਾ ਖੁਰਦ ਵਿਖੇ ਲਗਾਇਆ ਗਿਆ, ਜਿਸ ਵਿੱਚ ਜਗਦੰਬਾ ਆਈ ਹਸਪਤਾਲ ਬਾਘਾ ਪੁਰਾਣਾ ਦੇ ਡਾ. ਵਿਸ਼ਾਲ ਬਰਾੜ ਦੀ ਅਗਵਾਈ ਵਿੱਚ ਟੀਮ ਨੇ 370 ਦੇ ਕਰੀਬ ਮਰੀਜ਼ਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਕੈਂਪ ਵਿੱਚ 170 ਦੇ ਕਰੀਬ ਲੋੜਵੰਦ ਮਰੀਜ਼ਾਂ ਨੂੰ ਮੁਫਤ ਐਨਕਾਂ ਦਿੱਤੀਆਂ ਗਈਆਂ, ਜਦਕਿ 52 ਮਰੀਜ਼ ਅਪ੍ਰੇਸ਼ਨ ਲਈ ਚੁਣੇ ਗਏ, ਜਿਨ੍ਹਾਂ ਦੇ ਜਗਦੰਬਾ ਆਈ ਹਸਪਤਾਲ ਬਾਘਾ ਪੁਰਾਣਾ ਵਿਖੇ ਮੋਤੀਆ ਬਿੰਦ ਅਪ੍ਰੇਸ਼ਨ ਕਰਕੇ ਲੈਂਜ ਪਾਏ ਜਾਣਗੇ।

ਇਸ ਮੌਕੇ ਉਨ੍ਹਾਂ ਰੂਰਲ ਐੱਨ ਜੀ ਓ ਮੋਗਾ ਦੀਆਂ ਸਮਾਜ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਪਿੰਡ ਲੰਗੇਆਣਾ ਖੁਰਦ ਵਿਖੇ ਅੱਖਾਂ ਦਾ ਮੁਫਤ ਜਾਂਚ ਤੇ ਲੈਂਜ ਕੈਂਪ ਲਗਾਉਣ ਲਈ ਧੰਨਵਾਦ ਵੀ ਕੀਤਾ। ਇਸ ਮੌਕੇ ਸਰਪੰਚ ਜਗਸੀਰ ਸਿੰਘ ਨੇ ਕੈਂਪ ਦੇ ਪ੍ਰਬੰਧਾਂ ਵਿੱਚ ਆਗੂ ਰੋਲ ਅਦਾ ਕਰਨ ਲਈ ਵਿਜੇ ਸ਼ਰਮਾ ਤੇ ਕੈਂਪ ਆਯੋਜਨ ਕਰਨ ਲਈ ਰੂਰਲ ਐੱਨ ਜੀ ਓ ਮੋਗਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਰੂਰਲ ਐੱਨ ਜੀ ਓ ਮੋਗਾ ਦੇ ਚੀਫ ਪੈਟਰਨ ਮਹਿੰਦਰ ਪਾਲ ਲੂੰਬਾ ਨੇ ਦੱਸਿਆ ਕਿ ਸੰਸਥਾ ਵੱਲੋਂ ਇਹ 112ਵਾਂ ਕੈਂਪ ਹੈ, ਜੋ ਕਿ ਪੂਰੀ ਤਰ੍ਹਾਂ ਸਫਲ ਰਿਹਾ ਹੈ। ਇਸ ਮੌਕੇ ਸਰਬੱਤ ਦਾ ਭਲਾ ਦੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ, ਬਲਾਕ ਪ੍ਰਧਾਨ ਹਰਮਿੰਦਰ ਸਿੰਘ ਕੋਟਲਾ, ਸਰਪੰਚ ਜਗਸੀਰ ਸਿੰਘ, ਪੰਚ ਜਗਦੀਸ਼ ਕੁਮਾਰ, ਗੁਰਦੁਆਰਾ ਸਾਹਿਬ ਦੇ ਸੇਵਾਦਾਰ ਜਗਰੂਪ ਸਿੰਘ, ਗਿਆਨੀ ਬਿਕਰਮਜੀਤ ਸਿੰਘ, ਮੰਦਰ ਕਮੇਟੀ ਪ੍ਰਧਾਨ ਮੰਗਤ ਰਾਏ ਸ਼ਰਮਾ, ਸਾਬਕਾ ਪ੍ਰਧਾਨ ਬੂਟਾ ਰਾਮ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਮਰੀਜ਼ ਤੇ ਉਨ੍ਹਾਂ ਦੇ ਵਾਰਿਸ ਹਾਜ਼ਰ ਸਨ।

# ਚੌਥਾ ਦਰਜਾ ਮੁਲਾਜ਼ਮਾਂ ਵੱਲੋਂ ਮੈਡੀਕਲ ਸੁਪਰਡੈਂਟ ਖਿਲਾਫ ਰੋਸ ਪ੍ਰਦਰਸ਼ਨ



**ਪਟਿਆਲਾ (ਨਵਾਂ ਜ਼ਮਾਨਾ ਸਰਵਿਸ)**

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਜ਼ਿਲ੍ਹਾ ਸ਼ਾਖਾ ਵੱਲੋਂ ਮੈਡੀਕਲ ਸੁਪਰਡੈਂਟ ਵੱਲੋਂ ਚੌਥਾ ਦਰਜਾ ਮੁਲਾਜ਼ਮਾਂ 'ਤੇ ਹੁਕਮ ਜਾਰੀ ਕਰਕੇ ਪੈਸੇ ਲੈਣ ਦੇ ਦੋਸ਼ ਵਿਰੁੱਧ ਮਾਤਾ ਕੁਸ਼ੱਲਿਆ ਹਸਪਤਾਲ ਦਫਤਰ ਅੱਗੇ ਜ਼ੋਰਦਾਰ ਪਿੱਟ ਸਿਆਪਾ ਕੀਤਾ ਗਿਆ ਤੇ ਮੰਗ ਕੀਤੀ ਕਿ ਸਾਲ 2015 ਤੋਂ ਇਸ ਹਸਪਤਾਲ ਵਿੱਚ ਠੇਕੇਦਾਰੀ ਪ੍ਰਥਾ ਅਧੀਨ ਕੰਮ ਕਰ ਰਹੇ ਸਫਾਈ ਕਰਮਚਾਰੀਆਂ ਦੀ ਸਮੇਂ ਸਮੇਂ ਦੇ ਠੇਕੇਦਾਰਾਂ ਦੁਆਰਾ ਲੁੱਟ ਖਸੁੱਟ ਕੀਤੀ ਜਾ ਰਹੀ ਹੈ ਅਤੇ ਮੌਜੂਦਾ ਠੇਕੇਦਾਰ ਵੀ ਹਸਪਤਾਲ ਮੈਨੇਜਮੈਂਟ ਨਾਲ ਮਿਲ ਕੇ ਕਰਮੀਆਂ ਦੀ ਲਗਾਤਾਰ ਲੁੱਟ ਕਰ ਰਿਹਾ। ਕਿਰਤ ਕਮਿਸ਼ਨਰ ਪੰਜਾਬ ਦੇ ਹਵਾਲੇ ਨਾਲ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਘੱਟੋ ਘੱਟ ਉਜ਼ਰਤਾਂ, ਬਕਾਏ, ਬਣਦੀਆਂ ਸਹੂਲਤਾਂ ਜਿਵੇਂ ਈ.ਪੀ.ਐੱਫ. ਦੀ ਕਟੌਤੀ ਦੀਆਂ ਬੈਲੇਂਸ ਸਟੇਟਮੈਂਟਾਂ ਦੇਣਾ, ਈ. ਐੱਸ. ਆਈ. ਸਹੂਲਤਾਂ ਦਾ ਲਾਭ ਦੇਣਾ, ਵਰਦੀਆਂ, ਕੰਮ ਕਰਨਯੋਗ ਸਾਮਾਨ ਦੇਣਾ, ਘੱਟੋ ਘੱਟ ਉਜ਼ਰਤਾਂ ਵਿੱਚ ਸਾਲ 2020 ਤੇ 2022 ਵਿੱਚ ਹੋਏ ਵਾਧਿਆਂ ਦਾ ਬਕਾਇਆ ਦੇਣਾ, ਜੋ ਠੇਕੇਦਾਰ ਦੀ ਮਿਲੀ ਭੁਗਤ ਨਾਲ ਨਹੀਂ ਦਿੱਤਾ ਗਿਆ।

ਚੌਥਾ ਦਰਜਾ ਮੁਲਾਜ਼ਮਾਂ ਜਿਸ ਵਿੱਚ ਕੰਮਕਾਜੀ ਮੁਲਾਜ਼ਮ ਵੀ ਸ਼ਾਮਲ ਸੀ, ਮੈਡੀਕਲ ਸੁਪਰਡੈਂਟ ਦਫਤਰ ਅੱਗੇ ਧਰਨਾ ਦਿੱਤਾ। ਉਪਰੰਤ ਹਸਪਤਾਲ ਕੰਪਲੈਕਸ ਵਿਖੇ ਰੈਲੀ ਕਰਕੇ ਮੈਡੀਕਲ ਸੁਪਰਡੈਂਟ ਦਾ ਪਿੱਟ ਸਿਆਪਾ ਵੀ ਕੀਤਾ ਤੇ ਰੈਲੀ ਸਿਵਲ ਸਰਜਨ ਦਫਤਰ ਵਿਖੇ ਪਹੁੰਚ ਕੇ ਸਮਾਪਤ ਕੀਤੀ ਅਤੇ ਸਿਹਤ ਮੰਤਰੀ ਤੋਂ ਮੰਗ ਕੀਤੀ ਕਿ ਉਹ ਉਨ੍ਹਾਂ ਨੂੰ ਮਾਤਾ ਕੁਸ਼ੱਲਿਆ ਹਸਪਤਾਲ, ਰਜਿੰਦਰਾ ਹਸਪਤਾਲ ਤੇ ਮੈਡੀਕਲ ਕਾਲਜ ਸਬੰਧੀ ਠੇਕੇਦਾਰੀ ਪ੍ਰਥਾ ਦੀ ਸਮਾਪਤੀ ਤੇ ਤਨਖਾਹਾਂ ਜਾਰੀ ਕਰਵਾਉਣ ਲਈ ਭੇਜੇ ਮੰਗ ਪੱਤਰਾਂ ਦਾ ਨੋਟਿਸ ਲੈਣ ਅਤੇ ਗੱਲਬਾਤ ਕਰਕੇ ਮੰਗਾਂ ਦਾ ਨਿਪਟਾਰਾ ਕਰਨ। ਇਸ ਮੌਕੇ ਦਰਸ਼ਨ ਸਿੰਘ ਲੁਬਾਣਾ, ਬਲਜਿੰਦਰ ਸਿੰਘ, ਦੀਪ ਚੰਦ ਹੰਸ, ਜਗਮੋਹਨ ਨੋਲੱਖਾ, ਸਵਰਨ ਸਿੰਘ ਬੰਗਾ, ਰਾਮ ਲਾਲ ਰਾਮਾ, ਅਨਿਲ ਗਾਗਟ, ਰਾਜੇਸ਼ ਕੁਮਾਰ, ਅਜੈ ਸਿੱਪਾ, ਇੰਦਰਪਾਲ ਵਾਲਿਆ, ਪ੍ਰਕਾਸ਼ ਸਿੰਘ ਲੁਬਾਣਾ, ਅਰੁਣ ਕੁਮਾਰ, ਕਿਰਨ ਬਾਲਾ, ਬਲਬੀਰ ਸਿੰਘ, ਅਮਰੀਕ ਸਿੰਘ, ਸਤਨਰਾਇਨ ਗੋਨੀ, ਰਾਮ ਜੋਧਾ, ਲਖਬੀਰ ਸਿੰਘ, ਸ਼ਾਮ ਸਿੰਘ ਆਦਿ ਹਾਜ਼ਰ ਸਨ।

## ਸਿਵਲ ਹਸਪਤਾਲਾਂ 'ਚੋਂ ਠੇਕੇਦਾਰੀ ਪ੍ਰਥਾ ਖਤਮ ਕਰਕੇ ਕਿਰਤੀਆਂ ਨੂੰ ਪੱਕਾ ਕੀਤਾ ਜਾਵੇ : ਲੁਬਾਣਾ, ਰਾਣਵਾਂ

**ਮਾਲੇਰਕੋਟਲਾ (ਅਸਗਰ ਪਰਿਹਾਰ)**-ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ, ਵਾਈਸ ਪ੍ਰਧਾਨ ਮੇਲਾ ਸਿੰਘ ਪੁੰਨਾਂਵਾਲ, ਜਨਰਲ ਸਕੱਤਰ ਹੰਸ ਰਾਜ ਦੀਦਾਰਗੜ੍ਹ ਵੱਲੋਂ ਮੰਗ ਕੀਤੀ ਗਈ ਕਿ ਮਾਲੇਰਕੋਟਲਾ, ਧੂਰੀ, ਸੰਗਰੂਰ ਆਦਿ ਸਿਵਲ ਹਸਪਤਾਲਾਂ ਵਿੱਚ ਠੇਕੇਦਾਰੀ ਪ੍ਰਥਾ ਅਧੀਨ ਕੰਮ ਕਰ ਰਹੇ ਸਫਾਈ ਕਰਮਚਾਰੀਆਂ ਦੀ ਸਮੇਂ ਸਮੇਂ ਦੇ ਠੇਕੇਦਾਰਾਂ ਦੁਆਰਾ ਲੁੱਟ ਖਸੁੱਟ ਕੀਤੀ ਜਾ ਰਹੀ ਹੈ ਤੇ ਮੌਜੂਦਾ ਠੇਕੇਦਾਰ ਵੀ ਹਸਪਤਾਲ ਮੈਨੇਜਮੈਂਟ ਨਾਲ ਮਿਲ ਕੇ ਕਰਮੀਆਂ ਦੀ ਲਗਾਤਾਰ ਲੁੱਟ ਕਰ ਰਿਹਾ। ਕਿਰਤ ਕਮਿਸ਼ਨਰ ਪੰਜਾਬ ਦੇ ਹਵਾਲੇ ਨਾਲ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਘੱਟੋ ਘੱਟ ਉਜ਼ਰਤਾਂ, ਬਕਾਏ, ਬਣਦੀਆਂ ਸਹੂਲਤਾਂ ਜਿਵੇਂ ਕਿ ਈ.ਪੀ.ਐੱਫ. ਦੀ ਕਟੌਤੀ ਦੀਆਂ ਬੈਲੇਂਸ ਸਟੇਟਮੈਂਟਾਂ ਦੇਣਾ, ਈ. ਐੱਸ. ਆਈ. ਸਹੂਲਤਾਂ ਦਾ ਲਾਭ ਦੇਣਾ, ਵਰਦੀਆਂ, ਕੰਮ ਕਰਨਯੋਗ ਸਾਮਾਨ ਦੇਣਾ, ਘੱਟੋ ਘੱਟ ਉਜ਼ਰਤਾਂ ਵਿੱਚ ਹੋਏ ਵਾਧਿਆਂ ਦਾ ਬਕਾਇਆ ਦੇਣਾ, ਜੋ ਠੇਕੇਦਾਰ ਦੀ ਮਿਲੀ ਭੁਗਤ ਨਾਲ ਨਹੀਂ ਦਿੱਤਾ ਗਿਆ। ਕੰਮ ਦਾ ਸਮਾਂ ਸੀਮਤ ਕਰਨ 'ਤੇ ਕੰਮਾਂ ਦੇ ਬੋਝ ਨੂੰ ਵੇਖਦੇ ਹੋਏ ਕਰਮਚਾਰੀ ਭਰਤੀ ਕਰਨੀ ਤੇ ਆਊਟ ਸੋਰਸ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕਰਨੀਆਂ ਵਰਗੀਆਂ ਮੰਗਾਂ ਵੀ ਸ਼ਾਮਲ ਹਨ। ਸਿਵਲ ਹਸਪਤਾਲ ਮਾਲੇਰਕੋਟਲਾ ਦੇ ਕੰਪਲੈਕਸ ਵਿਖੇ ਕਿਰਤੀਆਂ ਵੱਲੋਂ ਪੂਰੀਆਂ ਉਜ਼ਰਤਾਂ ਲੈਣ ਲਈ ਕਈ ਦਿਨਾਂ ਤੋਂ ਰੋਸ ਧਰਨਾ ਦਿੱਤਾ ਜਾ ਰਿਹਾ।

ਸਿਵਲ ਸਰਜਨ ਮਾਲੇਰਕੋਟਲਾ ਤੇ ਸੰਗਰੂਰ ਦੇ ਵੀ ਮਾਮਲਾ ਧਿਆਨ 'ਚ ਲਿਆਂਦਾ ਗਿਆ ਹੈ, ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਤੋਂ ਵੀ ਮੰਗ ਕੀਤੀ ਕਿ ਸਿਵਲ ਹਸਪਤਾਲਾਂ ਵਿੱਚੋਂ ਠੇਕੇਦਾਰੀ ਪ੍ਰਥਾ ਦੀ ਸਮਾਪਤੀ ਤੇ ਤਨਖਾਹਾਂ ਜਾਰੀ ਕਰਵਾਉਣ ਲਈ ਭੇਜੇ ਮੰਗ ਪੱਤਰਾਂ ਦਾ ਨੋਟਿਸ ਲੈਣ ਤੇ ਗੱਲਬਾਤ ਕਰਕੇ ਮੰਗਾਂ ਦਾ ਨਿਪਟਾਰਾ ਕੀਤਾ ਜਾਵੇ। ਇਸ ਮੌਕੇ ਹਾਕਮ ਸਿੰਘ, ਸੋਹਣ ਸਿੰਘ, ਬਲਵਿੰਦਰ ਕੌਰ ਆਦਿ ਆਗੂ ਹਾਜ਼ਰ ਸਨ।

# ਸਿਆਸੀ ਬਦਲਾਖੋਰੀ ਤੇ ਠੇਕੇਦਾਰਾਂ ਦੀਆਂ ਮਨਮਾਨੀਆਂ ਨੇ ਰੋਕਿਆ ਸ਼ਹਿਰ ਦਾ ਵਿਕਾਸ : ਵਫਦ



**ਜਗਰਾਉਂ (ਅਮਿਤ ਖੰਨਾ)**-ਪਿਛਲੇ ਕਾਫੀ ਲੰਮੇ ਸਮੇਂ ਤੋਂ ਸ਼ਹਿਰ ਦੇ ਕਈ ਵਾਰਡਾਂ 'ਚ ਹੋਣ ਵਾਲੇ ਵਿਕਾਸ ਕਾਰਜ ਰਾਜਨੀਤਕ ਬਦਲਾਖੋਰੀ ਅਤੇ ਠੇਕੇਦਾਰਾਂ ਦੀਆਂ ਮਨਮਰਜ਼ੀਆਂ ਕਾਰਨ ਪੂਰੀ ਤਰ੍ਹਾਂ ਠੱਪ ਪਏ ਹਨ। ਠੱਪ ਪਏ ਇਨ੍ਹਾਂ ਵਿਕਾਸ ਕਾਰਜਾਂ ਨੂੰ ਮੁੜ ਤੋਂ ਸ਼ੁਰੂ ਕਰਵਾਉਣ ਲਈ ਕੌਂਸਲਰਾਂ ਦਾ ਇੱਕ ਵਫਦ ਅੱਜ ਨਗਰ ਕੌਂਸਲ ਜਗਰਾਉਂ ਦੇ ਇਹ ਏਨੀ ਮੁਕੇਸ਼ ਕੁਮਾਰ ਅਤੇ ਨੂੰ ਮਿਲਿਆ ਅਤੇ ਠੱਪ ਪਏ ਗਏ ਵਿਕਾਸ ਕਾਰਜਾਂ ਨੂੰ ਮੁੜ ਤੋਂ ਸੁਰੂ ਕਰਵਾਉਣ ਦੀ ਮੰਗ ਕੀਤੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਨਗਰ ਕੌਂਸਲ ਦੇ ਸਾਬਕਾ ਕੌਂਸਲਰ ਰਵਿੰਦਰ ਸਭਰਵਾਲ ਨੇ ਦੱਸਿਆ ਕਿ ਕੋਈ ਪਿਛਲੇ ਡੇਢ ਸਾਲ ਪਹਿਲਾਂ ਲਗਾਏ ਗਏ ਟੈਂਡਰਾਂ 'ਚ ਉਨ੍ਹਾਂ ਦੇ ਵਾਰਡ ਨੰਬਰ 13 ਦੇ ਲੱਪੇ ਸ਼ਾਹ ਚੌਂਕ ਤੋਂ ਲੈ ਕੇ ਸ਼ਿਲਪਾ ਬਿਊਟੀਪਾਰਲਰ ਤੱਕ ਸੜਕ ਦਾ ਕੰਮ ਪਾਸ ਕਰਵਾਇਆ ਗਿਆ ਸੀ। ਜਿਸ ਨੂੰ ਸ਼ੁਰੂ ਕਰਵਾਉਣ ਲਈ ਉਨ੍ਹਾਂ ਵੱਲੋਂ ਨਗਰ ਕੌਂਸਲ 'ਚ ਕਾਫੀ ਜੱਦੋ ਜਹਿਦ ਕਰਨ ਤੋਂ ਬਾਅਦ ਠੇਕੇਦਾਰ ਹਰਮਿੰਦਰ ਸਿੰਘ ਚਾਵਲਾ ਵੱਲੋਂ ਕਰੀਬ 2 ਮਹੀਨੇ ਪਹਿਲਾਂ ਉਕਤ ਸੜਕ ਕੰਮ ਸ਼ੁਰੂ ਕੀਤਾ ਗਿਆ। ਉਨ੍ਹਾ ਦੱਸਿਆ ਕਿ ਵਿਧਾਇਕ ਸਰਬਜੀਤ ਕੌਰ ਮਾਣੂਕੇ ਅਤੇ ਏ ਡੀ ਸੀ ਅਨੀਤਾ ਦਰਸ਼ੀ ਦੇ ਦਖਲ ਤੋਂ ਬਾਅਦ ਸ਼ੁਰੂ ਹੋਏ ਇਸ ਸੜਕ ਦੇ ਕੰਮ ਕਾਰਨ ਜਿੱਥੇ ਵਾਰਡ ਕੌਂਸਲਰ ਅਤੇ ਲੋਕਾਂ ਨੂੰ ਰਾਹਤ ਮਿਲਣ ਦੀ ਉਮੀਦ ਸੀ ਪਰ ਠੇਕੇਦਾਰ ਵੱਲੋਂ ਸੜਕ ਪੁੱਟਣ ਤੋਂ ਬਾਅਦ ਨਵੀਆਂ ਇੰਟਰਲੌਕ ਟਾਇਲਾਂ ਲਗਾਉਣ ਦੀ ਥਾਂ ਸੜਕ ਦਾ ਕੰਮ ਰੋਕ ਦਿੱਤਾ ਗਿਆ, ਜਿਸ ਕਾਰਨ ਸੜਕ ਤੋਂ ਗੁਜ਼ਰਨ ਵਾਲੇ ਵਾਰਡ ਵਾਸੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਠੇਕੇਦਾਰ ਨੂੰ ਉਕਤ ਕੰਮ ਦੁਬਾਰਾ ਸ਼ੁਰੂ ਕਰਨ ਲਈ ਕਈ ਵਾਰ ਕਿਹਾ ਗਿਆ ਪਰ ਠੇਕੇਦਾਰ ਦੇ ਕੰਨਾਂ ਉੱਪਰ ਜੂੰ ਨਹੀਂ ਸਰਕੀ ਅਤੇ ਵਾਰ ਵਾਰ ਕਹਿਣ ਦੇ ਬਾਵਜੂਦ ਸਿਰਫ ਬਹਾਨੇ ਲਗਾ ਕੇ ਹੀ ਡੰਗ ਟਪਾਈ ਜਾ ਰਿਹਾ ਹੈ। ਇਸ ਮੌਕੇ ਮੌਜੂਦ ਵਾਰਡ ਨੰਬਰ 3 ਦੇ ਸਾਬਕਾ ਕੌਂਸਲਰ ਅਜੀਤ ਸਿੰਘ ਠੁਕਰਾਲ ਅਤੇ ਵਾਰਡ ਨੰਬਰ 7 ਕੌਂਸਲਰ ਪਰਮਿੰਦਰ ਕੌਰ ਦੇ ਪਤੀ ਵਿਨੇ ਕਲਿਆਨ ਨੇ ਵੀ ਦੁਖੜਾ ਰੋਂਦੇ ਦੱਸਿਆ ਕਿ ਉਨ੍ਹਾਂ ਦੇ ਵਾਰਡਾਂ 'ਚ ਵੀ ਠੇਕੇਦਾਰ ਵੱਲੋਂ ਸੜਕਾਂ ਦੀ ਪੁਟਾਈ ਕਰਨ ਤੋਂ ਬਾਅਦ ਸੜਕਾਂ ਬਣਾਉਣ ਦਾ ਕੰਮ ਵਿੱਚੇ ਹੀ ਛੱਡ ਦਿੱਤਾ ਗਿਆ ਹੈ, ਜਿਸ ਕਾਰਨ ਵਾਰਡ ਵਾਸੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਾਰਡ ਨੰਬਰ 17 ਦੇ ਸਾਬਕਾ ਕੌਂਸਲਰ ਅੰਕੁਸ਼ ਧੀਰ ਨੇ ਦੱਸਿਆ ਕਿ ਉਨ੍ਹਾ ਦੇ ਵਾਰਡ 'ਚ ਵੀ ਪਾਸ ਕਰਵਾਏ ਗਏ ਵਿਕਾਸ ਕਾਰਜ ਠੇਕੇਦਾਰਾਂ ਵੱਲੋਂ ਸ਼ੁਰੂ ਨਹੀਂ ਕੀਤੇ ਜਾ ਰਹੇ। ਇਸ ਮੌਕੇ ਕੌਂਸਲਰ ਸਤੀਸ਼ ਕੁਮਾਰ ਦੌਧਰੀਆ, ਕੌਂਸਲਰ ਅਮਰਜੀਤ ਸਿੰਘ ਮਾਲਵਾ, ਕੌਂਸਲਰ ਜਗਜੀਤ ਸਿੰਘ ਜੱਗੀ, ਕੌਂਸਲਰ ਅਨਮੋਲ ਗੁਪਤਾ, ਸਾਜਨ ਮਲਹੋਤਰਾ, ਰਾਜ ਭਾਰਦਵਾਜ, ਸੰਜੀਵ ਕੱਕੜ, ਵਰਿੰਦਰ ਸਿੰਘ ਕਲੇਰ, ਸਾਬਕਾ ਕੌਂਸਲਰ ਕਰਮਜੀਤ ਸਿੰਘ ਕੈਂਥ ਨੇ ਵੀ ਆਪਣੇ ਵਾਰਡ ਦੀਆਂ ਵੱਖ-ਵੱਖ ਮੁਸ਼ਕਲਾਂ ਨਗਰ ਕੌਂਸਲ ਅਧਿਕਾਰੀਆਂ ਦੇ ਸਾਹਮਣੇ ਰੱਖੀਆਂ। ਸਾਬਕਾ ਕੌਂਸਲਰ ਰਵਿੰਦਰ ਕੁਮਾਰ ਸਭਰਵਾਲ ਨੇ ਦੱਸਿਆ ਕਿ ਆਪਣੀਆਂ ਇਨ੍ਹਾਂ ਮੁਸ਼ਕਲਾਂ ਨੂੰ ਲੈ ਕੇ ਹੀ ਅੱਜ ਕੌਂਸਲਰਾਂ ਦਾ ਇੱਕ ਵਫਦ ਨਗਰ ਕੌਂਸਲ ਅਧਿਕਾਰੀਆਂ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਵਾਰਡਾਂ ਵਿੱਚ ਠੱਪ ਹੋ ਰਹੇ ਵਿਕਾਸ ਕਾਰਜਾਂ ਨੂੰ ਮੁੜ ਤੋਂ ਸ਼ੁਰੂ ਕਰਵਾਇਆ ਜਾਵੇ।

## ਸਰਹਿੰਦ ਨਹਿਰ 'ਚ ਪਏ ਪਾੜ ਨੂੰ ਜਲਦ ਪੂਰਿਆ ਜਾਵੇਗਾ : ਡਾ. ਰੂਹੀ ਦੁੱਗ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਬੀਤੀਂ ਸ਼ਾਮ ਫਰੀਦਕੋਟ ਸ਼ਹਿਰ ਵਿੱਚੋਂ ਲੰਘਦੀਆਂ ਜੋੜੀਆਂ ਨਹਿਰਾਂ ਵਿੱਚੋਂ ਇੱਕ ਸਰਹਿੰਦ ਕਨਾਲ ਫੀਡਰ ਵਿੱਚ ਲਗਭਗ ਸਵਾ ਸੌ ਫੁੱਟ ਦਾ ਪਾੜ ਪੈਣ ਕਰਕੇ ਸਰਹਿੰਦ ਨਹਿਰ ਦਾ ਪਾਣੀ ਰਾਜਸਥਾਨ ਨਹਿਰ ਵਿੱਚ ਦਾਖਲ ਹੋ ਗਿਆ ਸੀ। ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਆਈ.ਏ.ਐੱਸ. ਵੱਲੋਂ ਸਿੰਚਾਈ ਵਿਭਾਗ ਦੇ ਅਧਿਕਾਰੀਆਂ ਸਮੇਤ ਪਾੜ ਪੈਣ ਵਾਲੇ ਸਥਾਨ ਦਾ ਦੌਰਾ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਮੌਕੇ ਦਾ ਜਾਇਜ਼ਾ ਲੈਂਦੇ ਹੋਏ ਸਿੰਚਾਈ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਇਸ ਪਾੜ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਸਰਹਿੰਦ-ਰਾਜਸਥਾਨ ਫੀਡਰ ਵਿੱਚ ਆਮ ਦਿਨਾਂ ਨਾਲੋਂ ਪਾਣੀ ਘੱਟ ਸੀ, ਜਿਸ ਕਾਰਨ ਜ਼ਿਆਦਾ ਪਾੜ ਪੈਣ ਤੋਂ ਬਚਾਅ ਹੋ ਗਿਆ ਹੈ। ਡਿਪਟੀ ਕਮਿਸ਼ਨਰ ਨੂੰ ਪਾੜ ਪੈਣ ਦੀ ਖਬਰ ਮਿਲਦਿਆਂ ਹੀ ਸਿੰਚਾਈ ਵਿਭਾਗ ਦੇ ਅਧਿਕਾਰੀਆਂ ਨੇ ਵੱਡੇ ਪੱਧਰ 'ਤੇ ਨਹਿਰਾਂ ਦੇ ਕੰਢੇ ਭਰਨ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ।

ਇਸ ਮੌਕੇ ਚੀਫ ਇੰਜੀਨੀਅਰ ਸ਼ੰਮੀ ਸਿੰਗਲਾ, ਨਿਗਰਾਨ ਇੰਜੀਨੀਅਰ ਹਰਦੀਪ ਸਿੰਘ ਮਹਿੰਦੀਰੱਤਾ ਤੇ ਐਕਸੀਅਨ ਸਿੰਚਾਈ ਵਿਭਾਗ ਰਮਨਪ੍ਰੀਤ ਨੇ ਦੱਸਿਆ ਕਿ ਨਹਿਰ ਵਿੱਚ ਪਏ ਪਾੜ ਨੂੰ ਗੱਟਿਆਂ ਦੀ ਮਿੱਟੀ ਨਾਲ ਭਰ ਕੇ ਕੰਟਰੀਨ ਬੇਸ ਕਰੇਟਾਂ ਰਾਹੀਂ ਪੂਰ ਕੀਤਾ ਜਾਵੇਗਾ ਤਾਂ ਕਿ ਅੱਗੇ ਤੋਂ ਇਸ ਤਰ੍ਹਾਂ ਦੀ ਸਥਿਤੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾ ਦੱਸਿਆ ਕਿ ਇਸ ਕੰਮ 'ਤੇ ਲਗਭਗ 80 ਲੱਖ ਰੁਪਏ ਦੀ ਰਾਸ਼ੀ ਖਰਚ ਕੀਤੀ ਜਾਵੇਗੀ। ਇਸ ਮੌਕੇ ਨਾਇਬ ਤਹਿਸੀਲਦਾਰ ਕੋਟਕਪੂਰਾ ਜੈ ਅਮਨਦੀਪ ਗੋਇਲ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਜਾਇੰਟ ਪਾਰਲੀਮੈਂਟਰੀ ਕਮੇਟੀ ਬਣਾਉਣ ਤੋਂ ਮੋਦੀ ਹਕੂਮਤ ਕਿਉਂ ਡਰ ਰਹੀ : ਮਾਨ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਜੇਕਰ ਮੁਲਕ ਦੇ ਮੌਜੂਦਾ ਹੁਕਮਰਾਨਾਂ ਤੇ ਮੋਦੀ ਹਕੂਮਤ ਦੇ ਅਡਾਨੀ ਦੇ ਹਿਡਨਬਰਗ ਘਪਲੇ ਵਿੱਚ ਕੋਈ ਨਾਂਹਵਾਚਕ ਭੂਮਿਕਾ ਨਹੀਂ ਹੈ, ਫਿਰ ਸਮੁੱਚੀਆਂ ਵਿਰੋਧੀ ਪਾਰਟੀਆਂ ਤੇ ਸ੍ਰੀ ਰਾਹੁਲ ਗਾਂਧੀ ਵੱਲੋਂ ਇਹ ਮੰਗ ਕਰਨ 'ਤੇ ਕਿ ਇਸ ਵਿਸ਼ੇ 'ਤੇ ਸਰਕਾਰ ਤੁਰੰਤ ਜਾਇੰਟ ਪਾਰਲੀਮੈਂਟਰੀ ਕਮੇਟੀ ਦਾ ਐਲਾਨ ਕਰੇ, ਜੋ ਹਿਡਨਬਰਗ ਰਿਪੋਰਟ ਦੇ ਸੱਚ-ਝੂਠ ਨੂੰ ਮੁਲਕ ਨਿਵਾਸੀਆਂ ਦੇ ਸਾਹਮਣੇ ਲਿਆਏ, ਫਿਰ ਇਹ ਕਮੇਟੀ ਬਣਾਉਣ ਤੋਂ ਸਰਕਾਰ ਕਿਉਂ ਹਿਚਕਚਾਹਟ ਕਰ ਰਹੀ ਹੈ ਤੇ ਸ੍ਰੀ ਰਾਹੁਲ ਗਾਂਧੀ ਵੱਲੋਂ ਸਮੁੱਚੇ ਮੁਲਕ ਨਿਵਾਸੀਆ ਦੇ ਬਿਨਾਂ ਤੇ ਜਨਤਕ ਤੌਰ 'ਤੇ ਉਠਾਈ ਮੰਗ ਨੂੰ ਮੁੱਖ ਰੱਖ ਕੇ ਉਨ੍ਹਾਂ ਵਿਰੁੱਧ ਗੈਰ-ਦਲੀਲ ਢੰਗ ਨਾਲ ਅਮਲ ਕਰਦੇ ਹੋਏ ਸ੍ਰੀ ਰਾਹੁਲ ਗਾਂਧੀ ਦੀ ਮੈਂਬਰਸ਼ਿਪ ਰੱਦ ਕਰਕੇ ਹੁਕਮਰਾਨ ਤੇ ਉਨ੍ਹਾਂ ਨਾਲ ਸੰਬੰਧਤ ਬਹੁ-ਗਿਣਤੀ ਐੱਮ ਪੀਜ਼ ਨੇ ਵਿਧਾਨ ਦੀ ਧਾਰਾ 14 ਜੋ ਸਭਨਾਂ ਨੂੰ ਬਰਾਬਰਤਾ ਦੇ ਹੱਕ ਪ੍ਰਦਾਨ ਕਰਦੀ ਹੈ ਅਤੇ ਜੋ ਵਿਧਾਨ ਦੀ ਧਾਰਾ 19 ਜੋ ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਦੀ ਇਜਾਜ਼ਤ ਦਿੰਦੀ ਹੈ, ਉਸ 'ਤੇ ਇਨ੍ਹਾਂ ਤਾਨਾਸ਼ਾਹ ਸੋਚ ਵਾਲੇ ਐੱਮ. ਪੀਜ਼ 'ਤੇ ਸਰਕਾਰ ਨੇ ਡਾਕਾ ਮਾਰ ਕੇ ਇਹ ਸਾਬਿਤ ਕਰ ਦਿੱਤਾ ਹੈ ਕਿ ਇਹ ਹੁਕਮਰਾਨ, ਜੋ ਵੱਖ-ਵੱਖ ਘਪਲਿਆਂ ਵਿੱਚ ਕੌਮਾਂਤਰੀ ਪੱਧਰ 'ਤੇ ਦਾਗੀ ਹੋ ਚੁੱਕੇ ਹਨ, ਉਹ ਇਸ ਤਰ੍ਹਾਂ ਦੀ ਅਡਾਨੀ ਤੇ ਸਰਕਾਰ ਦੇ ਘਪਲਿਆਂ ਦੀ ਨਿਰਪੱਖਤਾ ਨਾਲ ਜਾਂਚ ਕਰਵਾਉਣ ਤੋਂ ਕਿਉਂ ਭੱਜ ਕੇ ਸੱਚਾਈ ਦਾ ਗਲਾ ਘੁੱਟਣ ਦੀ ਅਸਫਲ ਕੋਸ਼ਿਸ਼ ਕਰ ਰਹੇ ਹਨ, ਜਦੋਂਕਿ ਸ੍ਰੀ ਰਾਹੁਲ ਗਾਂਧੀ ਨੇ ਤਾਂ ਇੰਡੀਆ ਨਿਵਾਸੀਆਂ ਦੀ ਆਵਾਜ਼ ਦੀ ਤਰਜ਼ਮਾਨੀ ਕਰਦੇ ਹੋਏ ਸੱਚ ਨੂੰ ਉਜਾਗਰ ਹੀ ਕੀਤਾ ਹੈ। ਫਿਰ ਇਨ੍ਹਾਂ ਹੁਕਮਰਾਨਾਂ ਕੋਲ ਤਾਂ ਸੱਚ ਸੁਣਨ ਦਾ ਮਾਦਾ ਹੀ ਨਹੀਂ ਰਿਹਾ। ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐੱਮ ਪੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਮੁਲਕ ਦੀ ਪਾਰਲੀਮੈਂਟ ਵਿੱਚ ਜਿੱਥੇ ਇਥੋਂ ਦੇ ਨਿਵਾਸੀ ਆਪਣੇ ਨੁਮਾਇੰਦੇ ਐੱਮ. ਪੀ. ਚੁਣ ਕੇ ਭੇਜਦੇ ਹਨ, ਉਥੇ ਵੀ ਬੀਜੇਪੀ-ਆਰ.ਐੱਸ.ਐੱਸ. ਸਰਕਾਰ ਵੱਲੋਂ ਤਾਨਸ਼ਸ਼ਾਹੀ ਤੇ ਆਪਹੁਦਰੀਆਂ ਨੀਤੀਆਂ ਦਾ ਬੋਲਬਾਲਾ ਕਰਨ ਦੇ ਅਮਲ ਕਰਕੇ ਜਮਹੂਰੀਅਤ ਕਦਰਾਂ-ਕੀਮਤਾਂ ਤੇ ਪਾਰਲੀਮੈਂਟ ਦੇ ਵੱਡੇ ਮਹੱਤਵ ਨੂੰ ਸੱਟ ਮਾਰਨ ਦੀਆਂ ਕਾਰਵਾਈਆਂ ਉਤੇ ਗਹਿਰਾ ਦੁੱਖ ਜ਼ਾਹਰ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਇਹ ਹੋਰ ਵੀ ਦੁੱਖ ਤੇ ਅਫਸੋਸ ਵਾਲੀਆਂ ਕਾਰਵਾਈਆਂ ਹਨ ਕਿ ਜਿਸ ਨਿਆਪਾਲਿਕਾਂ ਨੇ ਮੁਲਕ ਨਿਵਾਸੀਆਂ ਨੂੰ ਵੱਖ-ਵੱਖ ਸਮਿਆਂ ਉਤੇ ਦ੍ਰਿੜ੍ਹਤਾ ਨਾਲ ਅਮਲ ਕਰਕੇ ਇਨਸਾਫ ਦੇਣਾ ਹੁੰਦਾ ਹੈ ਤੇ ਹੁਕਮਰਾਨਾਂ ਨੂੰ ਆਪਹੁਦਰੀਆਂ ਤੇ ਤਾਨਾਸ਼ਾਹੀ ਨੀਤੀਆਂ ਉਤੇ ਕਾਨੂੰਨੀ ਪ੍ਰਣਾਲੀ ਰਾਹੀਂ ਰੋਕ ਲਗਾਉਣੀ ਹੁੰਦੀ ਹੈ, ਉਸ ਦੇ ਇਨਸਾਫ ਦੇਣ ਵਾਲੇ ਜੱਜ ਵੀ ਹੁਕਮਰਾਨਾਂ ਦੇ ਪ੍ਰਭਾਵ ਹੇਠ ਆ ਕੇ ਵਿਧਾਨਿਕ ਸੋਚ ਦਾ ਜਨਾਜ਼ਾ ਕੱਢਣ 'ਤੇ ਲੱਗੇ ਹੋਏ ਹਨ, ਜਿਵੇਂਕਿ ਸੁਪਰੀਮ ਕੋਰਟ ਦੇ ਸਾਬਕਾ ਮੁੱਖ ਜੱਜ ਸ੍ਰੀ ਰੰਜਨ ਗੰਗੋਈ ਨੇ ਬਾਬਰੀ ਮਸਜਿਦ ਦੇ ਅਤਿ ਗੰਭੀਰ ਮਸਲੇ ਉਤੇ ਰਾਮ ਮੰਦਰ ਦੇ ਹੱਕ ਵਿੱਚ ਫੈਸਲਾ ਕਰਕੇ ਹੁਕਮਰਾਨਾਂ ਦੀਆਂ ਭਾਵਨਾਵਾਂ ਦੀ ਪੂਰਤੀ ਕੀਤੀ ਤਾਂ ਉਨ੍ਹਾਂ ਨੂੰ ਇਵਜ਼ਾਨੇ ਵਜੋਂ ਹੁਕਮਰਾਨਾਂ ਨੇ ਰਾਜ ਸਭਾ ਦਾ ਮੈਂਬਰ ਬਣਾ ਦਿੱਤਾ। ਇਸ ਜੱਜ ਨੇ ਹੀ ਆਪਣੀ ਹੀ ਸੁਪਰੀਮ ਕੋਰਟ ਦੀ ਇੱਕ ਉੱਚ ਅਹੁਦੇ 'ਤੇ ਬੈਠੀ ਮਹਿਲਾ ਅਧਿਕਾਰੀ ਨਾਲ ਛੇੜਛਾੜ ਕਰਨ ਦੇ ਅਪਰਾਧ ਦੀ ਪਹਿਲਾਂ ਤਾਂ ਐੱਫ.ਆਈ.ਆਰ. ਹੀ ਦਰਜ ਨਹੀਂ ਹੋਣ ਦਿੱਤੀ, ਦੂਸਰਾ ਉਸ ਬੀਬਾ ਨੂੰ ਆਪਣੀ ਗੱਲ ਰੱਖਣ ਲਈ ਵਕੀਲ ਵੀ ਕਰਨ ਲਈ ਇਜਾਜ਼ਤ ਨਾ ਦਿੱਤੀ ਗਈ, ਇਸ ਤੋਂ ਵੀ ਅਗੇਰੇ ਸੁਪਰੀਮ ਕੋਰਟ ਦੀ ਕਮੇਟੀ ਬਣਾ ਕੇ ਇਸ ਦੋਸ਼ੀ ਜੱਜ ਨੂੰ ਬਰੀ ਕਰ ਦਿੱਤਾ ਗਿਆ ਤੇ ਇਸ ਬੀਬਾ ਨੂੰ ਕੋਈ ਇਨਸਾਫ ਨਾ ਦਿੱਤਾ ਗਿਆ। ਉਸ ਦੇ ਬਦਲੇ ਵਿੱਚ ਆਪਣੇ ਹੱਕ ਵਿੱਚ ਉਨ੍ਹਾਂ ਤੋਂ ਫੈਸਲੇ ਕਰਵਾਏ ਗਏ। ਜਦੋਂ ਇਨਸਾਫ ਦੇ ਮੰਦਰ ਤੇ ਉਨ੍ਹਾਂ ਵਿੱਚ ਬੈਠਣ ਵਾਲੇ ਜੱਜ ਹੀ ਪੱਖਪਾਤੀ ਹੋ ਜਾਣ, ਫਿਰ ਅਜਿਹੇ ਪ੍ਰਬੰਧ ਵਿੱਚ ਇਨਸਾਫ ਮਿਲਣ ਤੇ ਸੱਚ ਦੀ ਆਵਾਜ਼ ਮਜ਼ਬੂਤ ਹੋਣ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ? ਆਪਣੀ ਪਾਰਲੀਮੈਂਟ ਵਿੱਚ ਬਹੁ-ਗਿਣਤੀ ਹੋਣ ਦਾ ਨਜਾਇਜ਼ ਫਾਇਦਾ ਉਠਾਉਂਦੇ ਹੋਏ ਹੁਕਮਰਾਨਾਂ ਨੇ ਜੋ ਕਸ਼ਮੀਰ ਦੀ ਖੁਦਮੁਖਤਿਆਰੀ ਦੇਣ ਵਾਲੀ ਧਾਰਾ 35ਏ ਤੇ ਆਰਟੀਕਲ 370 ਨੂੰ ਖਤਮ ਕਰਕੇ ਉਨ੍ਹਾਂ ਦੇ ਵਿਧਾਨਕ ਹੱਕਾਂ ਨੂੰ ਕੁਚਲਿਆ ਹੈ ਅਤੇ ਫਿਰ ਉਥੇ ਅਫਸਪਾ ਵਰਗਾ ਉਹ ਕਾਲਾ ਕਾਨੂੰਨ, ਜਿਸ ਨਾਲ ਅਰਧ ਸੈਨਿਕ ਬਲਾਂ ਤੇ ਫੋਰਸਾਂ ਨੂੰ ਆਪਣੇ ਹੀ ਨਾਗਰਿਕਾਂ ਨੂੰ ਚੁੱਕਣ, ਮਾਰ ਦੇਣ, ਤਸ਼ੱਦਦ ਕਰਨ, ਅਗਵਾ ਕਰਨ, ਜਬਰ-ਜ਼ਨਾਹ ਕਰਨ ਜਾਂ ਉਨ੍ਹਾਂ ਦੀ ਕੋਈ ਲੱਤ-ਬਾਂਹ ਤੋੜਨ ਦੀ ਖੁੱਲ੍ਹ ਮਿਲਦੀ ਹੈ, ਉਸ ਨੂੰ ਲਾਗੂ ਕਰਕੇ ਮਨੁੱਖੀ ਅਧਿਕਾਰਾਂ ਦਾ ਕਸ਼ਮੀਰ ਵਿੱਚ ਪੂਰਨ ਰੂਪ ਵਿੱਚ ਹਣਨ ਕਰ ਦਿੱਤਾ ਗਿਆ ਹੈ, ਜੋ ਕੌਮਾਂਤਰੀ ਯੂ. ਐੱਨ. ਤੇ ਹੋਰ ਅਸੂਲਾਂ, ਨਿਯਮਾਂ ਦੀ ਵੀ ਉਲੰਘਣਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਜਮਹੂਰੀਅਤ ਕਦਰਾਂ-ਕੀਮਤਾਂ ਤੇ ਪਾਰਲੀਮੈਂਟ ਦੀ ਕਾਨੂੰਨੀ ਪ੍ਰਕਿਰਿਆ ਨੂੰ ਬਿਨਾਂ ਕਿਸੇ ਦਬਾਅ ਤੇ ਨਿਰਪੱਖਤਾ ਨਾਲ ਚੱਲਣ ਦਿੱਤਾ ਜਾਵੇ ਅਤੇ ਜੋ ਸ੍ਰੀ ਰਾਹੁਲ ਗਾਂਧੀ ਵਰਗੇ ਆਗੂ ਲੋਕਾਂ ਦੀ ਆਵਾਜ਼ ਨੂੰ ਉਠਾਉਣ ਦੀ ਜ਼ਿੰਮੇਵਾਰੀ ਨਿਭਾਉਣ ਵਾਲੇ ਹਨ, ਉਨ੍ਹਾਂ ਨੂੰ ਉਸ ਪਾਰਲੀਮੈਂਟ ਦੇ ਹਾਊਸ ਵਿੱਚ ਮੈਂਬਰਸ਼ਿਪ ਰੱਦ ਕਰਨ ਦੇ ਅਮਲ ਨਹੀਂ, ਬਲਕਿ ਸੱਚ ਨੂੰ ਸੁਣਨ ਤੇ ਫਿਰ ਉਨ੍ਹਾਂ ਲੀਹਾਂ ਉਤੇ ਵੱਡਾ ਦਿਲ ਕਰਕੇ ਲੋਕ ਪੱਖੀ ਨੀਤੀਆਂ ਬਣਾਉਣ ਤੇ ਫੈਸਲੇ ਕਰਨ ਦੀ ਲੋੜ ਹੁੰਦੀ ਹੈ ਨਾ ਕਿ ਤਾਨਾਸ਼ਾਹੀ ਸੋਚ ਅਨੁਸਾਰ ਸੱਚ ਦੀ ਆਵਾਜ਼ ਦਬਾਉਣ ਦੀ।

## ਤਰਕਸ਼ੀਲ ਸੁਸਾਇਟੀ ਜ਼ੀਰਾ ਦਾ ਚੋਣ ਅਜਲਾਸ



**ਜ਼ੀਰਾ (ਨਰਿੰਦਰ ਅਨੇਜਾ)**

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਜ਼ੀਰਾ ਦੀ ਵਿਸ਼ੇਸ਼ ਮੀਟਿੰਗ ਜ਼ੋਨ ਜਲੰਧਰ ਮੁਖੀ ਸ੍ਰੀ ਸੁਰਜੀਤ ਟਿੱਬਾ ਦੀ ਦੇਖ-ਰੇਖ ਵਿੱਚ ਜੀਵਨ ਮੱਲ ਸੀਨੀਅਰ ਸੈਕੰਡਰੀ ਸਕੂਲ ਜ਼ੀਰਾ ਵਿਖੇ ਹੋਈ। ਸਭ ਤੋਂ ਪਹਿਲਾਂ ਸ੍ਰੀ ਪਰਮਜੀਤ ਵਿਦਿਆਰਥੀ ਵੱਲੋਂ ਇਕਾਈ ਜ਼ੀਰਾ ਵੱਲੋਂ ਪਿਛਲੇ ਦੋ ਸਾਲਾਂ ਦੌਰਾਨ ਕੀਤੀਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ ਗਈ, ਜਿਸ ਨੂੰ ਵਿਚਾਰਨ ਤੋਂ ਬਾਅਦ ਪਾਸ ਕੀਤਾ ਗਿਆ। ਇਸ ਤੋਂ ਬਾਅਦ ਪਹਿਲੀ ਕਾਰਜਕਾਰੀ ਨੂੰ ਭੰਗ ਕੀਤਾ ਗਿਆ ਤੇ ਫਿਰ 2023-2025 ਦੋ ਸਾਲਾਂ ਲਈ ਨਵੀਂ ਕਾਰਜਕਾਰੀ ਟੀਮ ਨੂੰ ਸਰਬਸੰਮਤੀ ਨਾਲ ਚੁਣਿਆ ਗਿਆ। ਨਵੀਂ ਬਣੀ ਕਾਰਜਕਾਰੀ ਟੀਮ ਵੱਲੋਂ ਮੁੜ ਤੋਂ ਸੁਰਿੰਦਰ ਕੁਮਾਰ ਨੂੰ ਪ੍ਰਧਾਨ ਚੁਣ ਲਿਆ ਗਿਆ। ਪ੍ਰਧਾਨ ਸੁਰਿੰਦਰ ਕੁਮਾਰ ਨਵੇਂ ਬਣੇ ਮੈਂਬਰਾਂ ਨਾਲ ਵੀ ਜਾਣ-ਪਛਾਣ ਕੀਤੀ, ਜਿਸ ਉਪਰੰਤ ਐਡਵੋਕੇਟ ਸ੍ਰੀ ਹਰਦੀਪ ਸ਼ੇਰਗਿੱਲ, ਪੂਰਨ ਸਿੰਘ ਮਨਸੂਰਦੇਵਾ, ਸੂਬਾ ਸਿੰਘ ਮੱਲ੍ਹੇਸ਼ਾਹ, ਭਜਨ ਸਿੰਘ ਮਰਖਾਈ, ਬਚਿੱਤਰ ਸਿੰਘ ਹਰੀਪੁਰ ਬਸਤੀ ਵੱਲੋਂ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ ਗਏ, ਜਿਸ ਉਪਰੰਤ ਵੇਦ ਪ੍ਰਕਾਸ ਸੋਨੀ ਨੇ ਇਕਾਈ ਦੀਆਂ ਸਰਗਰਮੀਆਂ ਵਧਾਉਣ ਸੰਬੰਧੀ ਹਾਜ਼ਰ ਮੈਂਬਰਾਂ ਪਾਸੋਂ ਹੋਰ ਸਰਗਰਮੀ ਨਾਲ ਸਹਿਯੋਗ ਵਧਾਉਣ ਲਈ ਬੇਨਤੀ ਕੀਤੀ, ਤਾਂ ਜੋ ਲੋਕਾਂ ਨੂੰ ਵਹਿਮਾਂ ਭਰਮਾਂ ਤੋਂ ਦੂਰ ਕਰਕੇ ਵਿਗਿਆਨਕ ਸੋਚ ਬਾਰੇ ਜਾਣਕਾਰੀ ਦਿੱਤੀ ਜਾਵੇ। ਨਵੀਂ ਬਣੀ ਟੀਮ ਵਿੱਚ ਜਥੇਬੰਦਕ ਮੁਖੀ ਸੁਰਿੰਦਰ ਜ਼ੀਰਾ, ਵਿੱਤ ਵਿਭਾਗ ਮੁਖੀ ਪਰਮਜੀਤ ਵਿਦਿਆਰਥੀ, ਮੀਡੀਆ ਵਿਭਾਗ ਪ੍ਰਤਾਪ ਹੀਰਾ, ਮਾਨਸਿਕ ਸਿਹਤ ਵਿਭਾਗ ਅਜਮੇਰ ਸਿੰਘ, ਸੱਭਿਆਚਾਰ ਵਿਭਾਗ ਹਰਚਰਨ ਚੋਹਲਾ ਨੂੰ ਲਿਆ ਗਿਆ ਹੈ। ਇਸ ਮੌਕੇ ਪ੍ਰੇਮ ਕੁਮਾਰ ਜ਼ੀਰਾ, ਦਲੀਪ ਸਿੰਘ ਜ਼ੀਰਾ, ਤਰਸੇਮ ਸਿੰਘ ਨੂਰਪੁਰ, ਬਰਜਿੰਦਰ ਸਿੰਘ, ਅਵਤਾਰ ਸਿੰਘ, ਮੁਖਤਿਆਰ ਸਿੰਘ ਸਨ੍ਹੇਰ ਆਦਿ ਹਾਜ਼ਰ ਸਨ।

### ਮਾਮਲਾ ਛੋਟੇ ਦੁਕਾਨਦਾਰ ਦੀ ਕੁਰਕੀ ਦਾ

# ਮਜ਼ਦੂਰ-ਕਿਸਾਨ ਜਥੇਬੰਦੀਆਂ ਨੇ ਵਿਰੋਧ ਕਰਕੇ ਬੈਂਕ ਤੇ ਪ੍ਰਸ਼ਾਸਨਕ ਅਧਿਕਾਰੀ ਬੇਰੰਗ ਮੋੜੇ


ਕੁਰਕੀ ਦੌਰਾਨ ਧਰਨਾ ਦੇ ਕੇ ਨਾਅਰੇਬਾਜ਼ੀ ਕਰਦੇ ਹੋਏ ਵੱਖ ਵੱਖ ਜਥੇਬੰਦੀਆਂ ਦੇ ਆਗੂ।

**ਬਰੇਟਾ (ਗੀਤਵਾਲ)**-ਇਥੇ ਇੱਕ ਦੁਕਾਨਦਾਰ ਦੀ ਕੁਰਕੀ ਕਰਨ ਆਈ ਪੰਜਾਬ ਨੈਸ਼ਨਲ ਬੈਂਕ ਦੀ ਟੀਮ ਤੇ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਕਿਸਾਨਾਂ-ਮਜ਼ਦੂਰਾਂ ਦੀਆਂ ਵੱਖ ਵੱਖ ਜਥੇਬੰਦੀਆਂ ਨੇ ਜ਼ਬਰਦਸਤ ਵਿਰੋਧ ਕਰਕੇ ਬੇਰੰਗ ਵਾਪਸ ਮੋੜ ਦਿੱਤਾ ਤੇ ਧਰਨਾਕਾਰੀਆਂ ਨੇ ਰੋਹ ਭਰਪੂਰ ਨਾਅਰੇਬਾਜ਼ੀ ਵੀ ਕੀਤੀ। ਸੋਮਵਾਰ ਸਵੇਰ ਤੋਂ ਹੀ ਕੁੱਲ ਹਿੰਦ ਕਿਸਾਨ ਸਭਾ, ਮਜ਼ਦੂਰ ਮੁਕਤੀ ਮੋਰਚਾ ਤੇ ਜਮਹੂਰੀ ਕਿਸਾਨ ਸਭਾ ਨੇ ਸਾਂਝੇ ਰੂਪ ਵਿੱਚ ਧਰਨੇ ਦੀ ਅਗਵਾਈ ਵਿੱਚ ਸਬੰਧਤ ਦੁਕਾਨ ਵਿੱਚ ਮਜ਼ਦੂਰ ਕਿਸਾਨ ਡੇਰਾ ਜਮਾ ਕੇ ਬੈਠ ਗਏ। ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਹਰਜਿੰਦਰ ਸਿੰਘ ਨੇ ਦੱਸਿਆ ਕਿ ਇਸ ਦੁਕਾਨਦਾਰ ਨੇ ਉਕਤ ਬੈਂਕ ਪਾਸੋਂ ਲਿਮਟ ਬਣਾਈ ਹੋਈ ਸੀ, ਪਰ ਕਰੋਨਾ ਮਹਾਂਮਾਰੀ ਤੇ ਗੁਦਾਮ ਨੂੰ ਅੱਗ ਲੱਗਣ ਕਾਰਨ ਕਾਰੋਬਾਰ ਵਿੱਚ ਭਾਰੀ ਘਾਟਾ ਪੈ ਗਿਆ, ਜਿਸ ਕਰਕੇ ਦੁਕਾਨਦਾਰ ਬੈਂਕ ਦਾ ਡਿਫਾਲਟਰ ਹੋ ਗਿਆ। ਉਨ੍ਹਾ ਦੱਸਿਆ ਕਿ ਇਸ ਦੁਕਾਨਦਾਰ ਨੇ ਗੁਦਾਮ ਨੂੰ ਅੱਗ ਲੱਗਣ ਕਾਰਨ ਹੋਏ ਨੁਕਸਾਨ ਸਬੰਧੀ ਕਲੇਮ ਕੇਸ ਕੀਤਾ ਹੋਇਆ ਹੈ। ਇਸ ਮੌਕੇ ਬੋਲਦਿਆਂ ਨਿੱਕਾ ਸਿੰਘ ਬਹਾਦਰਪੁਰ ਨੇ ਕਿਹਾ ਕਿ ਸਬੰਧਤ ਬੈਂਕ ਦੁਕਾਨ ਕੁਰਕ ਕਰਨ ਲਈ ਬਜ਼ਿੱਦ ਹੈ, ਪਰ ਮਜ਼ਦੂਰ ਕਿਸਾਨ ਜਥੇਬੰਦੀਆਂ ਕੁਰਕੀ ਨਹੀਂ ਹੋਣ ਦੇਣਗੀਆਂ। ਦੂਜੇ ਪਾਸੇ ਆਮ ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ ਦੀਆਂ ਜਾਇਦਾਦਾਂ ਪੁਲਸ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਮਦਦ ਨਾਲ ਜਬਰੀ ਖੋਹੀਆਂ ਜਾ ਰਹੀਆਂ ਹਨ। ਉਨ੍ਹਾ ਦੋਸ਼ ਲਾਇਆ ਕਿ ਅੱਜ ਭਾਰੀ ਪੁਲਸ ਫੋਰਸ ਤੇ ਬੈਂਕ ਅਧਿਕਾਰੀਆਂ ਦੇ ਲਾਮ ਲਸ਼ਕਰ ਨਾਲ ਪਹੁੰਚ ਕੇ ਕੁਰਕੀ ਦਾ ਪੂਰਾ ਯਤਨ ਕੀਤਾ, ਜਿਸ ਨੂੰ ਥਾਣਾ ਮੁਖੀ ਬਰੇਟਾ, ਬੈਂਕ ਅਧਿਕਾਰੀਆਂ ਤੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਆਪਣੀ ਸੂਝਬੂਝ ਨਾਲ ਸਾਜਗਰ ਕੀਤਾ।

ਕਮਿਊਨਿਸਟ ਆਗੂ ਨੇ ਮੁੱਖ ਮੰਤਰੀ ਪੰਜਾਬ ਤੇ ਮਾਲ ਵਿਭਾਗ ਦੇ ਮੰਤਰੀ ਪਾਸੋਂ ਮੰਗ ਕੀਤੀ ਕਿ ਅਜਿਹੇ ਅਧਿਕਾਰੀ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਸਾਨ ਆਗੂ ਐਡਵੋਕੇਟ ਸਵਰਨਜੀਤ ਸਿੰਘ ਦਲਿਓ, ਦਸੌਂਧਾ ਸਿੰਘ ਬਹਾਦਰਪੁਰ, ਜਰਨੈਲ ਸਿੰਘ ਕਿਸ਼ਨਗੜ੍ਹ, ਸਾਉਣ ਸਿੰਘ ਦਿਆਲਪੁਰਾ, ਪਾਲ ਸਿੰਘ ਬਹਾਦਰਪੁਰ, ਬੀਬੀ ਸੁਰਜੀਤ ਕੌਰ ਆਦਿ ਮੌਜੂਦ ਸਨ।

# ਪੰਜਾਬ ਦੀ ਅਮਨ ਸ਼ਾਂਤੀ ਨੂੰ ਲਾਂਬੂ ਲਾਉਣ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਪੈਰ ਪਸਾਰਨ ਨਹੀਂ ਦਿਆਂਗੇ : ਪੰਡੋਰੀ

### *ਜਵਾਨੀ ਦੇ ਹੱਥ 'ਚ ਬੰਦੂਕ ਨਹੀਂ, ਬਲਕਿ ਕਿਤਾਬ ਦੇਣ ਦੀ ਲੋੜ*

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੰਜਾਬ ਸਰਕਾਰ ਸੂਬੇ ਦੀ ਅਮਨ ਸ਼ਾਂਤੀ ਨੂੰ ਲਾਂਬੂ ਲਾਉਣ ਵਾਲੀਆਂ ਤਾਕਤਾਂ ਨੂੰ ਕਿਸੇ ਵੀ ਕੀਮਤ 'ਤੇ ਪੈਰ ਪਸਾਰਨ ਨਹੀਂ ਦੇਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਮਹਿਲ ਕਲਾਂ ਤੋਂ 'ਆਪ' ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਪੰਜਾਬ ਨੇ ਬੀਤੇ ਸਮੇਂ ਦਾ ਕਾਲਾ ਦੌਰ ਹੰਢਾਇਆ, ਹਜ਼ਾਰਾਂ ਪਰਿਵਾਰ ਉਸ ਦੌਰ 'ਚ ਉਜੜ ਗਏ, ਜੋ ਬਚ ਗਏ, ਉਹ ਅੱਜ ਤੱਕ ਸੰਤਾਪ ਹੰਢਾ ਰਹੇ ਹਨ।

ਉਨ੍ਹਾ ਕਿਹਾ ਕਿ ਕੁਝ ਲੋਕ ਆਪਣੇ ਹਿੱਤਾਂ ਦੀ ਖਾਤਰ ਪੰਜਾਬ ਦੀ ਜਵਾਨੀ ਨੂੰ ਕੁਰਾਹੇ ਪਾਉਣ ਦੀ ਕੋਸ਼ਿਸ਼ 'ਚ ਹਨ, ਪਰ ਸੂਬੇ ਦੇ ਲੋਕ ਅਮਨ ਸ਼ਾਂਤੀ ਚਾਹੁੰਦੇ ਹਨ। ਵਿਧਾਇਕ ਪੰਡੋਰੀ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਦੇ ਹੱਥ 'ਚ ਬੰਦੂਕ ਨਹੀਂ, ਬਲਕਿ ਕਿਤਾਬ ਦੇਣੀ ਚਾਹੀਦੀ ਤਾਂ ਜੋ ਉਹ ਪੜ੍ਹ ਲਿਖ ਕੇ ਉੱਚ ਅਹੁਦਿਆਂ 'ਤੇ ਬਿਰਾਜ਼ਮਾਨ ਹੋਣ ਅਤੇ ਸਿੱਖ ਕੌਮ ਦਾ ਨਾਂਅ ਦੁਨੀਆ ਭਰ 'ਚ ਰੌਸ਼ਨ ਹੋ ਸਕੇ। ਉਨ੍ਹਾਂ ਲੋਕਾਂ ਨੂੰ ਅਮਨ ਸ਼ਾਂਤੀ ਤੇ ਆਪਸੀ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਕਿਸੇ ਵੀ ਨੌਜਵਾਨ ਨਾਲ ਬੇਇਨਸਾਫੀ ਨਹੀਂ ਹੋਣ ਦਿੱਤੀ ਜਾਵੇਗੀ, ਜੇਕਰ ਕਿਸੇ ਨੂੰ ਪੁਲਸ ਨੇ ਪੁੱਛਗਿੱਛ ਲਈ ਲਈ ਬੁਲਾਇਆ ਹੈ, ਤਾਂ ਬੇਕਸੂਰ ਹੋਣ ਦੀ ਸੂਰਤ 'ਚ ਛੱਡਿਆ ਜਾਵੇਗਾ। ਉਨ੍ਹਾਂ ਹਲਕੇ ਦੇ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਧਿਆਨ 'ਚ ਕਿਸੇ ਬੇਕਸੂਰ ਨੌਜਵਾਨ ਨੂੰ ਚੁੱਕਿਆ ਗਿਆ ਤਾਂ ਉਹ ਮੇਰੇ ਨਾਲ ਸਿੱਧੇ ਤੌਰ 'ਤੇ ਸੰਪਰਕ ਕਰਨ। ਵਿਧਾਇਕ ਪੰਡੋਰੀ ਨੇ ਤੇਜ਼ ਮੀਂਹ ਤੇ ਝੱਖੜ ਨਾਲ ਹੋਏ ਨੁਕਸਾਨ 'ਤੇ ਪੀੜਤ ਕਿਸਾਨਾਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਿਆਂ ਹਲਕੇ ਦੇ ਕਿਸਾਨਾਂ ਵਾਸਤੇ ਇੱਕ ਹੈਲਪਲਾਈਨ ਨੰਬਰ ਵੀ ਜਾਰੀ ਕੀਤਾ।

# ਪੰਜਾਬ ਦੇ ਨੌਜਵਾਨਾਂ 'ਚ ਹੁਨਰ ਦੀ ਕੋਈ ਘਾਟ ਨਹੀਂ : ਭੁੱਲਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਨਹਿਰੂ ਯੁਵਾ ਕੇਂਦਰ ਫਿਰੋਜ਼ਪੁਰ (ਭਾਰਤ ਸਰਕਾਰ) ਵੱਲੋਂ ਜੈਨੇਸਿਜ਼ ਡੈਂਟਲ ਕਾਲਜ ਫਿਰੋਜ਼ਪੁਰ ਵਿਖੇ ਜ਼ਿਲ੍ਹਾ ਯੂਥ ਅਫਸਰ ਮੈਡਮ ਮਨੀਸ਼ਾ ਰਾਣੀ, ਲੇਖਾ ਤੇ ਪ੍ਰੋਗਰਾਮ ਸਹਾਇਕ ਅਫਸਰ ਮਨਜੀਤ ਸਿੰਘ ਭੁੱਲਰ ਦੀ ਅਗਵਾਈ ਹੇਠ 'ਜ਼ਿਲ੍ਹਾ ਪੱਧਰੀ ਯੁਵਾ ਉਤਸਵ' ਪ੍ਰੋਗਰਾਮ ਤਹਿਤ ਭਾਸ਼ਣ ਮੁਕਾਬਲਾ ਕਰਵਾਇਆ ਗਿਆ।ਪ੍ਰੋਗਰਾਮ ਦ ਮੁੱਖ ਮਹਿਮਾਨ ਵਜੋਂ ਵਿਧਾਇਕ ਸ੍. ਰਣਬੀਰ ਸਿੰਘ ਭੁੱਲਰ ਨੇ ਸ਼ਿਰਕਤ ਕੀਤੀ।ਸਹਾਇਕ ਕਮਿਸ਼ਨਰ ਸੂਰਜ ਕੁਮਾਰ, ਅਮਰੀਕ ਸਿੰਘ ਜ਼ਿਲ੍ਹਾ ਲੋਕ ਸੰਪਰਕ ਅਫਸਰ ਤੇ ਲਖਵੀਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਮੰਚ ਸੰਚਾਲਨ ਦੀ ਭੂਮਿਕਾ ਪ੍ਰੋ. ਰਵਨੀਤ ਕੌਰ ਨੇ ਨਿਭਾਈ।

ਮਨਜੀਤ ਸਿੰਘ ਭੁੱਲਰ ਨੇ ਸਭ ਨੂੰ ਜੀ ਆਇਆ ਕਿਹਾ ਤੇ ਪ੍ਰੋਗਰਾਮ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨੌਜਵਾਨਾਂ ਦੇ ਸੱਭਿਆਚਾਰਕ, ਸਾਹਿਤਕ ਤੇ ਕਲਾਤਮਕ ਹੁਨਰ ਦੇ ਵਿਕਾਸ ਲਈ ਇਸ ਤਰ੍ਹਾਂ ਦੇ ਪ੍ਰੋਗਰਾਮ ਨਹਿਰੂ ਯੁਵਾ ਕੇਂਦਰ ਸਮੇਂ ਸਮੇਂ 'ਤੇ ਵੱਖ ਵੱਖ ਕਾਲਜਾਂ ਸਕੂਲਾਂ ਵਿੱਚ ਯੂਥ ਕਲੱਬਾਂ ਤੇ ਵਲੰਟੀਅਰਾਂ ਦੇ ਸਹਿਯੋਗ ਨਾਲ ਕਰਾਉਂਦਾ ਰਹੇਗਾ।ਉਨ੍ਹਾਂ ਦੱਸਿਆ ਕਿ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਅਦਾਰੇ ਵੱਲੋਂ ਇਨਾਮ ਵਜੋਂ ਨਕਦ ਰਾਸ਼ੀ, ਮਮੈਂਟੋ ਤੇ ਸਰਟੀਫਿਕੇਟ ਦਿੱਤੇ ਗਏ ਅਤੇ ਜੇਤੂ ਵਿਦਿਆਰਥੀ ਅੱਗੇ ਜਾ ਕੇ ਨੈਸ਼ਨਲ ਪੱਧਰ ਦੇ ਮੁਕਾਬਲਿਆਂ ਵਿੱਚ ਵੀ ਭਾਗ ਲੈ ਸਕਣਗੇ।ਮੁੱਖ ਮਹਿਮਾਨ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਕਾਲਜ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਸੱਭਿਆਚਾਰਕ ਤੇ ਕਲਾਤਮਕ ਮੁਕਾਬਲਿਆਂ ਵਿੱਚ ਜਿਵੇਂ ਨੌਜਵਾਨਾਂ ਨੇ ਭਾਗ ਲਏ ਤੇ ਇਨਾਮ ਹਾਸਲ ਕੀਤੇ, ਇਸ ਤੋਂ ਲੱਗਦਾ ਹੈ ਕਿ ਪੰਜਾਬ ਦੇ ਨੌਜਵਾਨਾਂ ਵਿੱਚ ਬਹੁਤ ਹੁਨਰ ਹੈ ਤੇ ਸਾਡੇ ਨੌਜਵਾਨ ਤਰੱਕੀ ਕਰਨ, ਇਹ ਮੇਰਾ ਤੇ ਸਾਡੇ ਮੁੱਖ ਮੰਤਰੀ ਦਾ ਸੁਪਨਾ ਹੈ।ਉਨ੍ਹਾ ਨਹਿਰੂ ਯੁਵਾ ਕੇਂਦਰ ਦੀ ਅਜਿਹੇ ਪ੍ਰੋਗਰਾਮ ਕਰਵਾਉਂਣ ਲਈ ਪ੍ਰਸੰਸਾ ਵੀ ਕੀਤੀ। ਸਹਾਇਕ ਕਮਿਸ਼ਨਰ ਸੂਰਜ ਕੁਮਾਰ ਨੇ ਨੌਜਵਾਨਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਹੋ ਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਨਾਲ ਜਿੱਥੇ ਵਿਧਿਆਰਥੀਆਂ ਨੂੰ ਆਪਣੇ ਹੁਨਰ ਪਹਿਚਾਣ ਕਰਕੇ ਉਨ੍ਹਾਂ ਨੂੰ ਨਿਖਾਰਨ ਦਾ ਮੌਕਾ ਮਿਲਦਾ ਹੈ, ਉਥੇ ਉਨ੍ਹਾਂ ਦਾ ਸਵੈ ਵਿਸ਼ਵਾਸ ਵਧਦਾ ਹੈ, ਜਿਸ ਨਾਲ ਨੌਜਵਾਨ ਆਪਣੀ ਜ਼ਿੰਦਗੀ ਵਿੱਚ ਵੱਡੀਆ ਪ੍ਰਾਪਤੀਆਂ ਹਾਸਲ ਕਰਨ ਦੇ ਯੋਗ ਬਣਦੇ ਹਨ, ਇਸ ਲਈ ਤੁਹਾਨੂੰ ਸਾਰੀਆਂ ਨੂੰ ਹੀ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣਾ ਚਾਹੀਦਾ ਹੈ।

ਪੇਂਟਿੰਗ, ਕਵਿਤਾ ਲੇਖਣ, ਮੋਬਾਈਲ ਫਟੋਗ੍ਰਾਫੀ ਤੇ ਭਾਸ਼ਣ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਦੀ ਹੌਸਲਾ ਹਫਜ਼ਾਈ ਕਰਦੇ ਹੋਏ ਨਹਿਰੂ ਯੁਵਾ ਕੇਂਦਰ ਦੀ ਪ੍ਰਸੰਸਾ ਕੀਤੀ।

ਜੇਤੂ ਵਿਦਿਆਰਥੀਆਂ ਨੂੰ ਵਿਧਾਇਕ ਰਣਬੀਰ ਸਿੰਘ ਭੁੱਲਰ, ਮੈਡਮ ਮਨੀਸ਼ਾ ਰਾਣੀ, ਮਨਜੀਤ ਸਿੰਘ ਭੁੱਲਰ ਤੇ ਪ੍ਰਿੰਸੀਪਲ ਡਾ. ਪ੍ਰਸ਼ੋਤਮ ਡਿਸੂਜ਼ਾ ਨੇ ਸਾਂਝੇ ਤੌਰ 'ਤੇ ਨਕਦ ਰਾਸ਼ੀ, ਮਮੈਂਟੋ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।

## ਕਾਤਰਾਂ

### ਛਾਪਾ 'ਚ ਖ਼ੂਨਦਾਨ ਕੈਂਪ 2 ਨੂੰ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸਵ: ਬੱਬਲਜੀਤ ਸਿੰਘ ਬੱਬਾ ਬਾਜਵਾ ਦੀ ਯਾਦ ਨੂੰ ਸਮਰਪਤ ਚੌਥਾ ਵਿਸ਼ਾਲ ਖ਼ੂਨਦਾਨ ਕੈਂਪ 2 ਅਪ੍ਰੈਲ ਨੂੰ ਸਵੇਰੇ 9 ਵਜੇ ਤੋਂ 2 ਵਜੇ ਤੱਕ ਸਫਾਈ ਸੇਵਾ ਕਲੱਬ ਛਾਪਾ ਵੱਲੋਂ ਸਮੂਹ ਐੱਨ ਆਰ ਆਈਜ਼, ਨਗਰ ਪੰਚਾਇਤ, ਗੁਰਦੁਆਰਾ ਕਮੇਟੀਆਂ, ਭਾਕਿਯੂ ਡਕੌਂਦਾ ਇਕਾਈ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਗੁਰਦੁਆਰਾ ਅਕਾਲ ਜੋਤ ਸਾਹਿਬ ਪਿੰਡ ਛਾਪਾ (ਬਰਨਾਲਾ) ਵਿਖੇ ਲਗਾਇਆ ਜਾ ਰਿਹਾ ਹੈ। ਪ੍ਰਬੰਧਕਾਂ ਅਨੁਸਾਰ ਇਸ ਮੌਕੇ ਡੀ ਐੱਮ ਸੀ ਹਸਪਤਾਲ ਲੁਧਿਆਣਾ ਦੇ ਬਲੱਡ ਬੈਂਕ ਦੀ ਟੀਮ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰੇਗੀ। ਉਨ੍ਹਾਂ ਇਸ ਸਮਾਜ ਸੇਵਾ ਦੇ ਕਾਰਜਾਂ 'ਚ ਖ਼ੂਨਦਾਨੀਆਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ।

### ਭਲਕੇ ਮਨਾਈ ਜਾਵੇਗੀ ਰਾਮ ਨੌਮੀ

**ਕੋਟ ਈਸੇ ਖਾਂ (ਅਰੋੜਾ)**-ਪ੍ਰਾਚੀਨ ਸ਼ਿਵ ਬਾਉਲੀ ਮੰਦਰ ਮਸੀਤਾਂ ਰੋਡ ਕੋਟ ਈਸੇ ਖਾਂ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਰਾਮ ਨੌਮੀ ਪਵਿੱਤਰ ਦਿਹਾੜਾ ਸ੍ਰੀ ਰਮਾਇਣ ਪ੍ਰਚਾਰ ਸੰਮਤੀ ਤੇ ਸ੍ਰੀ ਰਾਧਾ ਕ੍ਰਿਸ਼ਨ ਸੇਵਾ ਮੰਡਲ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ 30 ਮਾਰਚ ਨੂੰ ਸ਼ਰਧਾ ਪੂਰਵਕ ਬੜੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਮੁੱਖ ਪੁਜਾਰੀ ਬਦਰੀ ਪ੍ਰਸ਼ਾਦ ਮਿਸ਼ਰਾ ਤੇ ਭਗਤ ਜਗਦੀਸ਼ ਮੁੱਖ ਸੇਵਾਦਾਰ ਨੇ ਦੱਸਿਆ ਕਿ 29 ਮਾਰਚ ਨੂੰ ਸ੍ਰੀ ਰਮਾਇਣ ਜੀ ਦੇ ਅਖੰਡ ਪਾਠ ਬਾਉਲੀ ਮੰਦਰ ਸਵੇਰੇ 9 ਵਜੇ ਆਰੰਭ ਹੋਣਗੇ ਤੇ ਬਾਅਦ ਦੁਪਹਿਰ 2 ਵਜੇ ਸ਼ੋਭਾ ਯਾਤਰਾ ਕੱਢੀ ਜਾਵੇਗੀ ਅਤੇ 30 ਮਾਰਚ ਸਵੇਰੇ 11 ਵਜੇ ਸ੍ਰੀ ਰਮਾਇਣ ਜੀ ਦੇ ਅਖੰਡ ਪਾਠ ਦੇ ਭੋਗ ਪਾਏ ਜਾਣਗੇ। ਭਜਨ ਕੀਰਤਨ ਦਰਬਾਰ ਤੇ ਅਟੁੱਟ ਲੰਗਰ ਸਜਾਏ ਜਾਣਗੇ।

### 50 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀ ਆਈ ਏ ਸਟਾਫ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਛਾਪੇਮਾਰੀ ਦੌਰਾਨ ਇੱਕ ਵਿਅਕਤੀ ਨੂੰ 50 ਗ੍ਰਾਮ ਹੈਰੋਇਨ ਤੇ ਇੱਕ ਮੋਟਰਸਾਈਕਲ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਥਾਣਾ ਕੈਂਟ ਫਿਰੋਜ਼ਪੁਰ ਵਿਖੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇਸਪੈਕਟਰ ਤਰਸੇਮ ਸ਼ਰਮਾ ਨੇ ਦੱਸਿਆ ਕਿ ਬੀਤੇ ਦਿਨ ਗਸ਼ਤ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਗੋਬਿੰਦ ਉਰਫ ਸੋਢੀ ਪੁੱਤਰ ਕਾਲਾ ਉਰਫ ਮਹਿੰਦਰ ਵਾਸੀ ਪਿੰਡ ਖਲਚੀਆਂ ਜੋ ਹੈਰੋਇਨ ਵੇਚਣ ਦਾ ਆਦੀ ਹੈ, ਅੱਜ ਵੀ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਝੋਕ ਹਰੀਹਰ ਵੱਲੋਂ ਫਿਰੋਜ਼ਪੁਰ ਕੈਂਟ ਵੱਲ ਆ ਰਿਹਾ ਹੈ, ਜੇਕਰ ਹੁਣੇ ਨਾਕਾਬੰਦੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਮੁਲਜ਼ਮ ਨੂੰ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 50 ਗ੍ਰਾਮ ਹੈਰੋਇਨ ਤੇ ਉਕਤ ਮੋਟਰਸਾਈਕਲ ਬਰਾਮਦ ਹੋਇਆ।

### ਹੈਰੋਇਨ ਸਮੇਤ ਦੋ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਥਾਣਾ ਸਦਰ ਪੁਲਸ ਨੇ ਹੈਰੋਇਨ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਰਾਮਨਗਰ ਮੌਜੂਦ ਸੀ ਤਾਂ ਸੜਕ ਦੇ ਕਿਨਾਰੇ ਦੋ ਨੌਜਵਾਨ ਕੁਲਵੀਰ ਸਿੰਘ ਵਾਸੀ ਚੱਕ ਤਾਮਕੋਟ ਤੇ ਸੂਰਜ ਸਿੰਘ ਵਾਸੀ ਕੋਟਲੀ ਦੇਵਨ ਟਾਰਚ ਦੀ ਰੌਸ਼ਨੀ ਵਿੱਚ ਮੋਮੀ ਲਿਫ਼ਾਫ਼ੇ 'ਚੋਂ ਕੋਈ ਵਸਤੂ ਨੂੰ ਤੋਲ ਰਹੇ ਸਨ ਤਾਂ ਸ਼ੱਕ ਦੇ ਆਧਾਰ 'ਤੇ ਪੁਲਸ ਪਾਰਟੀ ਨੇ ਗੱਡੀ ਨੂੰ ਨੌਜਵਾਨਾਂ ਕੋਲ ਰੋਕਿਆ ਤਾਂ ਦੋਵੇਂ ਨੌਜਵਾਨ ਇੱਕਦਮ ਘਬਰਾ ਕੇ ਖੇਤਾਂ ਵੱਲ ਭੱਜਣ ਲੱਗੇ ਤਾਂ ਪੁਲਸ ਨੇ ਦੋਵਾਂ ਨੂੰ ਕਾਬੂ ਕਰ ਲਿਆ ਤੇ ਤਲਾਸ਼ੀ ਲੈਣ ਉਪਰੰਤ ਉਨ੍ਹਾਂ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਕਰ ਲਈ ਗਈ। ਪੁਲਸ ਨੇ ਉਕਤ ਵਿਅਕਤੀਆਂ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਲੁਟੇਰਿਆਂ ਨੇ ਔਰਤ ਦਾ ਪਰਸ ਖੋਹਿਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ-ਜ਼ੀਰਾ ਰੋਡ 'ਤੇ ਬਠਿੰਡਾ ਲਾਇਨ ਫਾਟਕਾਂ ਦੇ ਕੋਲ ਇਕ ਔਰਤ ਕੋਲੋਂ ਲੁਟੇਰਿਆਂ ਵੱਲੋਂ ਪਰਸ ਖੋਹਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਇੱਕ ਲੁਟੇਰੇ ਨੂੰ ਗ੍ਰਿਫਤਾਰ ਕਰਕੇ ਤਿੰਨ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸਵੀਤਾ ਪਤਨੀ ਮਿੰਟੂ ਵਾਸੀ ਮਕਾਨ ਨੰਬਰ 24-ਏ ਡਿਫੈਂਸ ਕਾਲੋਨੀ ਜ਼ੀਰਾ ਰੋਡ ਨੇ ਦੱਸਿਆ ਕਿ ਉਹ 24 ਮਾਰਚ ਨੂੰ ਆਪਣੀ ਐਕਟਿਵਾ ਸਕੂਟਰੀ 'ਤੇ ਸਵਾਰ ਹੋ ਕੇ ਡਿਊਟੀ ਤੋਂ ਘਰ ਜਾ ਰਹੀ ਸੀ ਤਾਂ ਕਰੀਬ 2.20 ਵਜੇ ਜ਼ੀਰਾ ਰੋਡ 'ਤੇ ਬਠਿੰਡਾ ਲਾਇਨ ਰੇਲਵੇ ਫਾਟਕਾਂ ਤੋਂ ਪਿੱਛੇ ਹੀ ਸੀ ਤਾਂ ਸਾਹਮਣੇ ਤੋਂ ਦੋ ਮੋਟਰਸਾਈਕਲ ਪਲਸਰ ਤੇ ਡਰੀਮ ਹਾਂਡਾ 'ਤੇ ਦੋਸ਼ੀਆਨ ਵੰਸ਼ੂ ਪੁੱਤਰ ਸੁਰਜੀਤ ਸਿੰਘ ਵਾਸੀ ਪੀਰ ਅਹਿਮਦ ਖਾਂ, ਪਵਨ ਉਰਫ ਰੋਹਿਤ ਉਰਫ ਮੂਲੀ ਪੁੱਤਰ ਮਹੇਸ਼ ਕੁਮਾਰ ਉਰਫ ਮੇਸ਼ੀ ਵਾਸੀ ਇੰਦਰਾ ਕਾਲੋਨੀ, ਕਾਕਾ ਉਰਫ ਕਾਕੀ ਪੁੱਤਰ ਹੀਰਾ ਵਾਸੀ ਅੱਛੇਵਾਲਾ ਆਏ ਤੇ ਉਸ ਦਾ ਪਰਸ, ਜਿਸ ਵਿੱਚ ਇੱਕ ਮੋਬਾਇਲ ਫੋਨ ਤੇ ਘਰ/ਦਫਤਰ ਦੀਆਂ ਚਾਬੀਆਂ ਤੇ ਹੋਰ ਜ਼ਰੂਰੀ ਕਾਗਜ਼ਾਤ ਸਨ, ਖੋਹ ਕੇ ਲੈ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਦੋਸ਼ੀ ਵੰਸ਼ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ ਇਕ ਮੋਟਰਸਾਈਕਲ ਤੇ ਇੱਕ ਮੋਬਾਇਲ ਫੋਨ ਬਰਾਮਦ ਕੀਤਾ ਹੈ।

# ਮੀਂਹ ਤੇ ਗੜੇਮਾਰੀ ਨਾਲ ਨੁਕਸਾਨੀਆਂ ਫਸਲਾਂ ਦੇ ਮੁਆਵਜ਼ੇ ਦੀ ਮੰਗ

### ਫਸਲਾਂ ਦੀ ਗਿਰਦਾਵਰੀ ਬਿਨਾਂ ਕਿਸੇ ਭੇਦਭਾਵ ਦੇ ਕੀਤੀ ਜਾਵੇ : ਸ਼ੀਲਾ ਰਾਣੀ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਬੀਤੇ ਦਿਨੀਂ ਪੰਜਾਬ ਅੰਦਰ ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਅਬੋਹਰ ਤੇ ਫਰੀਦਕੋਟ ਜ਼ਿਲ੍ਹਿਆਂ 'ਚ ਪਏ ਭਾਰੀ ਮੀਂਹ, ਗੜੇਮਾਰੀ ਤੇ ਤੂਫਾਨ ਨਾਲ ਹਾੜ੍ਹੀ ਦੀ ਫਸਲ, ਪਸ਼ੂਆਂ ਦੇ ਚਾਰੇ ਤੇ ਘਰਾਂ ਦਾ ਭਾਰੀ ਨੁਕਸਾਨ ਹੋਇਆ ਹੈ, ਉਥੇ ਆਸ਼ਰਤ ਮਜ਼ਦੂਰਾਂ ਦਾ ਵੀ ਨੁਕਸਾਨ ਹੋਇਆ ਹੈ। ਇਸ ਤੂਫਾਨ ਨਾਲ ਰਿਹਾਇਸ਼ੀ ਮਕਾਨਾਂ ਦਾ ਵੀ ਬਹੁਤ ਨੁਕਸਾਨ ਹੋਇਆ ਹੈ। ਬਹੁਜਨ ਸਮਾਜ ਪਾਰਟੀ ਵੱਲੋਂ ਬੀਬੀ ਸ਼ੀਲਾ ਰਾਣੀ ਗੁਰੂਸਰ ਸਟੇਟ ਮੈਂਬਰ ਬਸਪਾ ਪੰਜਾਬ, ਸੁਖਦੇਵ ਸਿੰਘ ਲੱਖੇਵਾਲੀ ਸਟੇਟ ਕਮੇਟੀ ਮੈਂਬਰ, ਮੰਦਰ ਸਿੰਘ ਸਰਾਏਨਾਗਾ ਜ਼ਿਲ੍ਹਾ ਪ੍ਰਧਾਨ, ਗੁਰਦਾਸ ਸਿੰਘ ਜ਼ਿਲ੍ਹਾ ਇੰਚਾਰਜ, ਅਤਵਿੰਦਰ ਸਿੰਘ ਜ਼ਿਲ੍ਹਾ ਸਕੱਤਰ, ਸਿਰੀ ਚੰਦ ਮਾਸਟਰ ਜਰਨਲ ਸਕੱਤਰ, ਰਘਬੀਰ ਸਿੰਘ ਹਲਕਾ ਪ੍ਰਧਾਨ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਨੁਕਸਾਨੀਆਂ ਗਈਆਂ ਫਸਲਾਂ ਦੀ ਗਿਰਦਾਵਰੀ ਬਿਨਾਂ ਕਿਸੇ ਭੇਦ ਭਾਵ ਤੁਰੰਤ ਕੀਤੀ ਜਾਵੇ, ਜਾਨੀ-ਮਾਲੀ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇ ਤੇ ਬੀਮਾਰੀ ਫੈਲਣ ਤੋਂ ਬਚਾਅ ਲਈ ਮੱਛਰ ਮਾਰ ਸਪਰੇਅ ਤੇ ਹੋਰ ਢੁੱਕਵੇਂ ਪ੍ਰਬੰਧ ਕੀਤੇ ਜਾਣ। ਇਸ ਮੌਕੇ ਗਮਦੂਰ ਸਿੰਘ, ਗਿਆਨ ਸਿੰਘ, ਖੇਤਾ ਸਿੰਘ, ਤੋਤਾ ਸਿੰਘ, ਜਸਵੀਰ ਸਿੰਘ ਤੇ ਹੋਰ ਬਹੁਤ ਸਾਰੇ ਵਰਕਰ ਹਾਜ਼ਰ ਸਨ।

# ਸਹਿਕਾਰੀ ਸਭਾਵਾਂ ਯੂਨੀਅਨ ਦੀ ਚੋਣ, ਕਾਮਲਵਾਲਾ ਜ਼ਿਲ੍ਹਾ ਪ੍ਰਧਾਨ ਬਣੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਰਾਜ ਖੇਤੀਬਾੜੀ ਸਹਿਕਾਰੀ ਸਭਾਵਾਂ ਯੂਨੀਅਨ ਜ਼ਿਲ੍ਹਾ ਫ਼ਿਰੋਜ਼ਪੁਰ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਖ਼ਸ਼ੀਸ਼ ਸਿੰਘ ਸਿੱਧੂ ਕੈਲਾਸ਼ ਦੀ ਪ੍ਰਧਾਨਗੀ ਹੇਠ ਘੱਲ ਖ਼ੁਰਦ ਵਿਖੇ ਹੋਈ, ਜਿਸ 'ਚ ਯੂਨੀਅਨ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੇ ਭਾਗ ਲਿਆ। ਮੀਟਿੰਗ 'ਚ ਜ਼ਿਲ੍ਹਾ ਬਾਡੀ ਦੀ ਚੋਣ ਸਬੰਧੀ ਵਿਚਾਰ-ਵਟਾਂਦਰਾ ਹੋਇਆ ਤੇ ਸਰਬਸੰਮਤੀ ਨਾਲ ਸਰਤਾਜ ਸਿੰਘ ਕਾਮਲਵਾਲਾ ਨੂੰ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਦੇ ਨਾਲ ਹੀ ਹਰਪ੍ਰੀਤ ਸਿੰਘ ਸਨੇਰ ਨੂੰ ਉੱਪ ਪ੍ਰਧਾਨ ਤੇ ਜਸਪਾਲ ਸਿੰਘ ਸ਼ਕੂਰ ਨੂੰ ਜਨਰਲ ਸਕੱਤਰ, ਸੁਖਦੇਵ ਸਿੰਘ ਖੋਸਾ ਦਲ ਸਿੰਘ ਵਾਲਾ ਨੂੰ ਕੈਸ਼ੀਅਰ, ਲਖਵੀਰ ਸਿੰਘ ਮੁੱਦਕੀ ਨੂੰ ਪ੍ਰੈੱਸ ਸਕੱਤਰ ਚੁਣਿਆ ਗਿਆ। ਇਸ ਚੋਣਾਂ ਵਿੱਚ ਬਖ਼ਸ਼ੀਸ਼ ਸਿੰਘ ਖ਼ਵਾਜਾ ਖੜਕ, ਜਸਪਾਲ ਸਿੰਘ ਸ਼ਕੂਰ, ਲਖਵੀਰ ਸਿੰਘ ਮੁੱਦਕੀ, ਸੁਖਦੇਵ ਕੁਮਾਰ, ਗੁਰਬਖ਼ਸ਼ ਸਿੰਘ ਸ਼ਾਹ ਵਾਲਾ, ਹਰਪ੍ਰੀਤ ਸਿੰਘ ਸਨੇਰ ਤੇ ਮਖ਼ੂ ਤੋਂ ਮਨੋਜ ਕੁਮਾਰ, ਸਰਤਾਜ ਸਿੰਘ ਤੇ ਕਮਲਜੀਤ ਨੇ ਭਾਗ ਲਿਆ ਅਤੇ ਸੂਬਾਈ ਯੂਨੀਅਨ ਚੋਣਾਂ ਲਈ ਬਖ਼ਸ਼ੀਸ਼ ਸਿੰਘ, ਗੁਰਬਖ਼ਸ਼ ਸਿੰਘ ਤੇ ਮਨੋਜ ਕੁਮਾਰ ਨੂੰ ਸਰਬਸੰਮਤੀ ਨਾਲ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਰਾਹੁਲ ਚੋਪੜਾ, ਗੁਰਮਨ ਸਿੰਘ, ਸੁਰਿੰਦਰ ਕੁਮਾਰ, ਜਸਪਾਲ ਸਿੰਘ, ਕੁਲਦੀਪ ਸਿੰਘ, ਸੁਖਵਿੰਦਰ ਸਿੰਘ, ਜਤਿੰਦਰ ਕੁਮਾਰ, ਲਖਵੀਰ ਸਿੰਘ, ਲਵਪ੍ਰੀਤ ਸਿੰਘ, ਸੁਖਮਿੰਦਰ ਸਿੰਘ, ਗੁਰਚਰਨ ਸਿੰਘ, ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਵਿਦਿਆਰਥੀਆਂ ਦੀ ਪੇਸ਼ੇਵਰ ਨਿਪੁੰਨਤਾ ਲਈ ਉਦਯੋਗਿਕ ਇਕਾਈ ਦਾ ਦੌਰਾ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬੀ ਯੂਨੀਵਰਸਿਟੀ ਕੈਂਪਸ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੇ ਬਿਜ਼ਨੈੱਸ ਸਟਡੀਜ਼ ਵਿਭਾਗ ਵੱਲੋਂ ਵਿਦਿਆਰਥੀਆਂ ਦੀ ਪੇਸ਼ੇਵਰ ਨਿਪੁੰਨਤਾ ਲਈ ਉਦਯੋਗਿਕ ਇਕਾਈ ਸਪੋਰਟਕਿੰਗ ਇੰਡਸਟਰੀਜ਼ ਜੀਂਦਾ, ਬਠਿੰਡਾ ਦਾ ਦੌਰਾ ਕਰਵਾਇਆ ਗਿਆ। ਇਸ ਟੂਰ ਦਾ ਆਯੋਜਨ ਡਾ. ਵਿਕਾਸ ਦੀਪ, ਡਾ. ਦਿਆਲ ਭਟਨਾਗਰ ਤੇ ਡਾ. ਸ਼ਸ਼ੀਕਲਾ ਦੇ ਯਤਨਾਂ ਨਾਲ ਕੀਤਾ ਗਿਆ ਤੇ ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਨਾਲ ਲਿਜਾ ਕੇ ਨਿਰਮਾਣ ਪ੍ਰਕਿਰਿਆ ਵਿੱਚ ਵਰਤੀਆਂ ਜਾਂਦੀਆਂ ਮਸ਼ੀਨਾਂ ਦੇ ਕੰਮਕਾਜ ਤੇ ਕਾਰਜਾਂ ਨੂੰ ਸਮਝਣ 'ਚ ਮਾਰਗਦਰਸ਼ਨ ਕੀਤਾ। ਸਪੋਰਟਕਿੰਗ ਇੰਡਸਟਰੀਜ਼ ਦੇ ਮੈਨੇਜਰ ਐੱਚ. ਆਰ. ਸ੍ਰੀ ਮਲਿਕ ਨੇ ਆਪਣੀ ਟੀਮ ਸਮੇਤ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਆਪਣੀ ਸੰਸਥਾ ਦੇ ਵੱਖ-ਵੱਖ ਇਕਾਈਆਂ ਦੇ ਕੰਮਕਾਜ ਬਾਰੇ ਜਾਣੂ ਕਰਵਾਇਆ। ਵਿਭਾਗ ਦੇ ਮੁਖੀ ਪ੍ਰੋ. ਆਨੰਦ ਬਾਂਸਲ ਨੇ ਇਸ ਉਦਯੋਗਿਕ ਦੌਰੇ ਲਈ ਲੋੜੀਂਦੇ ਪ੍ਰਬੰਧ ਕਰਨ ਲਈ ਸ੍ਰੀ ਰਜਿੰਦਰ ਪਾਲ, ਜਨਰਲ ਮੈਨੇਜਰ ਹਿਊਮਨ ਰਿਸੋਰਸਜ਼ ਦਾ ਹਮੇਸ਼ਾ ਦੀ ਤਰ੍ਹਾਂ ਸਹਿਯੋਗ ਕਰਨ ਲਈ ਧੰਨਵਾਦ ਕੀਤਾ ਤੇ ਦੱਸਿਆ ਕਿ ਇਸ ਸਮੇਂ ਵੀ ਵਿਭਾਗ ਦੇ ਵਿਦਿਆਰਥੀ ਸਪੋਰਟਕਿੰਗ ਇੰਡਸਟਰੀਜ਼ ਵਿੱਚ ਆਪਣੇ ਸਮਰ ਇੰਟਰਨਸ਼ਿਪ ਪ੍ਰੋਜੈਕਟ ਕਰ ਰਹੇ ਹਨ। ਦੂਸਰੀ ਤਰਫ ਸਪੋਰਟਕਿੰਗ ਇੰਡਸਟਰੀਜ਼ ਦੇ ਪ੍ਰਬੰਧਕਾਂ ਨੇ ਵਿਦਿਆਰਥੀਆਂ ਨੂੰ ਉਦਯੋਗਿਕ ਇੰਟਰਫੇਸ ਦੀ ਸਹੂਲਤ ਲਈ ਭਵਿੱਖ ਵਿੱਚ ਵੀ ਵਿਭਾਗ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਪੰਜਾਬੀ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਦੇ ਡਾਇਰੈਕਟਰ ਪ੍ਰੋਫੈਸਰ (ਡਾ.) ਜਸਬੀਰ ਸਿੰਘ ਹੁੰਦਲ ਨੇ ਵਿਦਿਆਰਥੀਆਂ ਦੇ ਲਾਭ ਲਈ ਅਜਿਹੇ ਸਾਰਥਿਕ ਦੌਰੇ ਆਯੋਜਤ ਕਰਨ ਲਈ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ। ਡਾ. ਅਮਨਦੀਪ ਕੌਰ, ਮੈਂਬਰ ਵਿਭਾਗੀ ਟੂਰ ਕਮੇਟੀ ਨੇ ਵੀ ਵਿਦਿਆਰਥੀਆਂ ਨੂੰ ਇਸ ਮਹੱਤਵਪੂਰਨ ਦੌਰੇ ਦਾ ਹਿੱਸਾ ਬਣਨ ਲਈ ਵਧਾਈ ਦਿੱਤੀ।

# ਕੁਟਾਲਾ ਬੇਟ 'ਚ ਖ਼ੂਨਦਾਨ ਕੈਂਪ ਲਗਾਇਆ


ਖ਼ੂਨਦਾਨੀਆਂ ਦੀ ਹੌਸਲਾ ਅਫ਼ਜ਼ਾਈ ਕਰਦੇ ਹੋਏ ਪ੍ਰਬੰਧਕ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੁਲਸ ਸਾਂਝ ਕੇਂਦਰ ਮਾਛੀਵਾੜਾ ਤੇ ਮਾਛੀਵਾੜਾ ਸਾਹਿਬ ਸੋਸ਼ਲ ਵੈੱਲਫੇਅਰ ਸੁਸਾਇਟੀ ਵੱਲੋਂ ਪਿੰਡ ਕੁਟਾਲਾ ਬੇਟ ਵਿਖੇ ਖ਼ੂਨਦਾਨ ਕੈਂਪ ਲਾਇਆ ਗਿਆ। ਖ਼ੂਨਦਾਨੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਪੁਲਸ ਸਾਂਝ ਕੇਂਦਰ ਇੰਚਾਰਜ ਸਬ-ਇੰਸਪੈਕਟਰ ਕੁਲਜੀਤ ਸਿੰਘ ਨੇ ਕਿਹਾ ਕਿ ਅੱਜਕੱਲ੍ਹ ਹਸਪਤਾਲਾਂ ਵਿੱਚ ਖ਼ੂਨ ਦੀ ਘਾਟ ਕਾਰਨ ਕਈ ਜਾਨਾਂ ਮੌਤ ਦੇ ਮੂੰਹ ਵਿੱਚ ਜਾ ਰਹੀਆਂ ਹਨ, ਜਿਨ੍ਹਾਂ ਨੂੰ ਬਚਾਉਣ ਲਈ ਖ਼ੂਨ ਦਾਨ ਕਰਨ ਵਾਲੇ ਅਹਿਮ ਰੋਲ ਅਦਾ ਕਰਦੇ ਹਨ। ਉਨ੍ਹਾ ਕਿਹਾ ਕਿ ਕੀਮਤੀ ਜਾਨਾਂ ਬਚਾਉਣ ਲਈ ਹਰੇਕ ਨੂੰ ਖ਼ੂਨ ਦਾਨ ਕਰਨਾ ਚਾਹੀਦਾ ਹੈ, ਜਿਸ ਦੀ 24 ਘੰਟੇ ਵਿੱਚ ਪੂਰਤੀ ਵੀ ਹੋ ਜਾਂਦੀ ਹੈ। ਸੁਸਾਇਟੀ ਦੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਦੱਸਿਆ ਕਿ ਸਵ. ਬਲਦੇਵ ਸਿੰਘ ਬਸਾਤੀ ਦੀ ਯਾਦ ਵਿੱਚ ਲਗਾਏ ਖ਼ੂਨਦਾਨ ਕੈਂਪ 'ਚ ਨੌਜਵਾਨਾਂ ਨੇ ਉਤਸ਼ਾਹ ਨਾਲ ਭਾਗ ਲਿਆ। ਉਨ੍ਹਾ ਕਿਹਾ ਕਿ ਕਰਨ ਬਲੱਡ ਬੈਂਕ ਸਮਰਾਲਾ ਤੋਂ ਡਾ. ਸੰਜੇ ਕੁਮਾਰ ਦੀ ਅਗਵਾਈ ਹੇਠ ਆਈ ਟੀਮ ਵੱਲੋਂ 65 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਇਸ ਮੌਕੇ ਪੁਲਸ ਜ਼ਿਲ੍ਹਾ ਸਾਂਝ ਕੇਂਦਰ ਖੰਨਾ ਇੰਚਾਰਜ ਕੁਲਜੀਤ ਸਿੰਘ, ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ, ਜਗਦੀਸ਼ ਚਾਨਣਾ, ਪਰਮਦੀਪਪਾਲ ਸਰਾਓ, ਪਰਮਜੀਤ ਮਿੱਕੂ ਹੰਸ, ਲਾਲ ਚੰਦ, ਪ੍ਰਿੰਸੀਪਲ ਸੁਰਜੀਤ ਬਾਜਵਾ, ਦਵਿੰਦਰ ਚੀਮਾ, ਰੁਪਿੰਦਰ ਸਿੰਘ, ਜਸਵੀਰ ਸਿੰਘ, ਲਖਵਿੰਦਰ ਸਿੰਘ, ਜਸਵਿੰਦਰ ਸਿੰਘ, ਹਰਜੀਤ ਸਿੰਘ, ਜਸਵੀਰ ਸਿੰਘ, ਪ੍ਰਭਜੋਤ ਸਿੰਘ, ਗੁਰਚਰਨ ਸਿੰਘ ਰਾਏ ਆਦਿ ਮੌਜੂਦ ਸਨ।

# ਤੇਜ਼ ਹਨੇਰੀ ਤੇ ਝੱਖੜ ਕਾਰਨ ਸ਼ੈਲਰ ਦੀ ਚਾਰਦੀਵਾਰੀ ਡਿੱਗੀ



**ਮੱਖੂ (ਰਛਪਾਲ ਸਿੰਘ ਸੰਧੂ)**-ਪਿਛਲੇ ਦਿਨੀਂ ਤੇਜ਼ ਹਨੇਰੀ ਤੇ ਝਖੜ ਕਾਰਨ ਜਿੱਥੇ ਕਿਸਾਨਾਂ ਦੀਆਂ ਫਸਲਾਂ ਦਾ ਭਾਰੀ ਨੁਕਸਾਨ ਹੋਇਆ, ਉੱਥੇ ਮੱਖੂ ਤੋਂ ਚਾਰ ਕਿਲੋਮੀਟਰ ਦੂਰ ਸੂਦਾਂ ਪਿੰਡ ਵਿਖੇ ਲੱਗੇ ਸੈਲਰ ਦੀ ਚਾਰਦੀਵਾਰੀ ਡਿੱਗਣ ਨਾਲ ਹੋਏ ਭਾਰੀ ਨੁਕਸਾਨ ਹੋਣ ਬਾਰੇ ਜਾਣਕਾਰੀ ਦਿੰਦਿਆਂ ਸੈਲਰ ਦੇ ਮਾਲਿਕ ਨੇ ਦੱਸਿਆ ਕਿ 24 ਮਾਰਚ ਦੀ ਰਾਤ ਨੂੰ ਆਈ ਤੇਜ਼ ਹਨੇਰੀ ਤੇ ਝੱਖੜ ਨਾਲ ਜਿੱਥੇ ਕਣਕਾਂ ਦਾ ਨੁਕਸਾਨ ਹੋਇਆ, ਉੱਥੇ ਸਾਡੇ ਸੈਲਰ ਗਰਗ ਅਗਰੋਟੈਕ ਦੀ 160 ਫੁੱਟ ਦੀ ਚਾਰਦੀਵਾਰੀ ਡਿੱਗ ਗਈ। ਸੈਲਰ ਦੀ ਚਾਰਦੀਵਾਰੀ ਡਿੱਗਣ ਨਾਲ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ, ਪਰ ਚਾਰਦੀਵਾਰੀ ਡਿੱਗਣ ਨਾਲ ਚਾਰਦੀਵਾਰ ਦੇ ਨਾਲ ਲੱਗੀਆਂ ਨੁਕੀਲੀਆਂ ਤਾਰਾਂ ਵਾਲੇ ਖੰਬੇ ਵੀ ਢਹਿ ਢੇਰੀ ਹੋ ਗਏ, ਜਿਸ ਕਾਰਨ ਭਾਰੀ ਨੁਕਸਾਨ ਹੋ ਗਿਆ।

# ਇਲਾਕੇ ਦੀਆਂ ਮੰਗਾਂ ਸੰਬੰਧੀ ਵਿਕਾਸ ਕਮੇਟੀ ਵੱਲੋਂ ਚਰਚਾ



**ਬਰੇਟਾ (ਗੀਤਵਾਲ)**-ਅੱਜ ਤੱਕ ਦੀਆਂ ਸਰਕਾਰਾਂ ਵੱਲੋਂ ਬਰੇਟਾ ਇਲਾਕੇ ਦੇ ਵਿਕਾਸ ਲਈ ਬਣਦਾ ਧਿਆਨ ਨਾ ਦੇਣ ਕਾਰਨ ਇਹ ਇਲਾਕਾ ਅਜੇ ਤੱਕ ਪੱਛੜੇਪਣ ਦੇ ਸਰਾਪ ਤੋਂ ਮੁਕਤ ਨਹੀਂ ਹੋ ਸਕਿਆ। ਇਹ ਵਿਚਾਰ ਇੱਥੇ ਇਲਾਕਾ ਵਿਕਾਸ ਕਮੇਟੀ ਦੀ ਮੀਟਿੰਗ ਵਿੱਚ ਉੱਭਰ ਕੇ ਸਾਹਮਣੇ ਆਇਆ। ਇਸ ਮੀਟਿੰਗ ਵਿੱਚ ਇਲਾਕੇ ਦੀਆਂ ਮੰਗਾਂ ਜਿਵੇਂ ਰੇਲਵੇ ਓਵਰ ਬ੍ਰਿਜ ਬਣਾਉਣਾ, ਗੋਬਿੰਦਪੁਰਾ ਥਰਮਲ ਪਲਾਂਟ ਵਾਲੀ ਜ਼ਮੀਨ ਵਿੱਚ ਕੋਈ ਪ੍ਰੋਜੈਕਟ ਲਗਾ ਕੇ ਰੁਜ਼ਗਾਰ ਪੈਦਾ ਕਰਨਾ, ਬਰੇਟਾ ਸਿਵਲ ਹਸਪਤਾਲ ਵਿੱਚ ਡਾਕਟਰ, ਹੋਰ ਅਮਲਾ ਤੇ ਸਾਜ਼ੋ ਸਾਮਾਨ ਪੂਰਾ ਕਰਨਾ, ਸਕੂਲਾਂ ਨੂੰ ਅੱਪਗ੍ਰੇਡ ਕਰਨਾ, ਸਬ ਤਹਿਸੀਲ ਦਫਤਰ ਸ਼ਹਿਰ ਵਿੱਚ ਬਣਾਉਣਾ, ਟੇਲਾਂ ਤੱਕ ਨਹਿਰੀ ਪਾਣੀ ਪੁੱਜਦਾ ਕਰਨ ਲਈ ਨਹਿਰਾਂ ਤੇ ਰਜਬਾਹਿਆਂ ਨੂੰ ਅੱਪਗ੍ਰੇਡ ਅਤੇ ਮੋਘੇ ਸਹੀ ਕਰਕੇ ਪਾਈਪ ਲਾਈਨ ਪਾਉਣਾ, ਬਰੇਟਾ ਸ਼ਹਿਰ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਸੁਧਾਰਨਾ ਤੇ ਸੀਵਰੇਜ ਸਿਸਟਮ ਦਰੁਸਤ ਕਰਨਾ ਆਦਿ ਪਹਿਲ ਦੇ ਆਧਾਰ 'ਤੇ ਪੂਰਾ ਕਰਨ ਦੀ ਮੰਗ ਕੀਤੀ ਗਈ। ਇਸ ਕਮੇਟੀ ਵੱਲੋਂ ਹਰ ਚੋਣ ਸਮੇਂ ਸਾਰੇ ਉਮੀਦਵਾਰਾਂ ਨੂੰ ਮੰਗ ਪੱਤਰ ਦੇ ਕੇ ਇਲਾਕੇ ਦੀਆਂ ਮੰਗਾਂ ਨੂੰ ਉਭਾਰਿਆ ਜਾਂਦਾ ਹੈ। ਇਸ ਮੀਟਿੰਗ ਵਿੱਚ ਸੰਜੀਵ ਗੋਇਲ, ਦਸੌਂਧਾ ਸਿੰਘ ਬਹਾਦਰਪੁਰ, ਜਗਵਿੰਦਰ ਸਿੰਘ ਸਰਪੰਚ, ਕ੍ਰਿਸ਼ਨ ਰੰਗੜਿਆਲ, ਕੈਪਟਨ ਹਰਭਜਨ ਸਿੰਘ, ਜਗਰਾਜ ਸਿੰਘ ਬਰੇਟਾ, ਸੁਮੇਸ਼ ਬਾਲੀ ਬਰੇਟਾ, ਗੁਰਚਰਨ ਸਿੰਘ ਬਰੇਟਾ, ਬਾਬੂ ਸਿੰਘ ਆਦਿ ਸਰਗਰਮ ਆਗੂਆਂ ਤੇ ਵਰਕਰਾਂ ਨੇ ਆਪਣੇ ਵਿਚਾਰ ਰੱਖੇ। ਇਹ ਵੀ ਫੈਸਲਾ ਕੀਤਾ ਕਿ ਇਲਾਕੇ ਦੇ ਮੋਹਤਬਰਾਂ ਦੀ ਇੱਕ ਭਰਵੀਂ ਮੀਟਿੰਗ 8 ਅਪ੍ਰੈਲ ਨੂੰ ਬਰੇਟਾ ਵਿਖੇ ਕੀਤੀ ਜਾਵੇਗੀ।

# ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਇੰਡੀਅਨ ਸਟੈਂਡਰਡ ਬਿਊਰੋ ਦਾ ਸਮਾਗਮ



**ਸੰਗਰੂਰ (ਪ੍ਰਵੀਨ ਸਿੰਘ)**-ਭਾਰਤ ਸਰਕਾਰ ਦੇ ਅਦਾਰੇ ਬਿਊਰੋ ਆਫ਼ ਇੰਡੀਅਨ ਸਟੈਂਡਰਡ ਵੱਲੋਂ ਸਥਾਨਕ ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਪ੍ਰਿੰਸੀਪਲ ਸ੍. ਸੁਖਬੀਰ ਸਿੰਘ ਦੀ ਯੋਗ ਅਗਵਾਈ ਹੇਠ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਕਾਲਜ ਦੇ 10 ਵਿਦਿਆਰਥੀਆਂ ਨੇ ਭਾਗ ਲਿਆ। ਇਸ ਸਮਾਗਮ ਦੀ ਖਾਸੀਅਤ ਇਹ ਰਹੀ ਕਿ ਗੁਣਵੱਤਾ ਨਾਲ ਜੁੜੇ ਮਾਪਦੰਡਾਂ ਦੀ ਜਾਣਕਾਰੀ ਹਾਸਲ ਕਰਨ ਲਈ ਵਿਦਿਆਰਥੀਆਂ 'ਚ ਬਹੁਤ ਉਤਸ਼ਾਹ ਦੇਖਿਆ ਗਿਆ। ਵਿਦਿਆਰਥੀਆਂ ਦੇ ਗਿਆਨ ਦੇ ਪੱਧਰ ਦੀ ਪਰਖ ਕਰਨ ਹਿੱਤ ਮੁਕਾਬਲੇ ਵੀ ਕਰਵਾਏ ਗਏ। ਇਸ ਸੈਮੀਨਾਰ ਵਿੱਚ ਚੰਡੀਗੜ੍ਹ ਤੋਂ ਵਿਕਸਤ ਕੁਮਾਰ ਤੇ ਡਾ. ਸਵਰਨਦੀਪ ਸਿੰਘ ਹੁੰਦਲ ਮੁੱਖ ਬੁਲਾਰਿਆਂ ਦੇ ਤੌਰ 'ਤੇ ਪਹੁੰਚੇ। ਇਸ ਕੰਪੀਟੀਸ਼ਨ ਵਿੱਚ ਪਹਿਲਾ ਸਥਾਨ ਨੈਨਾ, ਦੂਜਾ ਸਥਾਨ ਮੁਸਕਾਨ ਸਿੰਗਲਾ ਤੇ ਤੀਜਾ ਸਥਾਨ ਪ੍ਰਿਆ ਕੁਮਾਰੀ ਤੇ ਆਕਾਸ਼ਦੀਪ ਸਿੰਘ ਨੇ ਪ੍ਰਾਪਤ ਕੀਤਾ। ਸਟੇਜ ਸੰਚਾਲਨ ਦੀ ਭੂਮਿਕਾ ਪ੍ਰੋ: ਜਗਤਾਰ ਸਿੰਘ ਨੇ ਨਿਭਾਈ। ਕਾਲਜ ਦੇ ਸਟੈਂਡਰਡ ਕਲੱਬ ਦੇ ਮੈਂਟਰ ਪ੍ਰੋ: ਜਗਸੀਰ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਨਵਾਬ ਸ਼ੇਰ ਮੁਹੰਮਦ ਖਾਂ ਦੀ ਆਖਰੀ ਵੰਸ਼ਜ਼ ਬੇਗਮ ਨਿਸ਼ਾਂ ਦਾ ਸਨਮਾਨ ਪਹਿਲੀ ਨੂੰ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਹਿ ਸਿੰਘ ਜੀ ਦੀ ਸ਼ਹਾਦਤ ਵੇਲੇ ਹਕੂਮਤ ਵਿਰੁੱਧ ਜਾ ਕੇ ਸਾਹਿਬਜ਼ਾਦਿਆਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਨ ਵਾਲੇ ਮਾਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਂ ਦਾ ਨਾਮ ਸਿੱਖ ਇਤਿਹਾਸ 'ਚ ਬੜੇ ਅਦਬ ਨਾਲ ਲਿਆ ਜਾਂਦਾ ਹੈ, ਪਰ ਹੁਣ ਤੱਕ ਇਹ ਸੰਯੋਗ ਨਹੀਂ ਬਣ ਸਕਿਆ ਕਿ ਨਵਾਬ ਮਾਲੇਰਕੋਟਲਾ ਦੇ ਇਸ ਸਾਹਸ ਭਰੇ ਕਾਰਜ ਲਈ ਉਨ੍ਹਾਂ ਦੇ ਵੰਸ਼ਜ਼ਾਂ ਦਾ ਸਿੱਖ ਕੌਮ ਵੱਲੋਂ ਪੰਥਕ ਤੌਰ 'ਤੇ ਸਨਮਾਨ ਕੀਤਾ ਜਾਂਦਾ, ਜਿਸ ਨੂੰ ਦੇਖਦੇ ਹੋਏ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ ਚਲਾਈ ਜਾ ਰਹੀ 'ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ' ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਮਿਲ ਕੇ ਨਵਾਬ ਮਾਲੇਰਕੋਟਲਾ ਦੀ ਅੱਠਵੀਂ ਪੀੜ੍ਹੀ ਦੀ ਆਖਰੀ ਬੇਗਮ 'ਰਾਜ ਮਾਤਾ ਮੁਨੱਵਰ ਉਲ ਨਿਸ਼ਾਂ' ਦਾ ਆਉਂਦੀ ਇੱਕ ਅਪ੍ਰੈਲ ਨੂੰ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸਨਮਾਨ ਕੀਤੇ ਜਾਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਇਹ ਜਾਣਕਾਰੀ ਫਾਊਂਡੇਸ਼ਨ ਦੇ ਪ੍ਰਧਾਨ ਲਖਵਿੰਦਰ ਸਿੰਘ ਕਾਹਨੇਕੇ ਤੇ ਸ਼੍ਰੋਮਣੀ ਅਕਾਲੀ ਦਲ (ਬ) ਦੇ ਬੁਲਾਰੇ ਅਤੇ ਸੀਨੀਅਰ ਆਗੂ ਐਡਵੋਕੇਟ ਅਮਰਦੀਪ ਸਿੰਘ ਧਾਰਨੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ। ਲਖਵਿੰਦਰ ਸਿੰਘ ਕਾਹਨੇਕੇ ਨੇ ਦੱਸਿਆ ਕਿ 102 ਸਾਲ ਉਮਰ ਦੀ ਰਾਜ ਮਾਤਾ ਮੁਨੱਵਰ ਉਲ ਨਿਸ਼ਾਂ ਬੇਔਲਾਦ ਹਨ, ਜਿਨ੍ਹਾਂ ਨੂੰ ਨਵਾਬ ਸ਼ੇਰ ਮੁਹੰਮਦ ਖਾਂ ਦਾ ਆਖਰੀ ਵੰਸ਼ਜ਼ ਮੰਨਿਆ ਜਾ ਰਿਹਾ ਹੈ ਤੇ ਉਹ ਅਪੀਲ ਕਰਦੇ ਹਨ ਕਿ ਵੱਡੀ ਗਿਣਤੀ 'ਚ ਸੰਗਤਾਂ ਉਨ੍ਹਾਂ ਦੇ ਸਨਮਾਨ ਸਮਾਰੋਹ 'ਚ ਸ਼ਿਰਕਤ ਕਰਨ।

# ਹਾਰਵਰਡ ਕਾਨਵੈਂਟ ਸਕੂਲ ਦਾ ਸਾਲਾਨਾ ਨਤੀਜਾ ਸੌ ਫੀਸਦੀ




**ਬਾਘਾ ਪੁਰਾਣਾ (ਮਨੀ ਸਿਗਲਾ)**

ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦਾ ਕਲਾਸ ਚੌਥੀ ਤੋਂ ਗਿਆਰਵੀਂ ਕਲਾਸ ਦਾ ਨਤੀਜਾ ਐਲਾਨਿਆ ਗਿਆ ਜੋ ਕਿ ਸੌ ਫੀਸਦੀ ਰਿਹਾ। ਸਕੂਲ ਵੱਲੋਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਲਈ ਇਨਾਮ ਵੰਡ ਸਮਾਰੋਹ ਵੀ ਕੀਤਾ ਗਿਆ, ਜਿਸ ਕਰਕੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਵਿੱਚ ਅਲੱਗ ਹੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਤੋਂ ਇਲਾਵਾ ਸਕੂਲ ਦੇ ਵਿਦਿਆਰਥੀਆਂ ਵੱਲੋਂ ਵੱਖ ਵੱਖ ਸੱਭਿਆਚਾਰਕ ਝਲਕੀਆਂ ਜਿਵੇਂ ਭੰਗੜਾ ਤੇ ਗਿੱਧੇ ਦੀ ਵੀ ਪੇਸ਼ਕਸ਼ ਕੀਤੀ ਗਈ, ਜਿਸ ਦਾ ਆਏ ਹੋਏ ਮਾਪਿਆਂ ਤੇ ਸਕੂਲ ਸਟਾਫ ਨੇ ਖੂਬ ਅਨੰਦ ਮਾਣਿਆ। ਸਕੂਲ ਦੇ ਚੇਅਰਮੈਨ ਨਵਦੀਪ ਸਿੰਘ ਬਰਾੜ, ਡਾਇਰੈਟਰ ਜਗਦੀਪ ਸਿੰਘ ਬਰਾੜ ਤੇ ਪ੍ਰਿੰਸੀਪਲ ਮੈਡਮ ਨਿਧੀ ਬਰਾੜ ਨੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਇਸੇ ਤਰ੍ਹਾਂ ਹੀ ਭਵਿੱਖ ਵਿੱਚ ਸਕੂਲ ਤੇ ਆਪਣੇ ਮਾਪਿਆਂ ਦਾ ਨਾਮ ਰੋਸ਼ਨ ਕਰਨ ਲਈ ਪ੍ਰੇਰਤ ਕੀਤਾ। ਇਸ ਸਮੇਂ ਸਮੂਹ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਵੀ ਹਾਜ਼ਰ ਸੀ। ਇਸ ਮੌਕੇ ਸਕੂਲ ਦੇ ਸਮੂਹ ਸਟਾਫ ਨੂੰ ਵੀ ਸਾਰਾ ਸਾਲ ਮਿਹਨਤ ਕਰਨ ਲਈ ਸਨਮਾਨਤ ਕੀਤਾ ਗਿਆ। ਇਸ ਮੌਕੇ ਸਮੂਹ ਸਟਾਫ ਨੇ ਸਮੁੱਚੀ ਮੈਨੇਜਮੈਂਟ ਦਾ ਧੰਨਵਾਦ ਕੀਤਾ।

### ਮਾਮਲਾ ਦਸਵੀਂ ਦੇ ਵਿਦਿਆਰਥੀਆਂ ਨੂੰ ਨਿੱਜੀ ਸਕੂਲ ਵੱਲੋਂ ਦਿੱਤੇ ਫਰਜ਼ੀ ਰੋਲ ਨੰਬਰਾਂ ਦਾ

# ਦੂਸਰਾ ਪੇਪਰ ਦੇਣ ਤੋਂ ਵੀ ਵਾਂਝੇ ਰਹੇ ਨਿੱਜੀ ਸਕੂਲ 'ਚ ਪੜ੍ਹਨ ਵਾਲੇ 26 ਵਿਦਿਆਰਥੀ

### ਵਿਦਿਆਰਥੀਆਂ ਤੇ ਮਾਪਿਆਂ ਵੱਲੋਂ ਰੋਸ ਪ੍ਰਦਰਸ਼ਨ



**ਜਗਰਾਓਂ (ਅਮਿਤ ਖੰਨਾ)**-ਨੇੜਲੇ ਪਿੰਡ ਕਾਉਂਕੇ ਕਲਾਂ ਵਿਖੇ ਸਥਿਤ ਇੱਕ ਨਿੱਜੀ ਸਕੂਲ ਵੱਲੋਂ ਸਕੂਲ ਦੀ ਦਸਵੀਂ ਜਮਾਤ ਵਿੱਚ ਪੜ੍ਹਨ ਵਾਲੇ 26 ਵਿਦਿਆਰਥੀਆਂ ਨੂੰ ਕਾਗਜ਼ ਉਪਰ ਫਰਜ਼ੀ ਰੋਲ ਨੰਬਰ ਲਿਖ ਕੇ ਦਿੱਤੇ ਜਾਣ ਦੇ ਚਲਦਿਆਂ ਹੀ ਪਿੰਡ ਕਾਉਂਕੇ ਕਲਾਂ ਦੇ ਨਿੱਜੀ ਸਕੂਲ ਵਿੱਚ ਪੜ੍ਹਨ ਵਾਲੇ 26 ਵਿਦਿਆਰਥੀ ਸੋਮਵਾਰ 27 ਮਾਰਚ ਨੂੰ ਹੋਣ ਵਾਲਾ ਆਪਣਾ ਦੂਸਰਾ ਪੇਪਰ ਦੇਣ ਤੋਂ ਵੀ ਵਾਂਝੇ ਰਹਿ ਗਏ, ਜਿਸ ਦੇ ਚਲਦਿਆਂ ਸਕੂਲ ਵਿੱਚ ਪੜ੍ਹਨ ਵਾਲੇ 26 ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਵੱਲੋਂ ਸਕੂਲ ਵਿੱਚ ਇਕੱਠੇ ਹੋ ਕੇ ਸਕੂਲ ਦਾ ਘੇਰਾਓ ਕਰ ਆਪਣਾ ਰੋਸ ਪ੍ਰਦਰਸ਼ਨ ਕੀਤਾ ਗਿਆ, ਉਥੇ ਹੀ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਇਸ ਮਾਮਲੇ ਵਿੱਚ ਦਖਲ ਦੇ ਕੇ ਜਿੱਥੇ ਉਨ੍ਹਾਂ ਦੇ ਇੱਕ ਸਾਲ ਦੀ ਮਿਹਨਤ ਨੂੰ ਧਿਆਨ ਵਿੱਚ ਰੱਖਦਿਆਂ ਵਿਦਿਆਰਥੀਆਂ ਦਾ ਪੇਪਰ ਲੈਣ ਦੀ ਗੱਲ ਆਖੀ ਹੈ, ਉੱਥੇ ਹੀ ਬੱਚਿਆਂ ਦੇ ਭਵਿੱਖ ਨੂੰ ਦਾਅ ਉੱਪਰ ਲਾਉਣ ਵਾਲੇ ਪਿੰਡ ਦੇ ਪ੍ਰਾਈਵੇਟ ਸਕੂਲ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਦੱਸ ਦਈਏ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਜਮਾਤ ਦੀ ਪ੍ਰੀਖਿਆ ਦੀ ਸ਼ੁਰੂਆਤ 24 ਮਾਰਚ ਤੋਂ ਕੀਤੀ ਗਈ ਸੀ। ਸਿੱਖਿਆ ਬੋਰਡ ਵੱਲੋਂ ਐਲਾਨ ਕੀਤੀ ਗਈ 24 ਮਾਰਚ ਦੀ ਤਰੀਕ ਨੂੰ ਜਦੋਂ ਪਿੰਡ ਕਾਉਂਕੇ ਕਲਾਂ ਦੇ ਸ੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ ਵਿਖੇ ਪੜ੍ਹਨ ਵਾਲੇ 26 ਵਿਦਿਆਰਥੀ ਜਗਰਾਓਂ ਦੇ ਇੱਕ ਸਕੂਲ ਵਿੱਚ ਬਣੇ ਆਪਣੇ ਸੈਂਟਰ ਵਿੱਚ ਆਪਣੀ 10ਵੀਂ ਜਮਾਤ ਦੀ ਪ੍ਰੀਖਿਆ ਦਾ ਪੇਪਰ ਦੇਣ ਆਏ ਤਾਂ ਪ੍ਰੀਖਿਆ ਲੈਣ ਵਾਲੇ ਸਟਾਫ ਵੱਲੋਂ ਉਨ੍ਹਾਂ ਨੂੰ ਇਹ ਕਹਿ ਕੇ ਪੇਪਰ ਦੇਣ ਲਈ ਪ੍ਰੀਖਿਆ ਹਾਲ ਵਿੱਚ ਦਾਖਲ ਨਹੀਂ ਹੋਣ ਦਿੱਤਾ ਗਿਆ ਕਿ ਉਨ੍ਹਾਂ ਵੱਲੋਂ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਜੋ ਰੋਲ ਨੰਬਰ ਦਿਖਾਏ ਜਾ ਰਹੇ ਹਨ, ਉਹ ਫਰਜ਼ੀ ਹਨ, ਜਿਸ ਤੋਂ ਬਾਅਦ ਵਿਦਿਆਰਥੀਆਂ ਦੇ ਪੈਰਾਂ ਥੱਲਿਉਂ ਜ਼ਮੀਨ ਖਿਸਕ ਗਈ ਤੇ ਉਹ ਆਪਣੇ ਨਾਲ ਬੀਤੀ ਸਾਰੀ ਘਟਨਾ ਦੀ ਜਾਣਕਾਰੀ ਆਪਣੇ ਮਾਤਾ-ਪਤਾ ਨੂੰ ਦਿੱਤੀ, ਜਿਸ ਤੋਂ ਬਾਅਦ ਬੱਚਿਆਂ ਦੇ ਮਾਤਾ-ਪਿਤਾ ਵੀ ਜਗਰਾਉਂ ਵਿਖੇ ਆਪਣੇ ਬੱਚਿਆਂ ਦੇ ਸੈਂਟਰ ਪਹੁੰਚ ਕੇ ਮੌਕੇ 'ਤੇ ਮੌਜੂਦ ਸਟਾਫ ਨਾਲ ਗੱਲਬਾਤ ਉਪਰੰਤ ਪ੍ਰਦਰਸ਼ਨ ਕੀਤਾ। ਉਪਰੰਤ ਮਾਪੇ ਆਪਣੇ ਬੱਚਿਆਂ ਸਮੇਤ ਇਸ ਪੂਰੀ ਘਟਨਾ ਦੀ ਜਾਣਕਾਰੀ ਦੇਣ ਲਈ ਹਲਕਾ ਵਿਧਾਇਕ ਬੀਬੀ ਸਰਬਜੀਤ ਕੌਰ ਮਾਣੂਕੇ ਦੇ ਦਫਤਰ ਪਹੁੰਚੇ, ਜਿੱਥੇ ਬੱਚੇ ਤੇ ਬੱਚਿਆਂ ਦੇ ਮਾਪਿਆਂ ਵੱਲੋਂ ਹਲਕਾ ਵਿਧਾਇਕ ਬੀਬੀ ਸਰਬਜੀਤ ਕੌਰ ਮਾਣੂਕੇ ਆਪਣੇ ਤੇ ਆਪਣੇ ਬੱਚਿਆਂ ਨਾਲ ਆਪਣੀ ਸਾਰੀ ਘਟਨਾ ਦੱਸੀ ਜਾਂਦੀ ਹੈ, ਜਿਸ ਤੋਂ ਵਿਧਾਇਕ ਮਾਣੂਕੇ ਵੱਲੋਂ ਇਸ ਪੂਰੇ ਮਾਮਲੇ ਦੀ ਜਾਣਕਾਰੀ ਪੰਜਾਬ ਦੇ ਸਿੱਖਿਆ ਮੰਤਰੀ ਨਾਲ ਫੋਨ 'ਤੇ ਰਾਬਤਾ ਕਾਇਮ ਕਰ ਦਿੱਤੀ ਅਤੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਵਿੱਚ ਜਾਂਚ ਕਰਨ ਤੋਂ ਬਾਅਦ ਜਿੱਥੇ ਸਕੂਲ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ, ਉਥੇ ਹੀ ਉਨ੍ਹਾਂ ਦੇ ਬੱਚਿਆਂ ਦੇ ਭਵਿੱਖ ਨੂੰ ਮੁੱਖ ਰੱਖਦਿਆਂ ਬੱਚਿਆਂ ਦੀ ਇੱਕ ਸਾਲ ਦੀ ਕਰੜੀ ਮਿਹਨਤ ਨੂੰ ਬਚਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਮਾਮਲੇ 'ਚ ਪ੍ਰਾਈਵੇਟ ਸਕੂਲ ਦੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਵੱਲੋਂ ਇੱਕ ਲਿਖਤ ਸ਼ਿਕਾਇਤ ਐੱਸ ਐੱਸ ਪੀ ਜਗਰਾਉਂ ਨੂੰ ਦਿੰਦਿਆਂ ਸਕੂਲ ਪ੍ਰਿੰਸੀਪਲ ਤੇ ਚੇਅਰਮੈਨ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ।

# ਬਾਬਾ ਫਰੀਦ ਨਰਸਿੰਗ ਕਾਲਜ 'ਚ ਨਵੇਂ ਵਿਦਿਆਰਥੀਆਂ ਲਈ ਵੈਲਕਮ ਪਾਰਟੀ

**ਕੋਟਕਪੂਰਾ (ਸ਼ਾਮ ਲਾਲ ਚਾਵਲਾ)**

ਬਾਬਾ ਫਰੀਦ ਕਾਲਜ ਆਫ ਨਰਸਿੰਗ ਕੋਟਕਪੂਰਾ ਵਿਖੇ ਸੈਸ਼ਨ 2022-2023 'ਚ ਆਏ ਸਾਰੇ ਪਹਿਲੇ ਸਾਲ ਦੇ ਵਿਦਿਆਰਥੀਆਂ ਦੇ ਸਵਾਗਤ ਲਈ 'ਦੀ ਨਿਊ ਬੀਜ ਨੈਕਟਰ' ਥੀਮ ਅਨੁਸਾਰ ਪਾਰਟੀ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਗੁਰਬਾਣੀ ਦੇ ਸ਼ਬਦ ਨਾਲ ਕੀਤੀ ਗਈ। ਸੀਨੀਅਰ ਵਿਦਿਆਰਥੀਆਂ ਨੇ ਨਵੇਂ ਆਏ ਵਿਦਿਆਰਥੀਆਂ ਲਈ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ, ਜਿਸ 'ਚ ਸੋਲੋ ਡਾਂਸ, ਗਰੁੱਪ ਡਾਂਸ, ਭੰਗੜਾ, ਸ਼ਾਇਰੀ, ਸੋਲੋ ਸੌਂਗ ਆਦਿ ਸਨ। ਨਵੇਂ ਆਏ ਵਿਦਿਆਰਥੀਆਂ ਨੇ ਇਨਟਰੋਡਕਸ਼ਨ, ਮਾਡਲਿੰਗ, ਟੇਲੈਂਟ ਰਾਊਂਡ, ਪ੍ਰਸ਼ਨ-ਉੱਤਰ ਰਾਊਂਡ 'ਚ ਹਿੱਸਾ ਲਿਆ। ਨਵੇਂ ਵਿਦਿਆਰਥੀਆਂ 'ਚੋਂ ਟਾਈਟਲ ਕ੍ਰਮਵਾਰ ਮਿਸ ਫਰੈਸ਼ਰ ਵੰਸ਼ਕਾ, ਮਿਸਟਰ ਫਰੈਸ਼ਰ ਸ਼ਾਕਿਰ, ਮਿਸ ਪ੍ਰਸਨੈਲਿਟੀ ਫੋਜੀਆ, ਮਿਸਟਰ ਪ੍ਰਸਨੈਲਿਟੀ ਹਰਮਨ ਸਿੰਘ, ਮਿਸ ਚਾਰਮਿੰਗ ਉਜਮਾ ਰਿਆਜ, ਮਿਸਟਰ ਹੈਂਡਸਮ ਯਾਸਿਰ ਨੂੰ ਮਿਲਿਆ। ਕਾਲਜ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਜੀਤ ਸਿੰਘ ਢਿੱਲੋਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਰਸਿੰਗ ਇੱਕ ਪ੍ਰੈਕਟੀਕਲ ਪੇਸ਼ਾ ਹੈ ਤੇ ਆਉਣ ਵਾਲੇ ਸਮੇਂ 'ਚ ਕਾਲਜ ਦੇ ਨਾਲ ਹੀ ਇੱਕ 50 ਬੈੱਡ ਵਾਲਾ ਹਸਪਤਾਲ ਖੋਲ੍ਹਿਆ ਜਾਵੇਗਾ, ਜਿੱਥੇ ਤਜਰਬੇਕਾਰ ਡਾਕਟਰਾਂ ਦੀ ਟੀਮ ਦੀ ਅਗਵਾਈ 'ਚ ਵਿਦਿਆਰਥੀਆਂ ਨੂੰ ਸਿੱਖਿਅਤ ਕੀਤਾ ਜਾਵੇਗਾ ਅਤੇ ਸਾਰੇ ਕਲਾਸ ਰੂਮ ਵੀ ਏ ਸੀ ਕੀਤੇ ਜਾਣਗੇ। ਡਿਪਟੀ ਡਾਇਰੈਕਟਰ ਡਾ. ਪ੍ਰੀਤਮ ਸਿੰਘ ਛੋਕਰ ਨੇ ਦੱਸਿਆ ਕਿ ਨਰਸਿੰਗ ਇੱਕ ਨੋਬਲ ਕਿੱਤਾ ਹੈ ਤੇ ਵਿਦਿਆਰਥੀਆਂ ਨੂੰ ਇਸ ਕਿੱਤੇ ਦੇ ਨਿਰਧਾਰਤ ਨਿਯਮਾਂ ਦਾ ਪਾਲਣ ਕਰਨਾ ਚਾਹੀਦਾ ਹੈ। ਪ੍ਰਿੰਸੀਪਲ ਡਾ. ਗੁਰਜੀਤ ਕੌਰ ਬਰਾੜ ਨੇ ਵਿਦਿਆਰਥੀਆਂ ਨੂੰ ਅਸ਼ੀਰਵਾਦ ਦਿੰਦਿਆਂ ਆਖਿਆ ਕਿ ਉਹ ਆਪਣੇ ਨਰਸਿੰਗ ਪੇਸ਼ੇ ਨਾਲ ਪੂਰੇ ਇਮਾਨਦਾਰ ਰਹਿਣ ਤੇ ਮਿਹਨਤ ਨਾਲ ਵਧੀਆ ਪੁਜ਼ੀਸ਼ਨ ਲੈ ਕੇ ਕਾਲਜ ਦਾ ਨਾਂਅ ਰੌਸ਼ਨ ਕਰਨ। ਪ੍ਰਬੰਧਕ ਅਫਸਰ ਹਰਪ੍ਰੀਤ ਸਿੰਘ ਢਿੱਲੋਂ ਸਮੇਤ ਯੂਨੀਵਰਸਿਟੀ ਕਾਲਜ ਜੈਤੋ ਤੋਂ ਆਏ ਹੋਏ ਮਹਿਮਾਨ ਡਾ. ਗੁਰਬਿੰਦਰ ਕੌਰ ਅਤੇ ਡਾ. ਮਨਦੀਪ ਕੌਰ ਨੇ ਵੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਕਾਲਜ ਦੇ ਸਮੂਹ ਸਟਾਫ ਨੇ ਵੀ ਵਿਦਿਆਰਥੀਆਂ ਨੂੰ ਸ਼ੁੱਭ ਇੱਛਾਵਾਂ ਦਿੱਤੀਆਂ।



29-March-PAGE- 8.qxd 3/28/2023 10:17 PM Page 1



# ਲਤੀਫਪੁਰਾ ਮੋਰਚਾ ਵੱਲੋਂ ਆਪ ਵਿਧਾਇਕ ਦੇ ਘਰ ਅੱਗੇ ਧਰਨਾ ਤੇ ਮੁਜ਼ਾਹਰਾ



**ਜਲੰਧਰ,(ਨਵਾਂ ਜ਼ਮਾਨਾ ਸਰਵਿਸ)**-ਲਤੀਫਪੁਰਾ ਮੁੜ ਵਸੇਬਾ ਮੋਰਚਾ ਦੀ ਅਗਵਾਈ ਹੇਠ ਸੰਘਰਸ਼ ਦੀ ਅਗਲੀ ਕੜੀ ਵਜੋਂ ਹਲਕਾ ਕਰਤਾਰਪੁਰ ਤੋਂ ਆਪ ਵਿਧਾਇਕ ਬਲਕਾਰ ਸਿੰਘ ਦੇ ਘਰ ਅੱਗੇ ਧਰਨਾ ਮੁਜਾਹਰਾ ਕਰਨ ਲਈ ਅੱਗੇ ਵੱਧਦੇ ਧਰਨਾਕਾਰੀਆਂ ਨੂੰ ਬੈਰੀਕੇਡ ਲਗਾ ਕੇ ਪੁਲਿਸ ਦੁਆਰਾ ਰੋਕਣ ਦਾ ਅਸਫਲ ਯਤਨ ਕੀਤਾ ਗਿਆ। ਅੰਤ ਧਰਨਾਕਾਰੀਆਂ ਦੇ ਰੋਹ ਅੱਗੇ ਪੁਲਿਸ ਨੂੰ ਲਗਾਏ ਗਏ ਬੈਰੀਕੇਡ ਪਿੱਛੇ ਹਟਾਉਣੇ ਪਏ ਅਤੇ ਮੋਰਚੇ ਆਪ ਵਲੋਂ ਵਿਧਾਇਕ ਦੇ ਘਰ ਅੱਗੇ ਬਾਅਦ ਦੁਪਹਿਰ 2:30 ਵਜੇ ਤੋਂ ਸਾਮ 5:30 ਵਜੇ ਤੱਕ ਧਰਨਾ ਮੁਜਾਹਰਾ ਕੀਤਾ ਗਿਆ। ਇਸ ਮੌਕੇ ਮੋਰਚੇ ਦੇ ਆਗੂਆਂ ਵਲੋਂ ਲਤੀਫਪੁਰਾ ਦੇ ਉਜਾੜੇ ਲੋਕਾਂ ਨੂੰ ਮੁੜ ਵਸਾਉਣ,ਉਹਨਾਂ ਦੇ ਹੋਏ ਨੁਕਸਾਨ ਦਾ ਉਚਿਤ ਮੁਆਵਜਾ ਦਿਵਾਉਣ ਅਤੇ ਦਰਜ ਝੂਠੇ ਕੇਸ ਰੱਦ ਕਰਵਾਉਣ ਲਈ 9 ਅਪ੍ਰੈਲ ਨੂੰ ਲਤੀਫਪੁਰਾ ਵਿਖੇ ਵਿਸ਼ਾਲ ਚੇਤਾਵਨੀ ਰੈਲੀ ਕਰਨ ਦਾ ਐਲਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪਾਕਿਸਤਾਨ ਤੋਂ ਉਜੜ ਕੇ ਆਏ ਅਤੇ ਲਤੀਫਪੁਰਾ ਵਿਖੇ ਰਹਿੰਦੇ ਉਹਨਾਂ ਪਰਿਵਾਰਾਂ ਨੂੰ 9-10 ਦਸੰਬਰ 2022 ਨੂੰ ਉਹਨਾਂ ਦੇ ਘਰਾਂ ਉਪਰ ਬੁਲਡੋਜਰ ਚਲਾ ਕੇ ਉਜਾੜਨ ਦੇ ਮਸਲੇ ਉੱਤੇ ਘੇਸਲ ਮਾਰ ਕੇ ਬੈਠੀ ਭਗਵੰਤ ਸਿੰਘ ਮਾਨ ਸਰਕਾਰ ਦੇ ਖਿਲਾਫ ਲਗਾਤਾਰ ਮੋਰਚਾ ਜਾਰੀ ਹੈ ਅਤੇ ਪਾਰਲੀਮੈਂਟ ਦੀ ਉੱਪ ਚੋਣ ਵਿੱਚ ਆਪ ਮੰਤਰੀਆਂ, ਵਿਧਾਇਕਾਂ ਅਤੇ ਆਗੂਆਂ ਨੂੰ ਲੋਕਾਂ ਦੇ ਸਵਾਲਾਂ ਦਾ ਸਾਹਮਣਾ ਕਰਨਾ ਪਵੇਗਾ। ਉਨਾਂ ਸਰਕਾਰ ਵਲੋਂ ਲੁਕਵੇਂ ਏਜੰਡੇ ਤਹਿਤ ਅੰਮ੍ਰਿਤਪਾਲ ਸਿੰਘ ਮਸਲੇ ਦੇ ਬਹਾਨੇ ਹੇਠ ਨੈਸ਼ਨਲ ਸਕਿਓਰਟੀ ਐਕਟ ਲਗਾ ਕੇ ਕੀਤੀਆਂ ਗ੍ਰਿਫਤਾਰੀਆਂ ਦੀ ਨਿੰਦਾ ਕਰਦਿਆਂ ਐਨ.ਐਸ.ਏ.,ਯੂ.ਏ.ਪੀ.ਏ. ਸਮੇਤ ਸਾਰੇ ਕਾਲੇ ਕਾਨੂੰਨ ਰੱਦ ਕਰਨ ਅਤੇ ਗ੍ਰਿਫਤਾਰ ਨੌਜਵਾਨ ਰਿਹਾਅ ਕਰਨ ਅਤੇ ਆਮ ਸਿੱਖਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਕਰਨ ਦੀ ਮੰਗ ਵੀ ਕੀਤੀ। ਆਪ ਵਿਧਾਇਕ ਦੇ ਘਰ ਅੱਗੇ ਧਰਨੇ ਮੁਜਾਹਰੇ ਦੀ ਸਮਾਪਤੀ ਉਪਰੰਤ ਮੁੱਖ ਮੰਤਰੀ ਅਤੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਦਾ ਪੁਤਲਾ ਸਾੜ ਕੇ ਜੋਰਦਾਰ ਨਾਅਰੇਬਾਜੀ ਕੀਤੀ ਗਈ। ਇਸ ਮੌਕੇ ਮੋਰਚੇ ਦੇ ਆਗੂ ਸੰਤੋਖ ਸਿੰਘ ਸੰਧੂ,ਜਸਕਰਨ ਸਿੰਘ ਕਾਹਨ ਸਿੰਘ ਵਾਲਾ,ਡਾਕਟਰ ਗੁਰਦੀਪ ਸਿੰਘ ਭੰਡਾਲ,ਕਸਮੀਰ ਸਿੰਘ ਘੁੱਗਸ਼ੋਰ,ਪਰਮਜੀਤ ਸਿੰਘ ਜੱਬੋਵਾਲ,ਜਥੇਦਾਰ ਕਸ਼ਮੀਰ ਸਿੰਘ ਜੰਡਿਆਲਾ ਅਤੇ ਇਸਤਰੀ ਜਾਗ੍ਰਿਤੀ ਮੰਚ ਦੀ ਆਗੂ ਜਸਵੀਰ ਕੌਰ ਜੱਸੀ ਆਦਿ ਨੇ ਸੰਬੋਧਨ ਕੀਤਾ।

## ਹਰ ਵਰਗ ਦਾ ਖ਼ੂਨਦਾਨ ਪ੍ਰਤੀ ਵਧਦਾ ਰੁਝਾਨ ਸਕਾਰਾਤਮਕ ਪਹਿਲ : ਐੱਸ ਐੱਮ ਸਿੰਘ



**ਜਲੰਧਰ ( ਰਾਜੇਸ਼ ਥਾਪਾ )** ਸਮਾਜ ਸੇਵੀ ਸੰਸਥਾ ਦਿਸ਼ਾ ਦੀਪ, ਨਿਸ਼ਕਾਮ ਸੇਵਾ ਵੈਲਫੇਅਰ ਸੁਸਾਇਟੀ ਅਤੇ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਵਲੋਂ ਜਲੰਧਰ ਗੋਲਡਨ ਜਿਮ ਵਿੱਚ ਖਾਲਸਾ ਕਾਲਜ ਵਿੱਚ ਸਵੈ ਇੱਛੁਕ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਦਾ ਉਦਘਟਨ ਦਿਨੇਸ਼ ਢੱਲ ਸੀਨੀਅਰ ਨੇਤਾ ਆਮ ਆਦਮੀ ਪਾਰਟੀ ਅਤੇ ਐੱਸ ਐੱਮ ਸਿੰਘ ਨੇ ਕੀਤਾ। ਕੈਂਪ ਨੂੰ ਸੰਬੋਧਨ ਕਰਦਿਆਂ ਗੋਲਡਨ ਜਿਮ ਦੇ ਮਾਲਕ ਏ ਪੀ ਸਿੰਘ ਅਤੇ ਲਾਇਨ ਐੱਸ ਐੱਮ ਸਿੰਘ ਸੰਸਥਾਪਕ ਅਤੇ ਚੀਫ ਦਿਸ਼ਾ ਦੀਪ ਨੇ ਕਿਹਾ ਕਿ ਖੂਨਦਾਨ ਕੈਂਪਾਂ ਵਿਚ ਲੜਕੀਆਂ ਅਤੇ ਸਮਾਜ ਦੇ ਹਰ ਵਰਗ ਵੱਲੋਂ ਖੂਨਦਾਨ ਕਰਨ ਦਾ ਵਧ ਰਿਹਾ ਰੁਝਾਨ ਸਕਾਰਾਤਮਕ ਅਤੇ ਸ਼ਲਾਘਾਯੋਗ ਅਤੇ ਸਵਾਗਤ ਯੋਗ ਹੈ । ਇਸ ਕੈਂਪ ਵਿੱਚ 30 ਖੂਨਦਾਨੀਆਂ ਨੇ ਖੂਨਦਾਨ ਕੀਤਾ! ਆਮ ਆਦਮੀ ਪਾਰਟੀ ਦੇ ਸੀਨਅਰ ਨੇਤਾ ਦਿਨੇਸ਼ ਢੱਲ ਅਤੇ ਸਿਮਰ ਮਲਿਕ ਦਾ ਸੁਆਗਤ ਕੈਪਟਨ ਜਸਵਿੰਦਰ ਸਿੰਘ ਚੇਅਰਮੈਨ ਰਮੇਸ਼ ਲਖਨਪਾਲ ਜਨਰਲ ਸਕੱਤਰ ਤਰਸੇਮ ਜਲੰਧਰੀ ਅਤੇ ਕੁਮਾਰ ਜੀਵ ਨੇ ਫੁੱਲਾਂ ਦੇ ਹਾਰ ਭੇਟ ਕਰਕੇ ਕੀਤਾ। ਇਸ ਕੈਂਪ ਵਿੱਚ ਕੋਚ ਅਮਿਤ , ਸਚਿਨ ਸ਼ਰਮਾ, ਡਾਕਟਰ ਟੀਮ ਨੇ ਖੂਨਦਾਨੀਆਂ ਦਾ ਸੁਆਗਤ ਕੀਤਾ ਅਤੇ ਵਿਕਾਸ ਪੁਰੀ ਅਤੇ ਰਾਕੇਸ਼ ਕੁਮਾਰ ਜਗਦੰਬੇ ਮੈਡੀਕੋਜ ਨੂੰ ਮੈਡਲ ਅਤੇ ਸਰਟੀਫੀਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

# ਬਿਨਾਂ ਵੈਰੀਫਿਕੇਸ਼ਨ ਤੋਂ ਹੀ ਫੂਡ ਸਪਲਾਈ ਵਿਭਾਗ 'ਤੇ ਸਮਾਰਟ ਕਾਰਡ ਕੱਟਣ ਦਾ ਦੋਸ਼



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)** ਸੁਲਤਾਨਪੁਰ ਲੋਧੀ ਹਲਕੇ 'ਚ ਫੂਡ ਸਪਲਾਈ ਵਿਭਾਗ ਵੱਲੋਂ ਵੈਰੀਫਕੇਸ਼ਨ ਦੇ ਨਾਂਅ 'ਤੇ ਗਰੀਬ ਪਰਿਵਾਰਾਂ ਦੇ ਕੱਟੇ ਗਏ ਆਟਾ ਦਾਲ ਸਕੀਮ ਦੇ ਤਹਿਤ ਸਮਾਰਟ ਕਾਰਡ ਦਾ ਮਾਮਲਾ ਹੁਣ ਭਾਖਦਾ ਹੋਇਆ ਨਜਰ ਆ ਰਿਹਾ ਹੈ। ਲੋਕ ਫੂਡ ਸਪਲਾਈ ਵਿਭਾਗ 'ਤੇ ਉਂਗਲਾਂ ਚੁੱਕ ਰਹੇ ਹਨ। ਪ੍ਰੈੱਸ ਕਾਨਫਰੰਸ ਕਰਦੇ ਹੋਏ ਨਗਰ ਕੌਂਸਲ ਦੇ ਪ੍ਰਧਾਨ ਦੀਪਕ ਧੀਰ ਰਾਜੂ, ਮੀਤ ਪ੍ਰਧਾਨ ਨਵਨੀਤ ਸਿੰਘ ਚੀਮਾ,ਸਾਬਕਾ ਨਗਰ ਕੌਂਸਲ ਪ੍ਰਧਾਨ ਅਸ਼ੋਕ ਕੁਮਾਰ ਮੋਗਲਾ, ਸਾਬਕਾ ਚੇਅਰਮੈਨ ਅਤੇ ਕੌਂਸਲਰ ਤੇਜਵੰਤ ਸਿੰਘ, ਕੌਂਸਲਰ ਸੰਤਪ੍ਰੀਤ ਸਿੰਘ , ਕੌਂਸਲਰ ਸੰਦੀਪ ਕੌਰ ਚੀਮਾ, ਕੌਂਸਲਰ ਸੰਦੀਪ ਕੌਰ ਗਿੱਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਗਰੀਬਾਂ ਨਾਲ ਵੱਡੇ-ਵੱਡੇ ਵਾਅਦੇ ਕਰਕੇ ਆਈ ਹੈ ਪ੍ਰੰਤੂ ਅੱਜ ਉਹਨਾਂ ਦੇ ਹੱਕਾਂ 'ਤੇ ਡਾਕਾ ਮਾਰਨ ਲਈ ਸਰਕਾਰ ਤੁਰ ਪਈ ਹੈ। ਉਨ੍ਹਾਂ ਨੇ ਕਿਹਾ ਕਿ ਬੜੀ ਹੀ ਨਿੰਦਣਯੋਗ ਗੱਲ ਹੈ ਕਿ ਬਿਨਾਂ ਵੈਰੀਫਿਕੇਸ਼ਨ ਤੋਂ ਹੀ ਫੂਡ ਸਪਲਾਈ ਵਿਭਾਗ ਨੇ 40 ਪ੍ਰਤੀਸ਼ਤ ਤੋਂ ਵੱਧ ਗਰੀਬ ਵਰਗ ਦੇ ਨਾਲ ਸਬੰਧਤ ਲੋਕਾਂ ਦੇ ਆਟਾ ਦਾਲ ਸਕੀਮ ਤਹਿਤ ਬਣੇ ਸਮਾਰਟ ਕਾਰਡ ਕੱਟ ਦਿੱਤੇ ਹਨ। ਉਨ੍ਹਾਂ ਨੇ ਕਿਹਾ ਕਿ ਕਾਰਡ ਕੱਟਣ ਤੋਂ ਪਹਿਲਾਂ ਇਸ ਦੀ ਚੰਗੀ ਤਰਾਂ ਵੈਰੀਫਿਕੇਸ਼ਨ ਹੋਣੀ ਚਾਹੀਦੀ ਹੈ ਪ੍ਰੰਤੂ ਸਰਕਾਰ ਨੇ ਗਰੀਬ ਵਰਗ ਨਾਲ ਧੱਕਾ ਕੀਤਾ ਹੈ । ਦਫਤਰਾਂ ਵਿਚ ਹੀ ਬਹਿ ਕੇ ਇਹ ਰਾਸ਼ਨ ਕਾਰਡ ਕੱਟ ਦਿੱਤੇ ਹਨ। ਜਿਸ ਕਾਰਨ ਗਰੀਬ ਲੋਕਾਂ 'ਚ ਰੋਸ ਦੀ ਲਹਿਰ ਹੈ। ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਜਿਨ੍ਹਾਂ ਗਰੀਬ ਲੋਕਾਂ ਦੇ ਰਾਸ਼ਨ ਕਾਰਡ ਕੱਟੇ ਗਏ ਹਨ, ਉਹਨਾਂ ਨੂੰ ਦੁਬਾਰਾ ਬਹਾਲ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਜੇਕਰ ਇਸ ਤਰ੍ਹਾਂ ਨਹੀਂ ਹੁੰਦਾ।ਤਾਂ ਗਰੀਬ ਵਰਗ ਸੜਕਾਂ ਤੇ ਆ ਜਾਵੇਗਾ ਅਤੇ ਸੰਘਰਸ਼ ਦਾ ਰਸਤਾ ਅਖਤਿਆਰ ਕਰੇਗਾ। ਇਸ ਮੌਕੇ 'ਤੇ ਸੰਜੀਵ ਮਰਵਾਹਾ,ਕੌਂਸਲਰ ਸਤਪ੍ਰੀਤ ਸਿੰਘ, ਕੌਂਸਲਰ ਸੰਦੀਪ ਕੌਰ ਗਿੱਲ, ਦਿਲਬਾਗ ਸਿੰਘ ਗਿੱਲ,ਕੌਂਸਲਰ ਸੰਦੀਪ ਕੌਰ ਚੀਮਾ, ਕੌਂਸਲਰ ਪਵਨ ਕਨੌਜੀਆ, ਕੌਂਸਲਰ ਪੂਜਾ ਰਾਣੀ ਆਦਿ ਸਮੂਹ ਵਾਰਡਾਂ ਦੇ ਕੌਂਸਲਰ ਮੌਜੂਦ ਸਨ।

## ਸਿੱਖਿਆ ਤੋਂ ਬਿਨਾਂ ਇਨਸਾਨ ਦੀ ਜ਼ਿੰਦਗੀ ਅਧੂਰੀ : ਲਾਇਨ ਰਣਜੀਤ ਰਾਣਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਦੇਸ਼ ਅਤੇ ਸਮਾਜ ਸਿੱਖਿਆ ਨਾਲ ਹੀ ਤਰੱਕੀ ਕਰ ਸਕਦਾ ਹੈ। ਸਿੱਖਿਆ ਤੋਂ ਬਿਨਾਂ ਇਨਸਾਨ ਦੀ ਜ਼ਿੰਦਗੀ ਅਧੂਰੀ ਹੈ ਜਿਵੇਂ ਕਿ ਇੱਕ ਕਹਾਵਤ ਹੈ ਕਿ ਅਨਪੜ੍ਹ ਇਨਸਾਨ ਇੱਕ ਜਾਨਵਰ ਦੇ ਸਮਾਨ ਹੁੰਦਾ ਹੈ। ਇਸ ਲਈ ਸਰਕਾਰ, ਸਮਾਜ ਅਤੇ ਮਾਪੇ ਲੜਕਿਆਂ ਦੇ ਨਾਲ-ਨਾਲ ਲੜਕੀਆਂ ਦੀ ਸਿੱਖਿਆ ਵੱਲ ਵੀ ਵਿਸ਼ੇਸ਼ ਧਿਆਨ ਦੇਣ ਕਿਉਂਕਿ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਜਿੰਨੀ ਸਿੱਖਿਆ ਲੜਕਿਆਂ ਦੀ ਜ਼ਰੂਰੀ ਹੈ ਓਨੀ ਹੀ ਲੜਕੀਆ ਦੀ ਵੀ ਜ਼ਰੂਰੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਸ੍ਰੀ ਗੁਰੂ ਰਵਿਦਾਸ ਭਵਨ ਭੀਮ ਨਗਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਉੱਘੇ ਸਮਾਜ ਸੇਵਕ ਲਾਇਨ ਰਣਜੀਤ ਸਿੰਘ ਰਾਣਾ ਨੇ ਕਿਹਾ ਕਿ ਇੱਕ ਲੜਕੀ ਦੇ ਪੜ੍ਹਨ ਨਾਲ ਇੱਕ ਪੂਰਾ ਪਰਵਾਰ ਪੜ੍ਹ ਜਾਂਦਾ ਹੈ, ਕਿਉਂਕਿ ਬਾਬਾ ਸਾਹਿਬ ਭੀਮ ਰਾਉ ਅੰਬੇਡਕਰ ਨੇ ਸੰਵਿਧਾਨ ਵਿੱਚ ਨਾਰੀ ਨੂੰ ਬਰਾਬਰ ਦਾ ਹੱਕ ਦਿੱਤਾ ਹੈ। ਉਨ੍ਹਾ ਕਿਹਾ ਕਿ ਬਾਬਾ ਸਾਹਿਬ ਭੀਮ ਰਾਉ ਜੀ ਦੀ ਬਦੌਲਤ ਹੀ ਅੱਜ ਨਾਰੀ ਜੱਜ, ਵਕੀਲ, ਰਾਸ਼ਟਰਪਤੀ, ਐਮ ਪੀ, ਐਮ ਐਲ ਏ ਤੋਂ ਇਲਾਵਾ ਮੁੱਖ ਮੰਤਰੀ ਦੇ ਅਹੁਦੇ ਦੇ ਕੰਮ ਕਰ ਰਹੀ ਹੈ। ਉਨ੍ਹਾ ਕਿਹਾ ਕਿ ਲੜਕੀਆਂ ਨੂੰ ਸਿੱਖਿਆ ਦੇਣ ਤੋਂ ਬਿਨਾਂ ਕੋਈ ਵੀ ਦੇਸ਼ ਅਤੇ ਸਮਾਜ ਤਰੱਕੀ ਨਹੀਂ ਕਰ ਸਕਦਾ। ਉਨ੍ਹਾ ਕਿਹਾ ਕਿ ਔਰਤਾਂ ਨੂੰ ਸਮਾਜ ਵਿੱਚ ਸਥਾਪਤ ਕਰਨ ਲਈ ਸਰਕਾਰ ਅਤੇ ਸਮਾਜ ਨੂੰ ਲੜਕੀਆਂ ਲਈ ਸਕੂਲ ਅਤੇ ਕਾਲਜ ਖੋਲ੍ਹਣੇ ਚਾਹੀਦੇ ਹਨ ਤਾਂ ਜੋ ਲੜਕੀਆਂ ਭੇਦਭਾਵ ਅਤੇ ਡਰ ਤੋਂ ਬਿਨਾਂ ਆਪਣੀ ਇੱਛਾ ਅਨੁਸਾਰ ਵਿੱਦਿਆ ਪ੍ਰਾਪਤ ਕਰ ਸਕਣ। ਉਨ੍ਹਾ ਕਿਹਾ ਕਿ ਲੜਕੀਆਂ ਵੀ ਆਪਣੇ ਅਧਿਕਾਰਾਂ ਲਈ ਅੱਗੇ ਆਉਣ।

# ਕਿਸਾਨ ਆਪਣੀ ਉਪਜ ਦੀ ਪ੍ਰੋਸੈਸਿੰਗ ਕਰਕੇ ਕਮਾ ਸਕਦੇ ਹਨ ਚੰਗਾ ਮੁਨਾਫਾ : ਕੋਮਲ ਮਿੱਤਲ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਕਿਸਾਨ ਆਪਣੀ ਉਪਜ ਨੂੰ ਪ੍ਰੋਸੈਸਿੰਗ ਰਾਹੀਂ ਬਾਜ਼ਾਰ ਵਿਚ ਵੇਚ ਕੇ ਗਾਹਕਾਂ ਨੂੰ ਜਿਥੇ ਚੰਗੀ ਕੁਆਲਿਟੀ ਮੁਹੱਈਆ ਕਰਵਾ ਸਕਦੇ ਹਨ, ਉਥੇ ਆਪਣੀ ਉਪਜ ਦਾ ਚੰਗਾ ਮੁੱਲ ਵੀ ਪ੍ਰਾਪਤ ਕਰ ਸਕਦੇ ਹਨ। ਉਹ ਜ਼ਿਲ੍ਹੇ ਦੇ ਪਿੰਡ ਭੂੰਗਾ ਦੇ ਪਿੰਡ ਘੁਗਿਆਲ ਵਿਖੇ ਸਥਿਤ ਫਾਰਮਰਜ਼ ਪ੍ਰੋਡਿਊਸ ਪ੍ਰਮੋਸ਼ਨ ਸੋਸਾਇਟੀ (ਫੈਪਰੋ) ਵਿਚ ਲਗਾਏ ਗਏ ਹਾਈਜੈਨਿਕ ਅਤੇ ਸਾਇੰਟੀਫਿਕ ਢੰਗ ਨਾਲ ਬਣਨ ਵਾਲੇ ਗੁੜ-ਸ਼ੱਕਰ ਪ੍ਰੋਸੈਸਿੰਗ ਯੂਨਿਟ ਦੇ ਉਦਘਾਟਨ ਮੌਕੇ ਇਲਾਕੇ ਦੇ ਕਿਸਾਨਾਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੁੱਖ ਖੇਤੀਬਾੜੀ ਅਫ਼ਸਰ ਡਾ. ਗੁਰਦੇਵ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ ਦੇ ਡਿਪਟੀ ਡਾਇਰੈਕਟਰ ਮਨਿੰਦਰ ਸਿੰਘ ਬੌਂਸ, ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨੋਲੋਜੀ ਦੇ ਵਿਗਿਆਨਕ ਅਖਿਲ ਸ਼ਰਮਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਸੈਸਿੰਗ ਯੂਨਿਟ ਦੀ ਸਥਾਪਨਾ ਕਿਸਾਨਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ ਕਿ ਇਸ ਯੂਨਿਟ ਦੀ ਸਥਾਪਨਾ ਨਾਲ ਉਪਭੋਗਤਾਵਾਂ ਨੂੰ ਜਿਥੇ ਹਾਈਜੈਨਿਕ ਅਤੇ ਸਾਇੰਟੀਫਿਕ ਢੰਗ ਨਾਲ ਤਿਆਰ ਕੀਤਾ ਗਿਆ ਮਿਆਰੀ ਗੁੜ-ਸ਼ੱਕਰ ਮਿਲੇਗਾ, ਉਥੇ ਕਿਸਾਨਾਂ ਨੂੰ ਵੀ ਉਨ੍ਹਾਂ ਦੀ ਉਪਜ ਦਾ ਚੰਗਾ ਲਾਭ ਪ੍ਰਾਪਤ ਹੋਵੇਗਾ। ਇਸ ਦੌਰਾਨ ਉਨ੍ਹਾਂ ਨੇ ਕਿਸਾਨ ਫ਼ਸਲੀ ਚੱਕਰ ਤੋਂ ਨਿਕਲ ਕੇ ਫ਼ਸਲੀ ਵਿਭਿੰਨਤਾ ਨੂੰ ਅਪਨਾ ਕੇ ਆਰਥਿਕ ਪੱਖੋਂ ਹੋਰ ਮਜ਼ਬੂਤ ਹੋ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟਕਨੋਲੋਜੀ ਅਤੇ ਇੰਡੀਅਨ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਦੇ ਸਹਿਯੋਗ ਨਾਲ 75 ਲੱਖ ਰੁਪਏ ਦੀ ਲਾਗਤ ਨਾਲ ਬਣਿਆ ਇਹ ਪ੍ਰੋਸੈਸਿੰਗ ਯੂਨਿਟ ਗਾਹਕਾਂ ਨੂੰ ਕੁਆਲਿਟੀ ਅਤੇ ਕਿਸਾਨਾਂ ਨੂੰ ਆਪਣੀ ਉਪਜ ਆਪ ਪ੍ਰੋਸੈਸ ਕਰਕੇ ਇਲਾਕੇ ਵਿਚ ਆਪਣੀ ਇਕ ਪਹਿਚਾਣ ਬਣਾਉਣ ਵਿਚ ਸਹਾਇਕ ਸਿੱਧ ਹੋਵੇਗਾ। ਉਨ੍ਹਾਂ ਕਿਹਾ ਕਿ ਫੈਪਰੋ ਵਰਗੇ ਯੂਨਿਟ ਕਿਸਾਨਾਂ ਨੂੰ ਆਤਮ-ਨਿਰਭਰ ਬਣਾਉਣ ਦੇ ਨਾਲ-ਨਾਲ ਪ੍ਰੋਸੈਸਿੰਗ ਯੂਨਿਟ ਲਗਾਉਣ ਲਈ ਪ੍ਰੇਰਿਤ ਕਰਦੇ ਹਨ, ਜੋ ਕਿ ਸਮੇਂ ਦੀ ਮੰਗ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿਚ ਉਪਭੋਗਤਾ ਕੁਆਲਿਟੀ ਨੂੰ ਲੈ ਕੇ ਵਿਸ਼ੇਸ਼ ਜਾਗਰੂਕ ਹਨ। ਉਨ੍ਹਾਂ ਕਿਹਾ ਕਿ ਅੱਜ ਦੇ ਖੇਤੀ ਯੁੱਗ ਵਿਚ ਕਿਸਾਨਾਂ ਨੂੰ ਗਰੁੱਪਾਂ, ਸੋਸਾਇਟੀਆਂ ਬਣਾ ਕੇ ਖੇਤੀ ਕਰਨੀ ਚਾਹੀਦੀ ਹੈ। ਜੇਕਰ ਕਿਸਾਨ ਸਮੂਹ ਵਿਚ ਖੇਤੀ ਕਰਦਾ ਹੈ, ਤਾਂ ਉਸ ਨੂੰ ਖੇਤੀ ਵਿਚ ਫਾਇਦਾ ਹੁੰਦਾ ਹੈ। ਉਨ੍ਹਾਂ ਇਸ ਮੌਕੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਯੂਨਿਟ ਦਾ ਵੱਧ ਤੋਂ ਵੱਧ ਲਾਭ ਲੈਣ। ਮਿੱਤਲ ਨੇ ਕਿਹਾ ਕਿ ਜ਼ਿਲ੍ਹਾ ਹੁਸ਼ਿਆਰਪੁਰ ਫ਼ਸਲੀ ਵਿਭਿੰਨਤਾ ਵਿਚ ਇਕ ਮੋਹਰੀ ਜ਼ਿਲ੍ਹਾ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਫ਼ਸਲੀ ਵਿਭਿੰਨਤਾ ਵਿਚ ਆਪਣਾ ਪੂਰਾ ਯੋਗਦਾਨ ਦੇਣ ਅਤੇ ਆਉਣ ਵਾਲੇ ਖਰੀਫ ਦੇ ਸੀਜ਼ਨ ਦੌਰਾਨ ਝੋਨੇ ਦਾ ਰਕਬਾ ਘੱਟ ਕਰਕੇ ਮੱਕੀ, ਬਾਸਮਤੀ ਨੂੰ ਵਧਾਉਣ ਦੀ ਕਸ਼ਿਸ਼ ਕਰਨ। ਇਸ ਤੋਂ ਇਲਾਵਾ ਇਲਾਕੇ ਵਿਚ ਪੁਰਾਣੇ ਸਮੇਂ ਦੌਰਾਨ ਕਪਾਹ ਦੀ ਕਾਸ਼ਤ ਵੀ ਕੀਤੀ ਜਾਂਦੀ ਸੀ, ਇਸ ਸਬੰਧੀ ਵਿਚ ਮੌਸਮ ਅਤੇ ਲਾਭ ਦੀ ਅਨੁਕੂਲਤਾ ਦੇਖਦੇ ਹੋਏ ਨਰਮੇ ਨੂੰ ਵੀ ਟਰਾਇਲ ਦੇ ਤੌਰ 'ਤੇ ਸ਼ਾਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਖੇਤੀ ਵਿਭਾਗ ਵਲੋਂ ਕਿਸਾਨਾਂ ਨੂੰ ਵੱਖ-ਵੱਖ ਸਕੀਮਾਂ ਤਹਿਤ ਮਸ਼ੀਨਰੀ ਮੁਹੱਈਆ ਕਰਵਾਈ ਜਾ ਰਹੀ ਹੈ, ਇਸ ਦਾ ਭਰਪੂਰ ਲਾਭ ਲੈਂਦੇ ਹੋਏ ਮਸ਼ੀਨਰੀ ਰਾਹੀਂ ਪਰਾਲੀ ਨੂੰ ਯੋਗ ਸੰਭਾਲ ਦਾ ਪ੍ਰਯੋਗ ਕਰਦੇ ਹੋਏ ਸਾਲ 2023 ਵਿਚ ਆਪਣੇ ਜ਼ਿਲ੍ਹੇ ਨੂੰ ਪਰਾਲੀ ਪ੍ਰਬੰਧਨ ਵਿਚ ਸੂਬੇ ਦਾ ਮੋਹਰੀ ਜ਼ਿਲ੍ਹਾ ਬਣਾਉਣ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਜਿਥੇ ਫੈਪਰੋ ਦੇ ਪੂਰੇ ਯੂਨਿਟ ਦਾ ਦੌਰਾ ਕੀਤਾ, ਉਥੇ ਸਵੈ ਸਹਾਇਤਾ ਗਰੁੱਪਾਂ ਵਲੋਂ ਬਣਾਏ ਗਏ ਉਤਪਾਦਾਂ ਦੇ ਸਟਾਲਾਂ ਨੂੰ ਵੀ ਚੈੱਕ ਕੀਤਾ। ਜ਼ਿਕਰਯੋਗ ਹੈ ਕਿ ਫੈਪਰੋ ਪਹਿਲਾਂ ਤੋਂ ਹੀ ਹਲਦੀ, ਬੇਸਣ, ਸ਼ਹਿਦ ਅਤੇ ਦਾਲਾਂ ਦਾ ਪ੍ਰੋਸੈਸਿੰਗ ਯੂਨਿਟ ਲੱਗਾ ਹੈ। ਇਸ ਮੌਕੇ ਫੈਪਰੋ ਦੇ ਪ੍ਰਧਾਨ ਜਸਵੀਰ ਸਿੰਘ, ਸੀਨੀਅਰ ਮੀਤ ਪ੍ਰਧਾਨ ਜਸਵੰਤ ਸਿੰਘ ਚੌਟਾਲਾ, ਉਪ ਪ੍ਰਧਾਨ ਯੋਗਰਾਜ, ਮੈਨੇਜਰ ਸੁਖਜਿੰਦਰ ਸਿੰਘ, ਨਾਇਬ ਤਹਿਸੀਲਦਾਰ ਲਵਦੀਪ ਸਿੰਘ ਧੂਤ, ਸਹਾਇਕ ਡਾਇਰੈਕਟਰ ਡਾ. ਜਸਪਾਲ ਸਿੰਘ, ਚਮਨ ਲਾਲ ਵਸ਼ਿਸ਼ਟ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

## ਪੀ ਸੀ ਐੱਮ ਐੱਸ.ਡੀ ਕਾਲਜ ਨੇ ਨਸ਼ਿਆਂ ਵਿਰੁੱਧ ਕੱਢੀ ਰੈਲੀ




**ਜਲੰਧਰ ( ਇਕਬਾਲ ਸਿੰਘ ਉੱਭੀ )** ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਅਲਾਮਤ ਨੂੰ ਠੱਲ੍ਹ ਪਾਉਣ ਲਈ ਸ਼ੁਰੂ ਕੀਤੇ ਗਏ ਬੱਡੀ ਪ੍ਰੋਗਰਾਮ ਤਹਿਤ ਪੀ.ਸੀ.ਐਮ. ਐਸ.ਡੀ. ਕਾਲਜ ਫਾਰ ਵੂਮੈਨ ਵੱਲੋਂ ਨਸ਼ਿਆਂ ਦੀ ਦੁਰਵਰਤੋਂ ਅਤੇ ਸਮਾਜ 'ਤੇ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਇੱਕ ਰੈਲੀ ਕੱਢੀ ਗਈ। ਰੈਲੀ ਵਿੱਚ ਤਕਰੀਬਨ 50 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਰੈਲੀ ਦੀ ਸ਼ੁਰੂਆਤ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਕੀਤੀ। ਵਿਦਿਆਰਥੀਆਂ ਨੇ ਕਾਲਜ ਕੈਂਪਸ ਤੋਂ ਪੈਦਲ ਮਾਰਚ ਕੀਤਾ। ਉਨ੍ਹਾਂ ਨੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪਲਕ ਕਾਰਡ ਅਤੇ ਪੋਸਟਰ ਤਿਆਰ ਕੀਤੇ। ਇਸ ਗਤੀਵਿਧੀ ਦਾ ਉਦੇਸ਼ ਵਿਦਿਆਰਥੀਆਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨਾ ਸੀ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ , ਸੀਨੀਅਰ ਮੀਤ-ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰ ਅਤੇ ਕਾਲਜ ਦੇ ਯੋਗ ਪ੍ਰਿੰਸੀਪਲ ਪ੍ਰੋ.(ਡਾ.) ਪੂਜਾ ਪਰਾਸ਼ਰ ਨੇ ਸਮੂਹ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹਿਣ ਅਤੇ ਸਮਾਜ ਵਿੱਚ ਜਾਗਰੂਕਤਾ ਫੈਲਾਉਂਦੇ ਰਹਿਣ ਲਈ ਪ੍ਰੇਰਿਤ ਕੀਤਾ।

## ਬਿਜਲੀ ਬੰਦ ਰਹੇਗੀ

**ਖਰੜ (ਹਰਨਾਮ ਸਿੰਘ ਡੱਲਾ)**ਸਥਾਨਕ ਉਪ ਮੰਡਲ ਅਫਸਰ ਪੀ ਐੱਸ ਪੀ ਸੀ ਐੱਲ ਤੋਂ ਮਿਲੀ ਜਾਣਕਾਰੀ ਅਨੁਸਾਰ ਮਹਿਕਮੇ ਵਲੋਂ ਖਰੜ ਸ਼ਹਿਰ ਦੇ ਆਂਸਲ ਮੋਰਿੰਡਾ ਤੋਂ ਚੱਲਦੇ ਫੀਡਰ ਏ.ਪੀ. ਸੰਤੇ ਮਾਜਰਾ,ਕਾਸਾ ਹੋਮਜ, ਔਰਚਿਡ ਕੌਂਟੀ, ਏ ਡਵਲਯੂ ਐੱਚ ਓ,ਆਂਸਲ-1,ਆਂਸਲ-2,ਸੈਕਟਰ 113 ਉੱਤੇ ਚੱਲਦੇ ਸਾਰੇ ਏਰੀਏ ਦੀ ਬਿਜਲੀ ਸਪਲਾਈ ਸਵੇਰੇ 9.00 ਵਜੇ ਤੋਂ ਸ਼ਾਮ 6.00 ਵਜੇ ਤੱਕ ਬੰਦ ਰਹੇਗੀ।

## ਮਾਤਾ ਗੁਜਰੀ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ



**ਕਰਤਾਰਪੁਰ (ਹਰਮੇਸ਼ ਦੱਤ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ ਕਰਤਾਰਪੁਰ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨਿਆ ਗਿਆ ਬੀ.ਕਾਮ ਸਮੈਸਟਰ ਤੀਸਰੇ ਦਾ ਨਤੀਜਾ ਸ਼ਾਨਦਾਰ ਰਿਹਾ। ਵਿਦਿਆਰਥਣ ਸਿਮਰਨ ਕੌਰ ਨੇ 74.85% ਅੰਕ ਲੈ ਕੇ ਕਾਲਜ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾਸ ਪ੍ਰਭਜੋਤ ਗਿੱਲ ਨੇ 72.57% ਅੰਕ ਲੈ ਕੇ ਕਾਲਜ ਵਿੱਚੋਂ ਦੂਜਾ ਅਤੇ ਦੀਆ ਨੇ 70% ਅੰਕਾਂ ਨਾਲ ਤੀਜਾ ਸਥਾਨ ਹਾਸਿਲ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ.ਹਰਮਨਦੀਪ ਸਿੰਘ ਗਿੱਲ ਨੇ ਵਿਦਿਆਰਥੀਆਂ ਦੀ ਇਸ ਉਪਲੱਬਧੀ ਲਈ ਉਹਨਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

# ਭਾਸ਼ਾ ਵਿਭਾਗ ਨੇ ਮਨਾਇਆ ਵਿਸ਼ਵ ਰੰਗਮੰਚ ਦਿਵਸ



**ਹੁਸ਼ਿਆਰਪੁਰ: (ਓ ਪੀ ਰਾਣਾ )**੦ ਉਚੇਰੀ ਸਿੱਖਿਆ ਅਤੇ ਭਾਸ਼ਾ ਦੇ ਸਕੱਤਰ ਜਸਪ੍ਰੀਤ ਤਲਵਾੜ ਅਤੇ ਸੰਯੁਕਤ ਡਾਇਰੈਕਟਰ ਡਾ. ਵੀਰਪਾਲ ਕੌਰ ਭਾਸ਼ਾ ਵਿਭਾਗ, ਪੰਜਾਬ ਦੀਆਂ ਹਦਾਇਤਾਂ ਅਤੇ ਡਾ. ਜਸਵੰਤ ਰਾਏ ਖੋਜ ਅਫਸਰ ਭਾਸ਼ਾ ਵਿਭਾਗ ਦਫਤਰ ਹੁਸ਼ਿਆਰਪੁਰ ਦੀ ਅਗਵਾਈ ਵਿੱਚ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਡੀ.ਏ.ਵੀ.ਕਾਲਜ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਵਿਸ਼ਵ ਰੰਗਮੰਚ ਦਿਵਸ ਮਨਾਇਆ ਗਿਆ। ਜੀ ਆਇਆਂ ਸ਼ਬਦ ਮੁਖੀ ਪੰਜਾਬੀ ਵਿਭਾਗ ਡਾ. ਸ਼ਰਨਜੀਤ ਕੌਰ ਨੇ ਆਖੇ। ਡਾ. ਕੁਲਵੰਤ ਸਿੰਘ ਰਾਣਾ ਨੇ ਰੰਗ-ਮੰਚ ਦਿਵਸ ਨੂੰ ਸਮਰਪਿਤ ਆਪਣੇ ਭਾਸ਼ਣ ਦੀ ਤਕਰੀਰ ਵਿੱਚ ਵਿਸ਼ਵ ਰੰਗਮੰਚ ਅਤੇ ਪੰਜਾਬੀ ਨਾਟਕ ਇੱਕ ਅਧਿਐਨ ਵਿਸ਼ੇ 'ਤੇ ਬਹੁਤ ਭਾਵਪੂਰਤ ਗੱਲਾਂ ਕੀਤੀਆਂ। ਡਾ. ਜਸਵੰਤ ਰਾਏ ਨੇ ਭਾਸ਼ਾ ਵਿਭਾਗ ਦੀਆਂ ਗਤੀਵਿਧੀਆਂ ਅਤੇ ਪੁਸਤਕ ਸਭਿਆਚਾਰ ਨੂੰ ਲੈ ਕੇ ਕੀਤੇ ਜਾ ਰਹੇ ਤਰੱਦਦ ਪ੍ਰਤੀ ਵਿਦਿਆਰਥੀਆਂ ਨਾਲ ਸਾਂਝ ਵਿਅਕਤ ਕੀਤੀ । ਉਨ੍ਹਾਂ ਕਿਹਾ ਕਿ ਭਾਸ਼ਾ ਵਿਭਾਗ ਵਲੋਂ ਚਲਾਏ ਜਾ ਰਹੇ ਮੁਫਤ ਉਰਦੂ ਆਮੋਜ਼ ਕੋਰਸ ਦਾ ਵੀ ਤੁਸੀਂ ਲਾਭ ਲੈ ਸਕਦੇ ਹੋ। ਇਸ ਮੌਕੇ ਲੇਖਕ ਅਤੇ ਡਾਇਰੈਕਟਰ ਅਸ਼ੋਕ ਪੁਰੀ ਵਲੋਂ ਲਿਖਿਆ ਤੇ ਨਿਰਦੇਸ਼ਤ ਕੀਤਾ ਨੁੱਕੜ ਨਾਟਕ 'ਬਹੁਰੰਗੇ' ਦੀ ਬਹੁਤ ਸ਼ਿੱਦਤ ਨਾਲ ਪੇਸ਼ਕਾਰੀ ਹੋਈ। ਇਸ ਤੋਂ ਪਹਿਲਾਂ ਅਸ਼ੋਕ ਪੁਰੀ ਨੇ ਹੁਸ਼ਿਆਰਪੁਰ ਦੇ ਹੋਏ ਨਾਟਕਕਾਰਾਂ ਦੀਆਂ ਰਚਨਾਵਾਂ ਅਤੇ ਕੰਮਾਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਜੁਗਲ ਕਿਸ਼ੋਰ ਵਲੋਂ ਡੀ.ਏ.ਵੀ. ਕਾਲਜ ਦੀ ਲਾਇਬ੍ਰੇਰੀ ਵਿੱਚ ਲਗਾਈ ਗਈ ਪੁਸਤਕ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਰਹੀ। ਪ੍ਰਿੰ. ਡਾ. ਵਿਨੇ ਕੁਮਾਰ ਨੇ ਧੰਨਵਾਦੀ ਸ਼ਬਦ ਆਖਦਿਆਂ ਭਾਸ਼ਾ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਨਾਟਕਾਂ, ਕੋਰੀਓ ਗ੍ਰਾਫੀਆਂ ਰਾਹੀਂ ਦਿੱਤਾ ਜਾਂਦਾ ਗਿਆਨ ਚਿਰ ਸਥਾਈ ਹੁੰਦਾ ਹੈ। ਇਸ ਮੌਕੇ ਭਾਸ਼ਾ ਵਿਭਾਗ ਵਲੋਂ ਆਏ ਹੋਏ ਮਹਿਮਾਨਾਂ ਅਸ਼ੋਕ ਪੁਰੀ, ਪ੍ਰਿੰ. ਡਾ.ਵਿਜੇ ਕੁਮਾਰ, ਡਾ. ਸ਼ਰਸ਼ਰਨ ਕੌਰ, ਪ੍ਰੋ: ਅਮਰਜੀਤ ਸਿੰਘ, ਡਾ ਮੁਖਤਾਰ ਸਿੰਘ, ਸੁਰਜੀਤ ਕੌਰ, ਇੰਦਰਜੀਤ ਸਿੰਘ, ਗੁਰਵਿੰਦਰ ਕੌਰ, ਚੰਦਰ ਕਾਂਤਾ, ਕੁਸਮ ਵਰਮਾ, ਨੁੱਕੜ ਨਾਟਕ ਦੀ ਸਾਰੀ ਟੀਮ, ਭਾਸ਼ਾ ਮੰਚ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਅਦਬੀ ਹਸਤੀਆਂ ਦਾ ਮਹਾਨ ਕੋਸ਼, ਪੰਜਾਬ, ਕਿਤਾਬਾਂ ਦੇ ਸੈੱਟ ਅਤੇ ਲੋਈਆਂ ਨਾਲ ਸਨਮਾਨ ਕੀਤਾ ਗਿਆ। ਇਸ ਸਮੇਂ ਹਾਲ ਵਿੱਚ ਕਾਲਜ ਵਿਦਿਆਰਥੀ ਅਤੇ ਸਟਾਫ ਵੱਡੀ ਗਿਣਤੀ ਵਿੱਚ ਮੌਜੂਦ ਸਨ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਤੇ ਮੈਡਮ ਸੁਰਜੀਤ ਕੌਰ ਨੇ ਸਾਂਝੇ ਤੌਰ 'ਤੇ ਨਿਭਾਈ।

# ਬੰਦੀ ਸਿੰਘਾਂ ਦੀ ਰਿਹਾਈ ਲਈ ਗੁਰਮਤਿ ਸਮਾਗਮ ਕਰਵਾਏ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਮੁੱਖਲਿਆਣਾ ਵਿਖੇ ਗੁਰਦੁਆਰਾ ਸ੍ਰੀ ਸਿੰਘ ਸਭਾ ਸਾਹਿਬ ਜੀ ਦੇ ਅਸਥਾਨ 'ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਮਹਾਨ ਗੁਰਮਤਿ ਸਮਾਗਮ ਕਰਵਾਏ ਗਏ । ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਦੀਵਾਨ ਹਾਲ ਭਾਈ ਜਸਲੀਨ ਸਿੰਘ ਮੁੱਖਲਿਆਣਾ, ਭਾਈ ਗੁਰਵੰਤ ਸਿੰਘ ਕਥਾ ਵਾਚਕ ਸ੍ਰੀ ਫਤਹਿਗੜ੍ਹ ਸਾਹਿਬ ਵਾਲੇ, ਭਾਈ ਇੱਕਬਾਲ ਸਿੰਘ ਬੈਂਸ ਇੰਟਰਨੈਸ਼ਨਲ ਢਾਡੀ ਜੱਥਾ ਗੁਰਬਾਣੀ ਗੁਰਇਤਿਹਾਸ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ।

## ਐੱਮ ਜੀ ਐੱਸ ਐੱਮ ਜਨਤਾ ਕਾਲਜ ਦੇ ਨਤੀਜੇ ਰਹੇ ਸ਼ਾਨਦਾਰ




**ਕਰਤਾਰਪੁਰ (ਹਰਮੇਸ਼ ਦੱਤ )** ਮਾਸਟਰ ਗੁਰਬੰਤਾ ਸਿੰਘ ਮੈਮੋਰੀਅਲ ਜਨਤਾ ਕਾਲਜ ਕਰਤਾਰਪੁਰ ਦੇ ਕੰਪਿਊਟਰ ਵਿਭਾਗ ਬੀ.ਸੀ ਏ( ਸਮੈਸਟਰ ਦੂਜਾ ) ਦਾ ਨਤੀਜਾ ਸ਼ਾਨਦਾਰ ਰਿਹਾ। ਨਤੀਜੇ ਦੀ ਖਾਸੀਅਤ ਇਹ ਰਹੀ ਕਿ ਸਧਾਰਨ ਪਿੰਡਾਂ ਵਿੱਚੋ ਆ ਕੇ ਆਪਣੀ ਮਿਹਨਤ ਦੇ ਜਰੀਏ ਵਿਦਿਆਰਥੀਆਂ ਨੇ ਆਪਣੇ ਮਾਪਿਆਂ ਤੇ ਅਧਿਆਪਕਾਂ ਦਾ ਨਾਂਅ ਰੋਸ਼ਨ ਕੀਤਾ । ਬੀ.ਸੀਏ( ਸਮੈਸਟਰ ਦੂਜਾ) ਦੀ ਮਮਤਾ ਰਾਣੀ 79% ਨੇ ਪਹਿਲਾ ਸਥਾਨ ਤੇ ਪ੍ਰਿਆ ਨੇ 75%ਅੰਕਾਂ ਦੂਜਾ ਸਥਾਨ ਤੇ ਸਿਮਰਨ ਕੌਰ ਨੇ 74% ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਐਮ.ਏ ਸਮੈਸਟਰ ਤੀਜਾ (ਰਾਜਨੀਤੀ ਵਿਭਾਗ )ਦੀ ਵਿਦਿਆਰਥਣ ਰੋਜੀ 72.50%ਅੰਕਾਂ ਨਾਲ ਪਹਿਲੇ ਸਥਾਨ 'ਤੇ ਰਹੀ। ਮੋਨਿਕਾ ਨੇ 67.50% ਅੰਕਾਂ ਨਾਲ ਦੂਜਾ ਤੇ ਪ੍ਰੀਤੀ ਨੇ 67.25%ਅੰਕਾਂ ਨਾਲ ਤੀਜੇਸਥਾਨ ਹਾਸਿਲ ਕੀਤਾ । ਕੋਸਮੇਟੋਲੋਜੀ ਵਿਭਾਗ ਦੇ ਪੀ.ਜੀ ਡਿਪਲੋਮਾ ਵਿੱਚ ਵੀ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਵਿਦਿਆਰਥਣ ਰੂਪਾਲੀ ਨੇ 85% ਅੰਕ ਨੇ ਪਹਿਲਾ ਸਥਾਨ ਹਾਸਿਲ ਕਰਕੇ ਕਾਲਜ ਦੇ ਮਾਣ ਵਿੱਚ ਵਾਧਾ ਕੀਤਾ ਦੂਜੇ ਸਥਾਨ ਰਹਿ ਕੇ ਤੇ ਅੰਮ੍ਰਿਤਪਾਲ ਕੌਰ 78% ਅੰਕਾਂ ਨਾਲ ਦੂਜੇ ਸਥਾਨ ਤੇ ਰਹੀ ਤੇ ਤੀਜੇ ਸਥਾਨ ਤੇ ਪ੍ਰਿਅੰਕਾ ਨੇ 72% ਅੰਕਾਂ ਨਾਲ ਕਬਜਾ ਕੀਤਾ। ਪ੍ਰਿੰਸੀਪਲ ਡਾ.ਪ੍ਰੈਟੀ ਸੋਢੀ ਨੇ ਵਿਦਿਆਰਥੀਆਂ ਤੇ ਮਾਪਿਆਂ ਨਾਲ ਨਾਲ ਕੰਪਿਊਟਰ ਵਿਭਾਗ ਦੇ ਸਾਰੇ ਪ੍ਰੋਫੈਸਰਾਂ ਨੂੰ ਵਧਾਈ ਦਿੱਤੀ ।

# ਘੋੜੇਵਾਹਾ ਸਬ-ਸੈਂਟਰ ਵਿਖੇ ਲਗਾਇਆ ਮੈਡੀਕਲ ਜਾਂਚ ਕੈਂਪ



**ਅੱਡਾ ਸਰਾਂ (ਕਾਜਲ )**- ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਸਿਵਲ ਸਰਜਨ ਹੁਸ਼ਿਆਰਪੁਰ ਦੇ ਦਿਸ਼ਾ-ਨਿਰਦੇਸਾਂ ਤਹਿਤ ਸੂਬਾ ਸਰਕਾਰ ਵੱਲੋਂ ਪਿੰਡ ਘੋੜੇਵਾਹਾ ਦੇ ਸਬ ਸੈਂਟਰ ਵਿਖੇ ਸਿਹਤ ਜਾਂਚ ਕੈਂਪ ਲਾਇਆ ਗਿਆ। ਐੱਸ.ਐੱਮ.ਓ ਟਾਂਡਾ ਡਾ.ਕਰਨ ਕੁਮਾਰ ਸੈਣੀ ਦੀ ਅਗਵਾਈ ਹੇਠ ਲਗਾਏ ਗਏ ਕੈਂਪ ਦੌਰਾਨ ਸਿਹਤ ਵਿਭਾਗ ਦੀ ਟੀਮ ਨੇ ਲੋਕਾਂ ਦੀ ਜਾਂਚ ਕੀਤੀ ਅਤੇ ਲੋੜਵੰਦ ਮਰੀਜਾਂ ਨੂੰ ਮੁਫਤ ਦਵਾਈਆਂ ਦਿੱਤੀਆਂ . ਇਸ ਦੌਰਾਨ ਡਾ. ਸੈਣੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਿਹਤਰ ਸਿਹਤ ਸਹੂਲਤਾਂ ਲਈ ਲੋਕਾਂ ਦੇ ਘਰਾਂ ਨੇੜੇ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ।

ਇਸ ਦੇ ਨਾਲ ਹੀ ਸਿਹਤ ਵਿਭਾਗ ਦੀਆਂ ਟੀਮਾਂ ਲਗਾਤਾਰ ਵੱਖ-ਵੱਖ ਪਿੰਡਾਂ ਵਿਚ ਪਹੁੰਚ ਕੇ ਸਿਹਤ ਜਾਂਚ ਕੈਂਪਾਂ ਰਾਹੀਂ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੀਆਂ ਹਨ। ਇਸ ਦੌਰਾਨ ਡਾ.ਕਰਨ ਸਿੰਘ ਵਿਰਕ ਅਵਤਾਰ ਸਿੰਘ ਬੀ. ਈ.ਈ, ਸਵਿੰਦਰ ਸਿੰਘ, ਗੁਰਜੀਤ ਸਿੰਘ, ਹਰਜਿੰਦਰ ਸਿੰਘ, ਕੁਲਵਿੰਦਰ ਕੌਰ, ਹਰਮਨਦੀਪ ਕੌਰ, ਰਾਜਵਿੰਦਰ ਕੌਰ ਤੇ ਹੋਰ ਵੀ ਮੈਂਬਰ ਹਾਜਰ ਸਨ।

# ਲਾਇਲਪੁਰ ਖ਼ਾਲਸਾ ਕਾਲਜ ਵਿਖੇ 'ਨੈਸ਼ਨਲ ਸਾਇੰਸ ਡੇ' ਮਨਾਇਆ



**ਜਲੰਧਰ: (ਸ਼ੈਲੀ ਐਲਬਰਟ)**-: ਲਾਇਲਪੁਰ ਖ਼ਾਲਸਾ ਕਾਲਜ ਦੇ ਸਾਇੰਸਜ਼ ਵਿਭਾਗਾਂ ਦੁਆਰਾ 'ਪੰਜਾਬ ਸਟੇਟ ਕਾਂਉਸਿਲ ਫਾਰ ਸਾਇੰਸ ਐਂਡ ਟੈਕਨਾਲੋਜੀ' ਦੇ ਸਹਿਯੋਗ ਨਾਲ 'ਨੈਸ਼ਨਲ ਸਾਇੰਸ ਡੇ' ਮਨਾਇਆ ਗਿਆ । ਜਿਸਦਾ ਵਿਸ਼ਾ ਸੀ: 'ਗਲੋਬਲ ਸਾਇੰਸ ਫਾਰ ਗਲੋਬਲ ਵੈੱਲ ਬੀਇੰਗ'। ਸਮਾਗਮ ਵਿੱਚ ਮੁੱਖ ਮਹਿਮਾਨ ਤੇ ਮੁੱਖ ਵਕਤਾ ਵਜੋਂ ਡਾ. ਪਲਵਿੰਦਰ ਸਿੰਘ ਪ੍ਰੋਫੈਸਰ ਕਮਿਸਟਰੀ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਸ਼ਾਮਲ ਹੋਏ । ਉਨ੍ਹਾਂ ਦਾ ਸੁਆਗਤ ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਅਤੇ ਸਾਇੰਸਿਜ਼ ਵਿਭਾਗਾਂ ਦੇ ਮੁਖੀ ਸਾਹਿਬਾਨ ਦੁਆਰਾ ਗੁਲਦਸਤੇ ਦੇ ਕੇ ਕੀਤਾ ਗਿਆ । ਇਸ ਮੌਕੇ ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਨੇ ਸਮੂਹ ਅਧਿਆਪਕ ਸਾਹਿਬਾਨ ਤੇ ਵਿਦਿਆਰਥੀਆਂ ਨੂੰ ਸਾਇੰਸ ਦਿਵਸ ਦੀ ਵਧਾਈ ਦਿੱਤੀ ਅਤੇ ਸਾਇੰਸ ਦੇ ਮਨੁੱਖੀ ਜੀਵਨ ਵਿੱਚ ਮਹੱਤਵ ਬਾਰੇ ਆਪਣੇ ਵਿਚਾਰ ਪ੍ਰਸਤੁਤ ਕੀਤੇ । ਉਹਨਾਂ ਕਿਹਾ ਕਿ ਵਿਗਿਆਨ ਦੇ ਸਦਕਾ ਹੀ ਅਜੋਕਾ ਵਿਸ਼ਵ ਵਿਕਸਿਤ ਦਿਖ ਰਿਹਾ ਹੈ। ਉਹਨਾਂ ਕਿਹਾ ਕਿ ਵਿਦਿਆਰਥੀ ਨੂੰ ਵਿਗਿਆਨ ਦੇ ਖੇਤਰ ਵਿੱਚ ਖੋਜ ਤੇ ਅਧਿਐਨ ਵੱਲ ਰੁਚਿਤ ਹੁੰਦੇ ਹੋਏ ਵਿਗਿਆਨਕ ਨਜ਼ਰੀਏ ਨਾਲ ਜੀਵਨ ਵਿੱਚ ਵਿਚਰਨਾ ਚਾਹੀਦਾ ਹੈ। ਇਸ ਮੌਕੇ ਮੁੱਖ ਮਹਿਮਾਨ ਤੇ ਮੁੱਖ ਵਕਤਾ ਪ੍ਰੋ. ਪਲਵਿੰਦਰ ਸਿੰਘ ਨੇ ਸਾਇੰਸ ਦਿਵਸ ਮਨਾਉਣ ਦੀ ਮਹੱਤਤਾ ਸੰਬੰਧੀ ਵਿਚਾਰ ਪ੍ਰਗਟ ਕਰਦਿਆਂ ਸਾਇੰਸ ਦੇ ਮਨੁੱਖੀ ਸਰੋਕਾਰਾਂ ਸੰਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ । ਉਹਨਾਂ ਕਿਹਾ ਕਿ ਵਿਗਿਆਨ ਦਾ ਮੁੱਖ ਮੰਤਵ ਵਿਸ਼ਵ ਦੇ ਚੰਗੇ ਜੀਵਨ ਪ੍ਰਬੰਧ ਨੂੰ ਹੋਰ ਚੰਗੇਰਾ ਬਣਾਉਣਾ ਹੋਣਾ ਚਾਹੀਦਾ ਹੈ। ਇਹ ਮਨੁੱਖੀ ਵਿਕਾਸ ਲਈ ਹੋਣਾ ਚਾਹੀਦਾ ਹੈ ਨਾਂ ਕਿ ਵਿਨਾਸ਼ ਲਈ। ਸਮਾਗਮ ਵਿੱਚ ਵੱਖ ਵੱਖ ਕਾਲਜਾਂ ਦੇ 120 ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਵਿਦਿਆਥੀਆਂ ਵਿਚਕਾਰ ਅੰਤਰ ਕਾਲਜ ਕੁਇਜ਼ ਪਾਵਰ ਪੁਆਇੰਟ ਪ੍ਰਜੈਟੇਸ਼ਨ, ਰੰਗੋਲੀ, ਡਿਬੇਟ ਤੇ ਪੋਸਟਰ ਪ੍ਰੈਜ਼ੇਂਟੇਸ਼ਨ ਮੁਕਾਬਲੇ ਵੀ ਕਰਵਾਏ ਗਏ ਜਿਸ ਵਿੱਚ ਡਿਬੇਟ ਵਿਚ ਪਹਿਲਾ ਸਥਾਨ ਨਵਦੀਪ ਤੇ ਤਨੂੰ ਸੀ.ਟੀ ਇੰਸਟੀਚਿਊਟ ਸ਼ਾਹਪੁਰ, ਦੂਜਾ ਸਥਾਨ: ਮਾਨਸੀ ਭੱਟ ਤੇ ਤਨੂੰਜਾ ਵਰਮਾ ਸਰਕਾਰੀ ਐਜੂਕੇਸ਼ਨ ਕਾਲਜ ਜਲੰਧਰ, ਤੀਜਾ ਸਥਾਨ: ਜਸਕਿਰਨ ਸਿੰਘ ਐਲਕੀਸੀ ਤੇ ਅਮਨ ਠਾਕੁਰ ਦੁਆਬਾ ਕਾਲਜ ਜਲੰਧਰ, ਰੰਗੋਲੀ ਵਿਚ ਪਹਿਲਾ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ, ਦੂਜਾ ਸਥਾਨ ਡੀ.ਏ.ਵੀ ਕਾਲਜ ਜਲੰਧਰ, ਤੀਜਾ ਸਥਾਨ ਖਾਲਸਾ ਕਾਲਜ ਆਫ ਐਜੂਕੇਸ਼ਨ ਜਲੰਧਰ.ਪੀ.ਪੀ.ਟੀ:- ਪਹਿਲਾ ਸਥਾਨ, ਕੇ.ਐਮ.ਵੀ. ਜਲੰਧਰ ਦੂਜਾ ਸਥਾਨ, ਡੀ.ਏ.ਵੀ. ਜਲੰਧਰ, ਅਤੇ ਤੀਜਾ ਸਥਾਨ ਐਮ.ਜੀ.ਐਨ. ਕਾਲਜ ਆਫ ਐਜੂਕੇਸ਼ਨ ਕੁਇਜ਼: ਪਹਿਲਾ ਸਥਾਨ ਦੋਆਬਾ ਕਾਲਜ ਜਲੰਧਰ, ਦੂਜਾ ਸਥਾਨ ਸਰਕਾਰੀ ਕਾਲਜ ਆਫ ਐਜੂਕੇਸ਼ਨ ਜਲੰਧਰ , ਤੀਜਾ ਸਥਾਨ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਪੋਸਟਰ ਮੈਕਿੰਗ: ਪਹਿਲਾ ਸਥਾਨ ਦੋਆਬਾ ਕਾਲਜ ਜਲੰਧਰ ਦੂਜਾ ਸਥਾਨ ਦੋਆਬਾ ਕਾਲਜ ਜਲੰਧਰ ਅਤੇ ਤੀਜਾ ਸਥਾਨ ਐਮ.ਜੀ.ਐਨ. ਕਾਲਜ ਆਫ ਐਜੂਕੇਸ਼ਨੇ ਪ੍ਰਾਪਤ ਕੀਤਾ।।

ਸਮਾਗਮ ਦੇ ਅੰਤ ਵਿੱਚ ਡਾ. ਨਰਵੀਰ ਸਿੰਘ ਕਨਵੀਨਰ ਤੇ ਮੁਖੀ ਫ਼ਿਜਿਕਸ ਵਿਭਾਗ ਨੇ ਮੁੱਖ ਮਹਿਮਾਨ, ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਡਾ. ਗੀਤਾਂਜਲੀ ਕੌਸ਼ਲ ਅਤੇ ਡਾ. ਅਮਨਪ੍ਰੀਤ ਕੌਰ ਸੰਧੂ ਨੇ ਕੀਤਾ। ਇਸ ਮੌਕੇ ਡਾ. ਰਜਨੀਸ਼ ਮੋਦਗਿਲ ਮੁਖੀ ਕਮਿਸਟਰੀ ਵਿਭਾਗ, ਪ੍ਰੋ. ਜਸਵਿੰਦਰ ਕੌਰ ਮੁਖੀ ਜ਼ੋਆਲੌਜੀ ਤੇ ਬੋਟਨੀ ਵਿਭਾਗ, ਹਰਜੀਤ ਸਿੰਘ ਮੁਖੀ ਗਣਿਤ ਵਿਭਾਗ, ਪ੍ਰੋ. ਗਗਨਦੀਪ ਕੌਰ, ਪ੍ਰੋ. ਨਵਨੀਤ ਅਰੋੜਾ, ਪ੍ਰੋ. ਵਿਕਾਸ ਕੁਮਾਰ, ਪ੍ਰੋ. ਅਮ੍ਰਿਤਪਾਲ ਸਿੰਘ, ਪ੍ਰੋ. ਰੰਜੂ ਮਹਾਜਨ, ਪ੍ਰੋ. ਰਵਨੀਤ ਕੌਰ, ਪ੍ਰੋ. ਮਨਦੀਪ ਕੌਰ, ਪ੍ਰੋ. ਉਪਮਾ ਅਰੋੜਾ, ਪ੍ਰੋ. ਹਰਸ਼ਵੀਰ ਅਰੋੜਾ, ਪ੍ਰੋ. ਹਰਜਿੰਦਰ ਕੌਰ, ਪ੍ਰੋ. ਸਰਬਜੀਤ ਸਿੰਘ ਅਤੇ ਪ੍ਰੋ. ਹੇਮਿੰਦਰ ਸਿੰਘ ਹਾਜ਼ਰ ਸਨ ।

# ਬੇਮੌਸਮੀ ਬਰਸਾਤ ਨਾਲ ਹੋਏ ਨੁਕਸਾਨ ਦੀ ਭਰਪਾਈ ਕਰੇਗੀ ਸਰਕਾਰ : ਮਾਨ



**ਫਗਵਾੜਾ ( ਡਾ. ਰਮਨ )** ਸੂਬੇ ਦੀ ਭਗਵੰਤ ਮਾਨ ਸਰਕਾਰ ਬੇਮੌਸਮੀ ਬਰਸਾਤ ਕਾਰਨ ਕਿਸਾਨਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦਾ ਬਣਦਾ ਮੁਆਵਜ਼ਾ ਦੇਣ ਲਈ ਵਚਨਬੱਧ ਹੈ। ਇਹ ਜਾਣਕਾਰੀ ਆਮ ਆਦਮੀ ਪਾਰਟੀ ਵਿਧਾਨਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਸਥਾਨਕ ਐੱਸ.ਡੀ.ਐੱਮ. ਸੰਜੀਵ ਸ਼ਰਮਾ, ਨਾਇਬ ਤਹਿਸੀਲਦਾਰ ਪਵਨ ਕੁਮਾਰ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਹਲਕੇ ਦੇ ਪੇਂਡੂ ਖੇਤਰਾਂ ਵਿੱਚ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਗਿਰਦਾਵਰੀ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ ਅਤੇ ਜਲਦੀ ਹੀ ਪ੍ਰਸ਼ਾਸਨ ਵੱਲੋਂ ਰਿਪੋਰਟ ਤਿਆਰ ਕਰਕੇ ਸਰਕਾਰ ਨੂੰ ਭੇਜ ਦਿੱਤੀ ਜਾਵੇਗੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸਬਰ ਰੱਖਣ ਅਤੇ ਉਨ੍ਹਾਂ ਦੇ ਹੋਏ ਨੁਕਸਾਨ ਦੀ ਜਾਇਜ ਭਰਪਾਈ ਕੀਤੀ ਜਾਵੇਗੀ। ਇਸ ਦੌਰਾਨ ਸੁਖਬੀਰ ਬਾਦਲ ਵੱਲੋਂ ਪੰਜਾਹ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦੇਣ ਦੀ ਕੀਤੀ ਮੰਗ ਦਾ ਜਵਾਬ ਦਿੰਦਿਆਂ ਉਨ੍ਹਾਂ ਵਿਅੰਗ ਕੀਤਾ ਕਿ ਉਹ 10 ਸਾਲ ਸੂਬੇ ਦੀ ਸੱਤਾ 'ਚ ਰਹੇ, ਇਸ ਲਈ ਦੱਸਣ ਕਿ ਉਦੋਂ ਕਿਸਾਨਾਂ ਨੂੰ ਕਿੰਨਾ ਮੁਆਵਜ਼ਾ ਦਿੱਤਾ ਸੀ। ਮਾਨ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਹਮੇਸ਼ਾ ਹੀ ਕਿਸਾਨਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ। ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਲਈ ਅੰਦੋਲਨ ਦੌਰਾਨ ਵੀ ਕਿਸਾਨਾਂ ਨੂੰ ਗੁੰਮਰਾਹ ਕਰਨ ਵਿੱਚ ਬਾਦਲ ਪਰਿਵਾਰ ਨੇ ਕੋਈ ਕਸਰ ਨਹੀਂ ਛੱਡੀ ਅਤੇ ਹੁਣ ਫਿਰ ਉਹ ਘਟੀਆ ਰਾਜਨੀਤੀ ਕਰ ਰਹੇ ਹਨ ਪਰ ਕਿਸਾਨ ਇਨ੍ਹਾਂ ਤੋਂ ਗੁੰਮਰਾਹ ਨਹੀਂ ਹੋਣਗੇ।

# ਮੁੱਖ ਮੰਤਰੀ ਵੱਲੋਂ ਤਨਖਾਹ ਅਨਾਮਲੀ ਤੇ ਜਲਦ ਹੀ ਰੈਗੂਲਰ ਦੇ ਆਰਡਰ ਦੇਣ ਦਾ ਭਰੋਸਾ



**ਜਲੰਧਰ ( ਰਾਜੇਸ਼ ਥਾਪਾ, ਸ਼ੈਲੀ ਅਲਬਰਟ )** ਸਰਵ ਸਿੱਖਿਆ ਅਭਿਆਨ ਦਫਤਰੀ ਕਰਮਚਾਰੀਆਂ ਦੇ ਵਫਦ ਵਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕੀਤੀ ਗਈ, ਜਿਸ ਦੌਰਾਨ ਮੁਲਾਜ਼ਮ ਆਗੂਆਂ ਵੱਲੋਂ ਰੈਗੂਲਰ ਦੇ ਆਰਡਰ ਜ਼ਾਰੀ ਕਰਨ ਅਤੇ ਦਫਤਰੀ ਮੁਲਾਜ਼ਮਾਂ ਦੀ 5000 ਰੁਪਏ ਪ੍ਰਤੀ ਮਹੀਨਾ ਚੱਲ ਰਹੀ ਤਨਖਾਹ ਅਨਾਮਲੀ ਸਬੰਧੀ ਗੱਲਬਾਤ ਕੀਤੀ ਗਈ। ਮੁੱਖ ਮੰਤਰੀ ਵੱਲੋਂ 5 ਸਤੰਬਰ 2022 ਨੂੰ ਸਿੱਖਿਆ ਵਿਭਾਗ ਦੇ 8736 ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਐਲਾਨ ਕੀਤਾ ਸੀ ਜਿਸ ਦਾ ਸਰਕਾਰ ਵੱਲੋਂ 7 ਅਕਤੂਬਰ 2022 ਨੂੰ ਨੋਟੀਫਿਕੇਸ਼ਨ ਵੀ ਜ਼ਾਰੀ ਕਰ ਦਿੱਤਾ ਗਿਆ ਸੀ ਪਰ ਅੱਜ ਤੱਕ ਮੁਲਾਜ਼ਮਾਂ ਨੂੰ ਰੈਗੂਲਰ ਆਰਡਰ ਨਹੀ ਮਿਲੇ ਜਿਸ ਸਬੰਧੀ ਮੁਲਾਜ਼ਮ ਲਗਾਤਾਰ ਮੰਤਰੀਆ ਤੇ ਵਿਧਾਇਕਾਂ ਨੂੰ ਵਾਅਦਾ ਯਾਦ ਕਰਵਾ ਰਹੇ ਸਨ ਅਤੇ ਅੱਜ ਮੁਲਾਜ਼ਮਾਂ ਦੇ ਵਫਦ ਨੇ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ। ਪ੍ਰੈਸ ਬਿਆਨ ਜ਼ਾਰੀ ਕਰਦੇ ਹੋਏ ਮੁਲਾਜ਼ਮ ਆਗੂ ਸ਼ੋਭਿਤ ਭਗਤ, ਮੋਹਿਤ ਸ਼ਰਮਾ, ਰਵੀ ਵਿਰਦੀ ਅਤੇ ਗਗਨਦੀਪ ਸ਼ਰਮਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬੜੇ ਧਿਆਨ ਨਾਲ ਮੁਲਾਜ਼ਮਾਂ ਦੀਆ ਮੰਗਾਂ ਨੂੰ ਸੁਣਿਆ ਅਤੇ ਉਨ੍ਹਾਂ ਨੇ ਭਰੋਸਾ ਦਿੱਤਾ ਹੈ ਕਿ 8736 ਮੁਲਾਜ਼ਮਾਂ ਦੇ ਰੈਗੂਲਰ ਦਾ ਮਸਲਾ ਉਨ੍ਹਾਂ ਦੇ ਧਿਆਨ ਵਿਚ ਹੈ ਅਤੇ ਜਲਦ ਹੀ ਆਰਡਰ ਦਿੱਤੇ ਜਾਣਗੇ ਅਤੇ ਮੁਲਾਜ਼ਮਾਂ ਦੀ ਤਨਖਾਹ ਅਨਾਮਲੀ ਸਬੰਧੀ ਆਪਣੇ ਸਲਾਹਕਾਰ ਨੂੰ ਮੌਕੇ 'ਤੇ ਡੀ. ਜੀ. ਐਸ. ਈ ਸਿੱਖਿਆ ਵਿਭਾਗ ਨਾਲ ਰਾਬਤਾ ਕਾਇਮ ਕਰਕੇ ਹੱਲ ਕਰਵਾਉਣ ਦਾ ਭਰੋਸਾ ਦਿੱਤਾ।

# ਰਜਿੰਦਰ ਮੋਦਗਿਲ ਭਾਰਤ ਵਿਕਾਸ ਪਰਿਸ਼ਦ ਦੇ ਪ੍ਰਧਾਨ ਨਿਯੁਕਤ

**ਹੁਸ਼ਿਆਰਪੁਰ,, (ਬਲਵੀਰ ਸਿੰਘ ਸੈਣੀ)**—ਭਾਰਤ ਵਿਕਾਸ ਪਰਿਸ਼ਦ ਹੁਸ਼ਿਆਰਪੁਰ ਦੀ ਵਿਸ਼ੇਸ਼ ਚੋਣ ਬੈਠਕ ਪ੍ਰਧਾਨ ਸੰਜੀਵ ਅਰੋੜਾ ਦੀ ਪ੍ਰਧਾਨਗੀ ਵਿੱਚ ਹੁਸ਼ਿਆਰਪੁਰ ਦੇ ਇਕ ਨਿੱਜੀ ਹੋਟਲ ਵਿਚ ਹੋਈ ਜਿਸ ਵਿੱਚ ਪ੍ਰਦੇਸ਼ ਤੋਂ ਪ੍ਰੋ: ਐਸ.ਐਮ. ਸ਼ਰਮਾ ਬਤੌਰ ਚੋਣ ਅਬਜ਼ਰਵਰ ਸ਼ਾਮਿਲ ਹੋਏ। ਸਭ ਤੋਂ ਪਹਿਲਾਂ ਜੋਤੀ ਜਲਾ ਕੇ ਅਤੇ ਵੰਦੇ ਮਾਤਰਮ ਤੋਂ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਇਸ ਉਪਰੰਤ ਪ੍ਰਧਾਨ ਸੰਜੀਵ ਅਰੋੜਾ ਨੇ ਮੁਖ ਮਹਿਮਾਨ ਪ੍ਰੋ: ਐਸ.ਐਮ. ਸ਼ਰਮਾ ਦੀ ਜਾਨ-ਪਹਿਚਾਨ ਕਰਵਾਈ ਅਤੇ ਆਏ ਹੋਏ ਪਤਵੰਤਿਆਂ ਦਾ ਸਵਾਗਤ ਕੀਤਾ। ਇਸ ਮੌਕੇ ਤੇ ਸਕੱਤਰ ਰਜਿੰਦਰ ਮੋਦਗਿਲ ਨੇ ਉਥੇ ਮੌਜੂਦ ਸਭ ਨੂੰ ਭਾਰਤ ਵਿਕਾਸ ਪਰਿਸ਼ਦ ਵਲੋਂ ਕਰਵਾਏ ਗਏ ਅਤੇ ਅਗਲੇ ਸਾਲ ਵਿੱਚ ਕਰਵਾਏ ਜਾਣ ਵਾਲੇ ਪ੍ਰੋਜੈਕਟਾਂ ਦੀ ਜਾਣਕਾਰੀ ਦਿੱਤੀ। ਇਸ ਮੌਕੇ ਤੇ ਪ੍ਰੋ: ਐਸ.ਐਮ.ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਉਨ੍ਹਾਂ ਨੂੰ ਭਾਰਤ ਵਿਕਾਸ ਪਰਿਸ਼ਦ ਦੇ ਰਾਸ਼ਟਰੀ ਅਤੇ ਪ੍ਰਦੇਸ਼ ਪੱਧਰ ਤੇ ਕਰਵਾਏ ਜਾਣ ਵਾਲੇ ਪ੍ਰੋਜੈਕਟਾਂ ਦੇ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਸੰਪਰਕ, ਸਹਿਯੋਗ, ਸੰਸਕਾਰ, ਸੇਵਾ ਅਤੇ ਸਮਰਪਣ ਦੀ ਭਾਵਨਾ ਤੇ ਅਮਲ ਕਰਨ ਲਈ ਕਿਹਾ। ਇਸ ਮੌਕੇ ਤੇ ਸਰਬ-ਸੰਮਤੀ ਨਾਲ ਰਜਿੰਦਰ ਮੋਦਗਿਲ ਨੂੰ ਪ੍ਰਧਾਨ, ਐਚ.ਕੇ. ਨਕੜਾ ਨੂੰ ਸਕੱਤਰ, ਵਿਨੋਦ ਪਸਾਨ ਨੂੰ ਵਿੱਤ ਸਕੱਤਰ ਨਿਯੁਕਤ ਕੀਤਾ। ਇਸ ਮੌਕੇ ਤੇ ਪ੍ਰੋ:ਐਸ.ਐਮ. ਸ਼ਰਮਾ ਅਤੇ ਹੋਰ ਪਤਵੰਤਿਆਂ ਨੇ ਚੁਣੇ ਹੋਏ ਅਹੁੱਦੇਦਾਰਾਂ ਨੂੰ ਵਧਾਈ ਦਿੰਦੇ ਹੋਏ ਗਲੇ ਵਿੱਚ ਫੁਲਾਂ ਦੀ ਮਾਲਾ ਪਾ ਕੇ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ 'ਤੇ ਪ੍ਰਧਾਨ ਰਜਿੰਦਰ ਮੋਦਗਿਲ ਨੇ ਕਿਹਾ ਕਿ ਉਨ੍ਹਾਂ ਨੂੰ ਜੋ ਜ਼ਿੰਮੇਦਾਰੀ ਸੌਂਪੀ ਗਈ ਹੈ ਉਸ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਪੂਰੀ ਟੀਮ ਨੂੰ ਨਾਲ ਲੈ ਕੇ ਸਾਰਿਆਂ ਦੇ ਸਹਿਯੋਗ ਨਾਲ ਸਮਾਜ ਭਲਾਈ ਦੇ ਕੰਮ ਕਰਨਗੇ। ਇਸ ਮੌਕੇ 'ਤੇ ਇੰਜੀ:ਡੀ.ਪੀ.ਸੋਨੀ, ਗੁਰਦੀਪ ਸਿੰਘ, ਗੁਰਪ੍ਰੀਤ ਸਿੰਘ, ਰਮਨ ਬਬਰ, ਅਮਿਤ ਨਾਗਪਾਲ, ਨਵੀਨ ਕੋਹਲੀ, ਦਵਿੰਦਰ ਅਰੋੜਾ, ਕਰਨਲ ਲਲਿਤ ਵਿਗ, ਤਰਸੇਮ ਮੋਦਗਿਲ, ਵਿਜੇ ਅਰੋੜਾ, ਕੁਲਵੰਤ ਸਿੰਘ ਪਸਰੀਚਾ, ਰਾਜਕੁਮਾਰ ਮਲਿਕ, ਰਮੇਸ਼ ਚੰਦਰ ਅਗਰਵਾਲ, ਵਿਕਾਸ ਸਿੰਗਲਾ, ਦੜੌਚ ਆਦਿ ਮੌਜੂਦ ਸਨ।



## ਐੱਲ ਪੀ ਯੂ 'ਚ ਐਜੂਕੇਸ਼ਨ ਪ੍ਰੋਗਰਾਮ ਦੇ 90% ਵਿਦਿਆਰਥੀਆਂ ਨੇ ਸੀਟੀਈਟੀ ਯੋਗਤਾ ਟੈਸਟ ਪਾਸ ਕੀਤਾ



**ਜਲੰਧਰ : (ਸ਼ੈਲੀ ਐਲਬਰਟ)**-: ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਸਕੂਲ ਆਫ਼ ਐਜੂਕੇਸ਼ਨ ਦੇ 54 ਵਿਦਿਆਰਥੀਆਂ ਨੇ ਇੱਕ ਵਾਰ ਫਿਰ ਕੇਂਦਰੀ ਅਧਿਆਪਕ ਯੋਗਤਾ ਪ੍ਰੀਖਿਆ (ਸੀ.ਟੀ.ਈ.ਟੀ.) ਵਿੱਚ ਸ਼ਾਨਦਾਰ ਸਫ਼ਲਤਾ ਹਾਸਲ ਕੀਤੀ ਹੈ। ਦਸੰਬਰ-2022 ਦੀ ਪ੍ਰੀਖਿਆ ਵਿੱਚ ਹਾਜ਼ਰ ਹੋਏ ਇੰਨਾਂ ਵਿਦਿਆਰਥੀਆਂ ਦੀ ਯੋਗਤਾ ਪ੍ਰਤੀਸ਼ਤਤਾ ਰਾਸ਼ਟਰੀ ਪੱਧਰ ਤੇ ਬਹੁਤ ਹੀ ਘੱਟ 29.46 ਦੇ ਮੁਕਾਬਲੇ ਕਿਤੇ ਸ਼ਾਨਦਾਰ 90% ਹੈ ।ਐਲਪੀਯੂ ਦੇ ਲਗਭਗ ਸਾਰੇ ਵਿਦਿਆਰਥੀਆਂ ਨੇ ਆਪਣੀ ਪਹਿਲੀ ਕੋਸ਼ਿਸ਼ ਵਿੱਚ ਹੀ ਕਠਿਨ ਮੰਨੇ ਜਾਣ ਵਾਲੇ ਟੈਸਟ ਨੂੰ ਪਾਰ ਕਰ ਲਿਆ । ਇਸ ਤੋਂ ਇਲਾਵਾ ਉਨ੍ਹਾਂ ਦਾ ਮੌਜੂਦਾ ਸਾਲ-2023 ਵਿੱਚ ਪਾਸ ਆਊਟ ਹੋਣਾ ਬਾਕੀ ਹੈ। ਸੀਟੀਈਟੀ ਸਿਲੇਬਸ ਲਈ ਮੈਪ ਕੀਤੇ ਕੋਰਸਾਂ ਤੇ ਵਿਸ਼ੇਸ਼ ਧਿਆਨ ਕੇਂਦ੍ਰਤ ਕਰਦੇ ਹੋਏ, ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨੂੰ ਪੂਰੀ ਤਰ੍ਹਾਂ ਮਾਰਗਦਰਸ਼ਨ ਪ੍ਰਦਾਨ ਕੀਤਾ ਜਾਂਦਾ ਹੈ । ਇਸ ਵੱਲ ਤਿਆਰੀ ਨੂੰ ਨਕਲੀ (ਮੌਕ) ਪ੍ਰਵੇਸ਼ ਪ੍ਰੀਖਿਆ ਦੇ ਮੁਲਾਂਕਣ ਪੈਟਰਨ ਨਾਲ ਵੀ ਜੋੜਿਆ ਗਿਆ ਹੈ । ਸ਼ਾਨਦਾਰ ਨਤੀਜਿਆਂ ਵਾਲੇ ਸਫਲ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ, ਪ੍ਰੋ ਚਾਂਸਲਰ ਸ਼੍ਰੀਮਤੀ ਰਸ਼ਮੀ ਮਿੱਤਲ ਨੇ ਦੱਸਿਆ ਕਿ ਐਲਪੀਯੂ ਦੇ ਸਿੱਖਿਆ ਪ੍ਰੋਗਰਾਮ 21ਵੀਂ ਸਦੀ ਦੇ ਲੋੜੀਂਦੇ ਤਕਨੀਕੀ ਹੁਨਰਾਂ ਦੇ ਅਨੁਸਾਰ ਅਧਿਆਪਕਾਂ ਨੂੰ ਤਿਆਰ ਕਰਨਾ ਹੈ । ਸਕੂਲ ਦੇ ਮਿਹਨਤੀ ਫੈਕਲਟੀ ਮੈਂਬਰਾਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ, ਸ਼੍ਰੀਮਤੀ ਮਿੱਤਲ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਪ੍ਰੋਫੈਸ਼ਨਲ ਜੀਵਨ ਵਿੱਚ ਹੋਰ ਸ਼ਾਨਦਾਰ ਸਫਲਤਾਵਾਂ ਲਈ ਸ਼ੁੱਭਕਾਮਨਾਵਾਂ ਵੀ ਦਿੱਤੀਆਂ।

29-March-PAGE- 9.qxd 3/28/2023 10:16 PM Page 1



# ਨੰਬਰਦਾਰ ਯੂਨੀਅਨ ਦੇ ਸਥਾਪਨਾ ਦਿਵਸ 'ਤੇ ਸੂਬਾ ਪ੍ਰਧਾਨ ਕਿੱਲੀ ਨੇ ਝੰਡਾ ਲਹਿਰਾਇਆ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)** - ਪੰਜਾਬ ਦੀ ਪੁਰਾਤਨ ਜਥੇਬੰਦੀ ਪੰਜਾਬ ਨੰਬਰਦਾਰ ਯੂਨੀਅਨ 643 ਰਜਿ: ਦੇ ਬਾਨੀ ਸਵਰਗੀ ਮਾਸਟਰ ਸਰੂਪ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਅਤੇ ਨੰਬਰਦਾਰਾਂ 'ਚ ਏਕਤਾ, ਅਣਖ ਅਤੇ ਭਾਈਚਾਰਕ ਸਾਂਝ ਨੂੰ ਮਜਬੂਤੀ ਨਾਲ ਬਣਾਈ ਰੱਖਣ ਦਾ ਸੁਨੇਹਾ ਦੇਣ ਲਈ ਹਰ ਸਾਲ ਯੂਨੀਅਨ ਦਾ ਸਥਾਪਨਾ ਦਿਵਸ ਝੰਡਾ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਜ਼ਿਲ੍ਹਾ ਹੈੱਡ ਆਫਿਸ ਤਹਿਸੀਲ ਕੰਪਲੈਕਸ ਨੂਰਮਹਿਲ ਵਿਖੇ ਜ਼ਿਲ੍ਹਾ ਪ੍ਰਧਾਨ ਅਤੇ ਸੀਨੀਅਰ ਮੀਤ ਪ੍ਰਧਾਨ ਪੰਜਾਬ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਦੀ ਪ੍ਰਧਾਨਗੀ ਹੇਠ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ ਜਿਸ ਵਿੱਚ ਪੰਜਾਬ ਦੀ ਪੁਰਾਤਨ ਜਥੇਬੰਦੀ ਦੇ ਮੌਜੂਦਾ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਕਿੱਲੀ ਅਤੇ ਜਨਰਲ ਸਕੱਤਰ ਧਰਮਿੰਦਰ ਸਿੰਘ ਖੱਟਰਾਂ ਪੰਜਾਬ ਦੇ ਅਹੁਦੇਦਾਰਾਂ ਸਮੇਤ ਹਾਜਰ ਹੋਏ। ਸਮਾਗਮ ਦੀ ਸ਼ੁਰੂਆਤ ਭਾਰਤ ਦੇ ਮਹਾਨ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਤਸਵੀਰਾਂ ਅੱਗੇ ਜੋਤ ਪ੍ਰਚੰਡ ਕਰਕੇ ਕੀਤੀ ਗਈ ਅਤੇ ਨੰਬਰਦਾਰ ਯੂਨੀਅਨ 643 ਦੇ ਮਸੀਹਾ ਮਾਸਟਰ ਸਰੂਪ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਕੇ ਇੱਕਜੁੱਟ ਰਹਿਣ ਲਈ ਪੰਜਾਬ ਦੇ 35000 ਨੰਬਰਦਾਰਾਂ ਨੂੰ ਉਹਨਾਂ ਦੇ ਦਰਸਾਏ ਮਾਰਗ ਅਨੁਸਾਰ ਚੱਲਣ ਦਾ ਸੁਨੇਹਾ ਦਿੱਤਾ। ਨੰਬਰਦਾਰ ਯੂਨੀਅਨ ਦੇ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਕਿੱਲੀ ਵੱਲੋਂ ਨੂਰਮਹਿਲ ਵਿਖੇ ਠਾਠਾਂ ਮਾਰਦੇ ਇਕੱਠ ਵਿੱਚ ਜਿੱਥੇ ਯੂਨੀਅਨ 643 ਦਾ ਅਸਲ ਝੰਡਾ ਲਹਿਰਾਇਆ। ਇਸ ਸਮਾਗਮ ਵਿੱਚ 50 ਦੇ ਕਰੀਬ ਉਹਨਾਂ ਨੰਬਰਦਾਰਾਂ ਨੂੰ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਨੇ ਲੋਕ ਹਿੱਤਾਂ ਦੇ ਕਾਰਜਾਂ ਵਿੱਚ ਚੰਗਾ-ਚੋਖਾ ਯੋਗਦਾਨ ਪਾਇਆ ਅਤੇ ਹਰ ਔਖੇ ਸੌਖੇ ਵਿੱਚ ਚੱਟਾਨ ਵਾਂਗ ਖੜੇ ਰਹੇ। ਇਨਾਮਾਂ ਦੀ ਵੰਡ ਸੂਬਾ ਜਨਰਲ ਸਕੱਤਰ ਧਰਮਿੰਦਰ ਖੱਟਰਾਂ ਨੇ ਆਪਣੀ ਸੂਬਾ ਕਮੇਟੀ ਜਿਨ੍ਹਾਂ ਵਿੱਚ ਹਰਨੇਕ ਸਿੰਘ ਭਗਤਾ ਸੂਬਾ ਖਜਾਨਚੀ ਬਠਿੰਡਾ, ਬਲੌਰ ਸਿੰਘ ਅਨੁਸ਼ਾਸਨ ਕਮੇਟੀ ਮੈਂਬਰ ਫਰੀਦਕੋਟ, ਮਨਦੀਪ ਸਿੰਘ ਫਰੀਦਕੋਟ ਮੀਤ ਪ੍ਰਧਾਨ ਪੰਜਾਬ, ਬਲੌਰ ਸਿੰਘ ਅਨੁਸਾਸਨ ਕਮੇਟੀ ਮੈਂਬਰ ਫਰੀਦਕੋਟ, ਬਲਵਿੰਦਰ ਸਿੰਘ ਸੂਬਾ ਕਾਰਜਕਾਰੀ ਮੈਂਬਰ, ਸਰਦੂਲ ਸਿੰਘ ਐਗਜੀਕਿਊਟਿਵ ਮੈਂਬਰ ਬਠਿੰਡਾ, ਬਬਲਦੀਪ ਸਿੰਘ ਤਹਿਸੀਲ ਪ੍ਰਧਾਨ ਫਰੀਦਕੋਟ, ਭੁਪਿੰਦਰ ਸਿੰਘ ਜੀਂਦਾ ਬਠਿੰਡਾ, ਅਵਤਾਰ ਸਿੰਘ ਸਰਪੰਚ ਸਮਸਾਬਾਦ ਡਾਇਰੈਕਟਰ ਯੂਨੀਅਨ ਨੇ ਮਿਲ ਕੇ ਕੀਤੀ। ਇਸ ਮੌਕੇ ਦੋ ਮਹਿਲਾ ਨੰਬਰਦਾਰ ਬਲਵਿੰਦਰ ਕੌਰ ਚੱਕ ਸਾਹਬੂ ਅਤੇ ਦਲਜੀਤ ਕੌਰ ਜੰਡਿਆਲਾ ਨੂੰ ਵੀ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ ਗਿਆ। ਫਰੀਦਕੋਟ ਦੇ ਜ਼ਿਲ੍ਹਾ ਪ੍ਰਧਾਨ ਅਤੇ ਮੀਤ ਪ੍ਰਧਾਨ ਪੰਜਾਬ ਸਿਮਰਜੀਤ ਸਿੰਘ ਬਰਾੜ, ਨਾਜਰ ਸਿੰਘ ਜ਼ਿਲ੍ਹਾ ਪ੍ਰਧਾਨ ਮਾਨਸਾ, ਮੁਕਤਸਰ ਦੇ ਸਾਰੇ ਪ੍ਰਮੁੱਖ ਅਹੁਦੇਦਾਰਾਂ ਨੇ ਗੁਲਦਸਤੇ ਭੇਜ ਕੇ ਆਪਣੀਆਂ ਸ਼ੁੱਭਕਾਮਨਾਵਾਂ ਦਾ ਇਜਹਾਰ ਕੀਤਾ। ਦੇਸ਼ ਭਗਤੀ ਦੇ ਰੰਗ ਵਿਚ ਰੰਗੇ ਰਹਿਣ ਲਈ ਤਿਰੰਗਮਈ ਸਲੀਕੇ ਵਿੱਚ ਬਣਿਆ ਕੇਕ ਵੀ ਕੱਟਿਆ ਗਿਆ। ਖਾਣ ਪੀਣ ਦੇ ਪੁਖਤਾ ਇੰਤਜਾਮ ਅਸ਼ੋਕ ਬਬਿਤਾ ਸੰਧੂ ਪੈਟਰੋਲੀਅਮ ਅਤੇ ਲਾਇਨਜ ਕਲੱਬ ਨੂਰਮਹਿਲ ਡ੍ਰੀਮ ਦੀ ਪ੍ਰਧਾਨ ਲਾਇਨ ਸੋਮਿਨਾਂ ਸੰਧੂ ਵੱਲੋਂ ਕੀਤੇ ਗਏ।

## ਮੰਡੀਆਂ 'ਚ ਬਿਜਲੀ ਕੰਡੇ ਰੱਖਣ ਦੀ ਹਦਾਇਤ ਵਾਪਸ ਲਈ ਜਾਵੇ- ਗੁਪਤਾ



ਆੜ੍ਹਤੀ ਆਗੂ ਕਪਿਲ ਕੁਮਾਰ ਗੁਪਤਾ ਗੱਲਬਾਤ ਕਰਦੇ ਹੋਏ ।

**ਸ਼ਾਹਕੋਟ (ਗਿਆਨ ਸੈਦਪੁਰੀ)** ਫੈਡਰੇਸ਼ਨ ਆਫ ਆੜ੍ਹਤੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਅਤੇ ਮਾਰਕੀਟ ਕਮੇਟੀ ਸ਼ਾਹਕੋਟ ਦੇ ਸਾਬਕਾ ਉੱਪ ਚੇਅਰਮੈਨ ਕਪਿਲ ਕੁਮਾਰ ਗੁਪਤਾ ਨੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਅਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਮੰਡੀਆਂ ਵਿੱਚ ਇਲੈਕਟ੍ਰਿਕ ਕੰਡੇ ਰੱਖਣ ਦੀ ਹਦਾਇਤ ਵਾਪਸ ਲਈ ਜਾਵੇ। ਪੰਜਾਬ ਦੇ ਆੜ੍ਹਤੀਆਂ ਵੱਲੋਂ ਫਰਸ਼ੀ ਕੰਡਿਆਂ ਨਾਲ ਵਧੀਆ ਕੰਮ ਚਲਾਇਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਹਾੜੀ ਦਾ ਸੀਜਨ ਸ਼ੁਰੂ ਹੋਣ ਦਾ ਸਮਾਂ ਨੇੜੇ ਆਉਣ ਦੇ ਮੱਦੇਨਜਰ ਪੰਜਾਬ ਮੰਡੀ ਬੋਰਡ ਵੱਲੋਂ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਮੰਡੀਆਂ ਵਿੱਚ ਇਲੈਕਟ੍ਰਿਕ ਕੰਡੇ ਚਾਲੂ ਹਾਲਤ ਵਿੱਚ ਰੱਖੇ ਜਾਣ। ਆੜ੍ਹਤੀਆਂ ਦੇ ਆਗੂ ਕਪਿਲ ਕੁਮਾਰ ਗੁਪਤਾ ਨੇ ਕਿਹਾ ਕਿ ਬਿਜਲਈ ਕੰਡਿਆਂ ਨਾਲ ਪੰਜਾਬ ਦੇ ਆੜ੍ਹਤੀਆਂ ਦੇ ਸਿਰ 400 ਕਰੋੜ ਦਾ ਬੋਝ ਪਵੇਗਾ। ਉਨ੍ਹਾਂ ਕਿਹਾ ਕਿ ਸੀਜਨ ਦੌਰਾਨ ਮੰਡੀਆਂ ਵਿੱਚ ਘਾਹ ਫੂਸ ਅਤੇ ਧੂੜ ਦੇ ਵਾਤਾਵਰਨ ਵਿੱਚ ਬਿਜਲਈ ਕੰਡਿਆਂ ਦੇ ਖਰਾਬ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਗੁਪਤਾ ਨੇ ਕਿਹਾ ਕਿ ਬਿਜਲਈ ਕੰਡਿਆ ਵਾਲਾ ਫੈਸਲਾ ਰੱਦ ਨਾ ਕੀਤਾ ਤਾਂ ਪੰਜਾਬ ਦੇ ਸਮੁੱਚੇ ਆੜ੍ਹਤੀ ਪ੍ਰਧਾਨ ਵਿਜੇ ਕੁਮਾਰ ਕਾਲੜਾ ਦੀ ਅਗਵਾਈ ਵਿੱਚ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

# ਹੁਸ਼ਿਆਰਪੁਰ-ਚਿੰਤਪੁਰਨੀ ਸੜਕ ਲਈ 13.74 ਕਰੋੜ ਰੁਪਏ ਮਨਜ਼ੂਰ



**ਹੁਸ਼ਿਆਰਪੁਰ : (ਓ ਪੀ ਰਾਣਾ )**-ਪੰਜਾਬ ਦੇ ਮਾਲ ਮੰਤਰੀ ਅਤੇ ਹੁਸ਼ਿਆਰਪੁਰ ਦੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਦੀਆਂ ਕੋਸ਼ਿਸ਼ਾਂ ਸਦਕਾ 1 ਅਪ੍ਰੈਲ ਤੋਂ ਜਲੰਧਰ-ਹੁਸ਼ਿਆਰਪੁਰ-ਚਿੰਤਪੁਰਨੀ ਸੜਕ ਦਾ ਕੰਮ ਸ਼ੁਰੂ ਹੋਣ ਦੀਆਂ ਸੰਭਾਵਨਾਵਾਂ ਹਨ। ਸੜਕ ਦੇ ਨਿਰਮਾਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ 13.74 ਕਰੋੜ ਰੁਪਏ ਮਨਜ਼ੂਰ ਕਰ ਦਿੱਤੇ ਹਨ। ਸੜਕ ਦੇ ਨਿਰਮਾਣ ਲਈ ਟੈਂਡਰ ਵੀ ਲੱਗ ਚੁੱਕੇ ਹਨ। ਪੰਜਾਬ ਭਵਨ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਜਿੰਪਾ ਨੇ ਦੱਸਿਆ ਕਿ ਇਸ ਸੜਕ ਦੀ ਬੇਹੱਦ ਖਸਤਾ ਹਾਲਤ ਤੋਂ ਦੋਆਬਾ ਇਲਾਕਾ ਖਾਸ ਤੌਰ 'ਤੇ ਹੁਸ਼ਿਆਰਪੁਰ ਵਾਸੀ ਬਹੁਤ ਦੁਖੀ ਸਨ। ਸੜਕ ਦੀ ਮਾੜੀ ਹਾਲਤ ਕਾਰਨ ਰੋਜਾਨਾ ਹੁੰਦੇ ਹਾਦਸਿਆਂ ਕਾਰਨ ਕਈ ਕੀਮਤੀ ਜਾਨਾਂ ਵੀ ਚਲੇ ਗਈਆਂ ਪਰ ਪਹਿਲਾਂ ਦੀਆਂ ਸਰਕਾਰਾਂ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਅਤੇ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕੀਤਾ। ਸੜਕ ਬਣਾਉਣ ਦੀ ਥਾਂ ਲੋਕਾਂ ਨੂੰ ਰੱਬ ਸਹਾਰੇ ਛੱਡ ਦਿੱਤਾ। ਉਨ੍ਹਾਂ ਦੱਸਿਆ ਕਿ ਇਹ ਸੜਕ ਕਾਫੀ ਅਹਿਮ ਹੈ ਕਿਉਂ ਕਿ ਇਸ ਸੜਕ ਰਾਹੀਂ ਬਹੁਤ ਸਾਰੇ ਸ਼ਰਧਾਲੂ ਮਾਤਾ ਚਿੰਤਪੂਰਨੀ ਜੀ, ਮਾਤਾ ਜਵਾਲਾ ਜੀ, ਮਾਤਾ ਕਾਂਗੜਾ ਦੇਵੀ ਜੀ, ਮਾਤਾ ਚਮੁੰਡਾ ਦੇਵੀ ਜੀ, ਮਾਤਾ ਬਗਲਾਮੁਖੀ ਜੀ ਅਤੇ ਬਾਬਾ ਬਾਲਕ ਨਾਥ ਜੀ ਵਰਗੇ ਅਤਿ ਮਹੱਤਵਪੂਰਣ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਜਾਂਦੇ ਹਨ। ਜਿੰਪਾ ਨੇ ਕਿਹਾ ਕਿ ਉੱਤਰੀ ਭਾਰਤ ਦੇ ਮਸ਼ਹੂਰ ਸੈਲਾਨੀ ਸ਼ਹਿਰ ਧਰਮਸ਼ਾਲਾ ਅਤੇ ਮੈਕਲੋਡ ਗੰਜ ਜਾਣ ਲਈ ਵੀ ਲੱਖਾਂ ਲੋਕ ਹੁਸ਼ਿਆਰਪੁਰ ਰਾਹੀਂ ਜਾਂਦੇ ਹਨ। ਇਸ ਲਈ ਇਸ ਸੜਕ ਦੀ ਮਹੱਤਤਾ ਨੂੰ ਵੇਖਦਿਆਂ ਇਸ ਦੇ ਵਿਕਾਸ ਵੱਲ ਵਿਸ਼ੇਸ਼ ਤਵੱਜੋਂ ਦਿੱਤੀ ਜਾਣੀ ਬਣਦੀ ਸੀ। ਉਨ੍ਹਾਂ ਸੜਕ ਨਿਰਮਾਣ ਲਈ ਪੈਸਾ ਮਨਜ਼ੂਰ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਅੱਗੇ ਦੱਸਿਆ ਕਿ 39 ਕਿਲੋਮੀਟਰ ਲੰਬੀ ਇਸ ਸੜਕ ਦੇ ਨਿਰਮਾਣ ਲਈ ਟੈਂਡਰ ਲੱਗ ਚੁੱਕੇ ਹਨ ਅਤੇ 1 ਅਪ੍ਰੈਲ ਤੋਂ ਕੰਮ ਸ਼ੁਰੂ ਹੋਣ ਦੀ ਸੰਭਾਵਨਾ ਹੈ। ਸੜਕ ਦਾ ਕਰੀਬ 14 ਕਿਲੋਮੀਟਰ ਦਾ ਇਲਾਕਾ ਜਲੰਧਰ ਜ਼ਿਲ੍ਹੇ ਵਿਚ ਅਤੇ 25 ਕਿਲੋਮੀਟਰ ਦਾ ਇਲਾਕਾ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਆਉਂਦਾ ਹੈ।

# ਹਰਮੇਸ਼ ਕੋਟੀ ਨੇ ਜਿੱਤਿਆ ਗੋਲਡ ਤਗਮਾ



**ਗੁਰਾਇਆ (ਬਿੰਦਰ ਸੁਮਨ )**—ਨੈਚਰਲ ਪਾਵਰ ਲਿਫਟਿੰਗ ਬੈਂਚ ਪ੍ਰੈੱਸ, ਡੈਡ ਲਿਫਟਿੰਗ ਚੈਂਪੀਅਨਸ਼ਪ 2023 ਜੋ ਹਰਿਆਣਾ 'ਚ ਸੋਨੀਪਤ ਵਿੱਚ ਕਰਵਾਈ ਗਈ, ਇਸ ਚੈਂਪੀਅਨਸ਼ਿਪ ਵਿੱਚ 11 ਰਾਜਾਂ ਦੇ ਲੱਗਭੱਗ 250 ਵੇਟ ਲਿਫਟਿੰਗਾਂ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ ਹਰਮੇਸ਼ ਕੋਟੀ ਕੋਟ ਬੋਪਾਰਾਏ ਨੇ 80 ਕਿਲੋ ਭਾਰ ਵਿੱਚ ਇੱਕ ਕੁਇੰਟਲ 60 ਕਿਲੋ ਦੀ ਬੈਂਚ ਪ੍ਰੈੱਸ ਲਾ ਕੇ ਗੋਲਡ ਦਾ ਤਮਗਾ ਜਿੱਤਿਆ, ਇਸੇ ਤਰ੍ਹਾਂ ਹੀ ਸ਼ਰਨਜੀਤ ਸਿੰਘ ਰਾਏ ਬੋਪਾਰਾਏ ਨੇ 80 ਕਿਲੋ ਭਾਰ ਵਿੱਚ ਦੋ ਕੁਇੰਟਲ ਦੀ ਡੈਡ ਲਿਫਟਿੰਗ ਲਗਾ ਕੇ ਸਿਲਵਰ ਦਾ ਮੈਡਲ ਪ੍ਰਾਪਤ ਕੀਤਾ। ਮੈਡਲ ਪ੍ਰਾਪਤ ਕਰਨ ਦੇ ਨਗਰ ਨਿਵਾਸੀ ਬੋਪਾਰਾਏ ਵਲੋਂ ਬੋਪਾਰਾਏ ਪਹੁੰਚਣ 'ਤੇ ਦੋਨੋਂ ਖਿਡਾਰੀਆਂ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਗਿਆ। ਇਸ ਮੌਕੇ ਬੋਪਾਰਾਏ ਵਾਸੀਆਂ ਨੇ ਕਿਹਾ ਕਿ ਇੰਨਾਂ ਦੋਨਾਂ ਨੌਜਵਾਨ ਨੇ ਮੈਡਲ ਪ੍ਰਾਪਤ ਕਰਕੇ ਬੋਪਾਰਾਏ ਨਗਰ ਦਾ ਨਾਂਅ ਰੋਸ਼ਨ ਕੀਤਾ ਹੈ। ਖਿਡਾਰੀਆਂ ਨੇ ਕਿਹਾ ਕਿ ਨਗਰ ਵਾਸੀਆਂ ਨੇ ਜੋ ਸਾਡਾ ਮਾਨ ਸਨਮਾਨ ਕੀਤਾ ਇਸ ਨਾਲ ਸਾਡੇ ਹੌਸਲੇ ਬੁਲੰਦ ਹੋਏ ਹਨ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਖੇਡਾਂ ਵੱਲ ਪ੍ਰੇਰਿਤ ਹੋਣ। ਇਸ ਮੌਕੇ ਦਾਰਾ ਸਿੰਘ ਰਾਏ, ਅਸ਼ਵਨੀ ਕੁਮਾਰ ਐਡਵੋਕੇਟ, ਰੋਸ਼ਨ ਲਾਲ ਕੌਂਸਲਰ, ਬਲਜਿੰਦਰ ਸਿੰਘ, ਸੋਡੀ ਸਿੰਘ, ਕਮਲਦੀਪ ਸਿੰਘ,ਅਮਨਦੀਪ ਸਿੰਘ,ਗੁਰਮੀਤ ਸਿੰਘ ਨਾਮਧਾਰੀ, ਲਖਵੀਰ ਸਿੰਘ,ਪ੍ਰੇਮ ਸਿੰਘ, ਹਰਪ੍ਰੀਤ ਸਿੰਘ ਖਾਲਸਾ, ਹਰਜਿੰਦਰ ਸਿੰਘ, ਸਾਹਿਬ ਕੌਚਰ ਤੋਂ ਇਲਾਵਾ ਨਗਰ ਨਿਵਾਸੀ ਹਾਜ਼ਰ ਸਨ।

# ਆਈ ਕੇ ਜੀ ਪੀ ਟੀ ਯੂ ਦੇ ਵਿਦਿਆਰਥੀਆਂ ਵੱਲੋਂ ਵਿਹਾਨ ਈਵੈਂਟ 'ਚ ਕਲਾ ਪ੍ਰਦਰਸ਼ਨ




**ਜਲੰਧਰ : (ਸ਼ੈਲੀ ਐਲਬਰਟ)**-: ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ.ਪੀ.ਟੀ.ਯੂ ) ਬੈਚ 2022 ਦੇ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ (ਸੀ.ਐਸ.ਈ) ਵਿਭਾਗ ਦੇ ਵਿਦਿਆਰਥੀਆਂ ਨੇ ਆਗਮਨ ਫੈਸਟੀਵਲ ਵਿਹਾਨ ਰਾਹੀਂ ਕਲਾ ਦੇ ਜੌਹਰ ਦਿਖਾਏ! ਜਿੱਥੇ ਵਿਦਿਆਰਥੀਆਂ ਨੇ 2022-23 ਬੈਚ ਦੇ ਵਿਦਿਆਰਥੀਆਂ ਦਾ ਸਵਾਗਤੀ ਸੱਭਿਆਚਾਰਕ ਪ੍ਰੋਗਰਾਮ ਰੱਖਿਆ ਸੀ, ਉਥੇ ਹੀ ਉਹਨਾਂ ਵੱਖੋ ਵੱਖ ਖੇਤਰ ਦੀਆਂ ਉਪਲੱਬਧੀਆਂ ਸਬੰਧੀ ਪਾਰਟੀ ਵੀ ਰੱਖੀ! ਪੁਰਾਣੇ ਵਿਦਿਆਰਥੀਆਂ ਨੇ ਆਪਣੀਆਂ ਸੱਭਿਆਚਾਰਕ ਗਤੀਵਿਧੀਆਂ ਨਾਲ ਸਭ ਦਾ ਮਨ ਮੋਹ ਲਿਆ। ਇਸ ਮੌਕੇ ਯੂਨੀਵਰਸਿਟੀ ਦੇ ਰਜਿਸਟਰਾਰ ਡਾ.ਐਸ.ਕੇ. ਮਿਸ਼ਰਾ ਮੁੱਖ ਮਹਿਮਾਨ ਸਨ, ਜਦਕਿ ਡੀਨ ਅਕਾਦਮਿਕ ਪ੍ਰੋ.(ਡਾ.) ਵਿਕਾਸ ਚਾਵਲਾ ਅਤੇ ਡੀਨ ਆਰ.ਐਂਡ.ਡੀ ਡਾ. ਹਿਤੇਸ਼ ਸ਼ਰਮਾ ਵਿਸ਼ੇਸ਼ ਮਹਿਮਾਨ ਰਹੇ। ਸਮਾਗਮ ਵਿੱਚ ਸਵਾਗਤੀ ਭਾਸ਼ਣ ਡੀਨ ਅਕਾਦਮਿਕ ਪ੍ਰੋ.(ਡਾ.) ਵਿਕਾਸ ਚਾਵਲਾ ਵੱਲੋਂ ਰੱਖਿਆ ਗਿਆ। ਉਨ੍ਹਾਂ ਨੇ ਆਪਣੇ ਵਿਸ਼ੇਸ਼ ਲਹਿਜੇ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਨਾ ਘਬਰਾਉਣ ਅਤੇ ਪ੍ਰੈਕਟੀਕਲ ਵੱਲ ਧਿਆਨ ਦੇ ਕੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ! ਮੁੱਖ ਮਹਿਮਾਨ ਰਜਿਸਟਰਾਰ ਡਾ. ਮਿਸ਼ਰਾ ਨੇ ਸੀ.ਐਸ.ਈ ਵਿਭਾਗ ਨੂੰ ਯੂਨੀਵਰਸਿਟੀ ਵਿੱਚ ਸਭ ਤੋਂ ਵੱਧ ਦਾਖਲਿਆਂ ਲਈ ਵਧਾਈ ਦਿੱਤੀ! ਸੀ.ਐਸ.ਈ ਵਿਭਾਗ ਨੇ ਇਸ ਸਾਲ 400 ਤੋਂ ਵੱਧ ਵਿਦਿਆਰਥੀਆਂ ਨੂੰ ਦਾਖਲ ਕੀਤਾ ਹੈ। ਯੂਨੀਵਰਸਿਟੀ ਦੇ ਮੇਨ ਕੈਂਪਸ ਵਿਖੇ ਬੀ.ਟੈਕ ਸੀ.ਐਸ.ਈ ਅਤੇ ਬੀ.ਸੀ.ਏ ਪ੍ਰੋਗਰਾਮ ਦੀ ਵਿਹਾਰਕ ਪ੍ਰਸਿੱਧੀ ਵਧਣ ਕਾਰਨ, ਇਸ ਸਾਲ ਰਿਕਾਰਡ ਦਾਖਲੇ ਹੋਏ ਹਨ ਅਤੇ ਬਹੁਤ ਸਾਰੇ ਵਿਦਿਆਰਥੀ ਉਡੀਕ ਸੂਚੀ ਵਿਚ ਵੀ ਰਹੇ! ਡਾ. ਐਸ.ਕੇ.ਮਿਸ਼ਰਾ ਨੇ ਵਿਦਿਆਰਥੀਆਂ ਨੂੰ ਸੱਭਿਆਚਾਰਕ ਸਮਾਗਮਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਲਚਰਲ ਈਵੈਂਟਸ ਨੂੰ ਵਿਦਿਆਰਥੀ ਜੀਵਨ ਦਾ ਜ਼ਰੂਰੀ ਹਿੱਸਾ ਦੱਸਿਆ। ਡਾ. ਵਿਕਾਸ ਚਾਵਲਾ ਨੇ ਵਿਦਿਆਰਥੀ ਜੀਵਨ ਵਿੱਚ ਈਵੈਂਟਸ ਦੇ ਪ੍ਰਭਾਵ ਨੂੰ ਵੀ ਉਜਾਗਰ ਕੀਤਾ ਅਤੇ ਸੀਨੀਅਰਾਂ ਤੇ ਜੂਨੀਅਰ ਵਿਦਿਆਰਥੀਆਂ ਵਿਚਲੀ ਦੋਸਤੀ ਦੇ ਮਹਤਵ ਬਾਰੇ ਵੀ ਦੱਸਿਆ! ਸੀ.ਐਸ.ਈ ਵਿਭਾਗ ਦੇ ਫੈਕਲਟੀ ਮੈਂਬਰ ਡਾ. ਦਿਨੇਸ਼ ਗੁਪਤਾ, ਡਾ. ਰਮਨ ਕੁਮਾਰ, ਡਾ. ਅੰਸ਼ੂ ਭਸੀਨ ਅਤੇ ਡਾ. ਪੂਜਾ ਸ਼ਰਮਾ ਨੇ ਵੱਖ-ਵੱਖ ਵਿਭਾਗਾਂ ਨਾਲ ਤਾਲਮੇਲ ਕਰਕੇ ਪ੍ਰੋਗਰਾਮ ਨੂੰ ਵਧੀਆ ਢੰਗ ਨਾਲ ਤਿਆਰ ਕੀਤਾ! ਪ੍ਰੋਗਰਾਮ ਦੇ ਮੁੱਖ ਮਹਿਮਾਨ ਡਾ. ਮਿਸ਼ਰਾ ਅਤੇ ਹੋਰ ਮੈਂਬਰਾਂ ਨੇ ਦੀਪ ਜਗਾ ਕੇ ਮਾਂ ਸਰਸਵਤੀ ਦੀ ਪੂਜਾ ਕੀਤੀ! ਇਸ ਤੋਂ ਬਾਅਦ ਸੱਭਿਆਚਾਰਕ ਪ੍ਰੋਗਰਾਮ ਵਿੱਚ ਦੂਜੇ ਸਮੈਸਟਰ ਅਤੇ ਚੌਥੇ ਸਮੈਸਟਰ ਦੇ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦੇ ਜੌਹਰ ਦਿਖਾਏ। ਵਿਭਾਗ ਦੇ ਬੀ ਸੀ ਏ ਅਤੇ ਐਮ ਟੇਕ ਕੋਰਸਾਂ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਹੋਈ! ਪ੍ਰੋਗਰਾਮ ਦੌਰਾਨ ਸਟੂਡੈਂਟ ਗੁਡੀਆ ਨੂੰ ਮਿਸ ਟੈਲੇਂਟਡ ਅਤੇ ਆਦਿਤਿਆ ਨੂੰ ਮਿਸਟਰ ਟੈਲੇਂਟਡ ਦਾ ਖਿਤਾਬ ਮਿਲਿਆ। ਵਿਦਿਆਰਥਣ ਆਂਚਲ ਨੂੰ ਮਿਸ ਫਰੈਸ਼ਰ ਅਤੇ ਅਕਸ਼ਿਤ ਚੌਧਰੀ ਨੂੰ ਮਿਸਟਰ ਫਰੈਸ਼ਰ ਚੁਣਿਆ ਗਿਆ। ਫਾਈਨਲ ਤੋਂ ਪਹਿਲਾਂ ਰੈਂਕਿੰਗ ਡਾਂਸ ਪਾਰਟੀ ਹੋਈ! ਅੰਤ ਵਿੱਚ ਫੈਕਲਟੀ ਡਾ. ਦਿਨੇਸ਼ ਗੁਪਤਾ ਨੇ ਵੱਖ-ਵੱਖ ਕਮੇਟੀਆਂ ਦੇ ਮੁਖੀ ਰਹੇ ਵਿਦਿਆਰਥੀਆਂ ਮੋਹਿਤ ਸ਼ਰਮਾ, ਅਵਜੋਤ ਸਿੰਘ, ਮੁਹੰਮਦ ਆਰਿਫ਼, ਸੋਨੂੰ ਕੁਮਾਰ, ਅਜੈ ਵਿਸ਼ਵਕਰਮਾ, ਰਾਜਨ, ਸ਼ੋਭਿਤ, ਨਿਧੀ ਸ਼ਰਮਾ, ਪੂਜਾ ਸਿੰਘ ਅਤੇ ਹੋਰਨਾਂ ਨੂੰ ਸਫ਼ਲ ਸਮਾਗਮ ਲਈ ਵਧਾਈ ਦਿੱਤੀ ।

# ਮੁੱਖ ਮੰਤਰੀ ਮਾਨ ਦੀ ਫੋਟੋ 'ਤੇ ਕਾਲਖ ਮਲ ਕੇ ਕੀਤਾ ਪ੍ਰਦਰਸ਼ਨ



**ਬਹਿਰਾਮ (ਅਵਤਾਰ ਕਲੇਰ)** ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਖਟਕੜ ਕਲਾਂ 'ਚ ਬਣੇ ਸਿਹਤ ਕੇਂਦਰ ਤੋਂ ਸ਼ਹੀਦ ਭਗਤ ਸਿੰਘ ਦੀਆਂ ਫੋਟੋਆਂ ਹਟਾ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਫੋਟੋ ਲਗਾਉਣ ਖਿਲਾਫ ਉਸ 'ਤੇ ਕਾਲਖ ਮਲ ਕੇ ਪ੍ਰਦਰਸ਼ਨ ਕੀਤਾ ਗਿਆ। ਪੀਐੱਸਯੂ ਦੇ ਸੂਬਾ ਪ੍ਰੈੱਸ ਸਕੱਤਰ ਮੰਗਲਜੀਤ ਪੰਡੋਰੀ ਅਤੇ ਸੂਬਾ ਵਿੱਤ ਸਕੱਤਰ ਬਲਜੀਤ ਸਿੰਘ ਧਰਮਕੋਟ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਨਾਂਅ 'ਤੇ ਵੋਟਾਂ ਲੈ ਕੇ ਸਰਕਾਰ ਬਣਾਉਣ ਆਪ ਪਾਰਟੀ ਨੇ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ 'ਚ ਬਣੇ ਸਿਹਤ ਕੇਂਦਰ ਤੋਂ ਸ਼ਹੀਦ ਭਗਤ ਸਿੰਘ ਤੇ ਉਸਦੇ ਪਰਵਾਰ ਦੀਆਂ ਤਸਵੀਰਾਂ ਹਟਾ ਕੇ ਸਿਰਫ ਇਕੱਲੀ ਮੁੱਖ ਮੰਤਰੀ ਭਗਵੰਤ ਦੀ ਫੋਟੋ ਲਗਾ ਕੇ ਮੁਹੱਲਾ ਕਲੀਨਿਕ ਬਣਾ ਦਿੱਤਾ ਗਿਆ। ਇਕ ਪਾਸੇ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਲਾ ਕੇ ਵੋਟਾਂ ਲਈਆਂ ਤੇ ਅੱਜ ਸ਼ਹੀਦਾਂ ਦੇ ਨਾਂਅ ਹਟਾ ਰਹੇ ਹਨ।

ਯੂਨੀਅਨ ਮੰਗ ਕਰਦੀ ਹੈ ਕਿ ਹਟਾਈਆਂ ਗਈਆ ਤਸਵੀਰਾਂ ਤੁਰੰਤ ਲਗਾਈਆਂ ਜਾਣ ਅਤੇ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦਾ ਫਿਰੋਜਪੁਰ ਦੇ ਤੂੜੀ ਬਜਾਰ ਵਿੱਚ ਗੁਪਤ ਟਿਕਾਣੇ 'ਤੇ ਮਿਊਜ਼ੀਅਮ ਬਣਾਇਆ ਜਾਵੇ। ਮੰਗਾਂ ਨਾ ਮੰਨਣ ਦੀ ਸੂਰਤ 'ਚ ਯੂਨੀਅਨ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਪੀਐੱਸਯੂ ਦੇ ਜ਼ਿਲ੍ਹਾ ਆਗੂ ਰਾਜੂ ਬਰਨਾਲਾ, ਜਸਨ ਕੁਮਾਰ , ਗੁਰਪ੍ਰੀਤ ਸਿੰਘ , ਹਰਜੀਤ ਸਿੰਘ ਲਵਪ੍ਰੀਤ ਸਿੰਘ ਰੋਹਨ ਆਦਿ ਹਾਜਰ ਸਨ ।

# ਬਲਾਕ ਕਾਂਗਰਸ ਦੇ ਸਾਬਕਾ ਸਕੱਤਰ ਕੁੱਕੀ ਭਾਜਪਾ 'ਚ ਸ਼ਾਮਲ



**ਆਦਮਪੁਰ- (ਪਰਮਜੀਤ ਸਿੰਘ );**— ਜਲੰਧਰ ਦੀ ਲੋਕ ਸਭਾ ਜ਼ਿਮਨੀ ਚੋਣ ਜਲਦੀ ਹੀ ਹੋਣ ਜਾ ਰਹੀ ਹੈ, ਜਿਸ ਕਾਰਨ ਵਰਕਰਾਂ ਦੀ ਪਾਰਟੀ ਅਦਲਾ-ਬਦਲੀ ਦਾ ਸਿਲਸਿਲਾ ਤੇਜ ਹੋ ਗਿਆ ਹੈ। ਆਦਮਪੁਰ 'ਚ ਕਾਂਗਰਸ ਨੂੰ ਉਸ ਵਕਤ ਵੱਡਾ ਝਟਕਾ ਲੱਗਾ ਜਦੋਂ ਪਿਛਲੇ ਕਈ ਸਾਲਾਂ ਤੋਂ ਕਾਂਗਰਸ ਵਿੱਚ ਸੇਵਾ ਨਿਭਾ ਰਹੇ ਆਦਮਪੁਰ ਦੇ ਸਾਬਕਾ ਬਲਾਕ ਸਕੱਤਰ ਸੁਖਵੀਰ ਸਿੰਘ ਕੁੱਕੀ ਨੇ ਕਾਂਗਰਸ ਛੱਡ ਕੇ ਭਾਜਪਾ ਨਾਲ ਹੱਥ ਮਿਲਾ ਲਿਆ । ਭਾਜਪਾ ਪੰਜਾਬ ਸੰਗਠਨ ਮਹਾਂਮੰਤਰੀ ਜਨਰਲ ਨਿਵਾਸਲੂ, ਜਨਰਲ ਸਕੱਤਰ ਰਾਜੇਸ਼ ਬਾਘਾ, ਜਨਰਲ ਸਕੱਤਰ ਜੀਵਨ ਗੁਪਤਾ, ਜ਼ਿਲ੍ਹਾ ਦਿਹਾਤੀ ਪ੍ਰਧਾਨ ਰਣਜੀਤ ਸਿੰਘ ਨੇ ਪਾਰਟੀ ਵਿੱਚ ਉਨ੍ਹਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪਾਰਟੀ ਵਿੱਚ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ। ਕੁੱਕੀ ਨੇ ਕਿਹਾ ਕਿ ਉਹ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੇਸ਼ ਪ੍ਰਤੀ ਚੰਗੀ ਸੋਚ ਨੂੰ ਦੇਖਦਿਆਂ ਭਾਜਪਾ ਵਿੱਚ ਸ਼ਾਮਲ ਹੋਏ ਹਨ। ਇਸ ਮੌਕੇ ਭਾਜਪਾ ਜਲੰਧਰ ਦਿਹਾਤੀ ਦੇ ਪ੍ਰਧਾਨ ਅਮਰਜੀਤ ਸਿੰਘ ਅਮਰੀ, ਪੰਜਾਬ ਕਾਰਜਕਾਰਨੀ ਮੈਂਬਰ ਅਰੁਣ ਸ਼ਰਮਾ, ਹਰੀਸ਼ ਚੰਦਰ ਜ਼ਿਲ੍ਹਾ ਕਾਰਜਕਾਰਨੀ ਮੈਂਬਰ, ਸੇਠ ਸਤਪਾਲ ਮੱਲ, ਪੰਜਾਬ ਕਾਰਜਕਾਰਨੀ ਮੈਂਬਰ ਰਾਜੀਵ ਪਾਜਾ, ਚੰਦਰ ਸ਼ੇਖਰ ਚੌਹਾਨ, ਜ਼ਿਲ੍ਹਾ ਦਿਹਾਤੀ ਜਨਰਲ ਸਕੱਤਰ ਮਨਮੀਤ ਸਿੰਘ ਵਿੱਕੀ, ਨਿਧੀ ਤਿਵਾੜੀ ਪ੍ਰਧਾਨ ਜਲੰਧਰ ਦਿਹਾਤੀ ਮਹਿਲਾ ਮੋਰਚਾ, ਰਾਜੀਵ ਸਿੰਗਲਾ ਸਰਕਲ ਪ੍ਰਧਾਨ ਆਦਮਪੁਰ, ਵਿਕਰਮ ਸਿੰਘ ਵਿੱਕੀ ਪ੍ਰਧਾਨ ਓ.ਬੀ.ਸੀ ਮੋਰਚਾ ਜਲੰਧਰ ਦਿਹਾਤੀ ਅਤੇ ਹੋਰ ਭਾਜਪਾ ਵਰਕਰ ਹਾਜਰ ਸਨ।

# ਨਸ਼ਾ ਸਪਲਾਈ ਕਰਨ ਵਾਲਾ ਕਾਬੂ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ ,ਉਂਕਾਰ ਸਿੰਘ )** - ਟਾਂਡਾ ਪੁਲਿਸ ਨੇ ਇਕ ਵਿਅਕਤੀ ਨੂੰ ਨਸ਼ੀਲੇ ਪਦਾਰਥ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਥਾਣਾ ਮੁਖੀ ਟਾਂਡਾ ਐਸ.ਆਈ ਮਲਕੀਅਤ ਸਿੰਘ ਨੇ ਦੱਸਿਆ ਕਿ ਡੀ.ਐਸ ਪੀ ਟਾਂਡਾ ਕੁਲਵੰਤ ਸਿੰਘ ਦੀ ਅਗਵਾਈ ਹੇਠ ਟਾਂਡਾ ਪੁਲਿਸ ਨੂੰ ਉਸ ਵੇਲੇ ਵੱਡੀ ਸਫਲਤਾ ਹਾਸਲ ਹੋਈ ਜਦੋਂ ਏ.ਐੱਸ.ਆਈ ਓਮ ਪ੍ਰਕਾਸ਼ ਥਾਣਾ ਟਾਂਡਾ ਸਮੇਤ ਪੁਲਿਸ ਪਾਰਟੀ ਵੱਲੋਂ ਗਸ਼ਤ ਦੌਰਾਨ ਨਸ਼ਾ ਵੇਚਣ ਵਾਲੇ ਬਿਕਰ ਸਿੰਘ ਗਾਰੀ ਪੁੱਤਰ ਸੁਰਜੀਤ ਸਿੰਘ ਵਾਸੀ ਹਰਸੀ ਪਿੰਡ, ਥਾਣਾ ਟਾਂਡਾ,ਜ਼ਿਲ੍ਹਾ ਹੁਸ਼ਿਆਰਪੁਰ ਨੂੰ ਕਾਬੂ ਕਰਕੇ ਉਸ ਪਾਸੋਂ 506 ਗ੍ਰਾਮ ਨਸ਼ੀਲਾ ਪਦਾਰਥ ਅਤੇ ਮੋਟਰਸਾਈਕਲ ਨੰਬਰ 07-1596 ਬ੍ਰਾਮਦ ਕੀਤਾ ਹੈ। ਪੁਲਿਸ ਨੇ ਦੋਸ਼ੀ ਖਿਲਾਫ ਐਨ.ਡੀ.ਪੀ.ਐਸ ਐਕਟ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮੋਹਨ ਲਾਲ ਸੇਠ ਨੂੰ ਭਰਪੂਰ ਸ਼ਰਧਾਂਜਲੀਆਂ



ਸ਼ਰਧਾਂਜਲੀ ਭੇਟ ਕਰਦੇ ਹੋਏ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ।

**ਸ਼ਾਹਕੋਟ (ਗਿਆਨ ਸੈਦਪੁਰੀ)** ਮੋਹਨ ਲਾਲ ਸੇਠ ਨੂੰ ਵੱਖ ਵੱਖ ਸਿਆਸੀ ਤੇ ਸਮਾਜੀ ਸੰਸਥਾਵਾਂ ਦੇ ਆਗੂਆਂ ਨੇ ਭਰਪੂਰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਉਹ 25 ਮਾਰਚ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਮੰਗਲਵਾਰ ਨੂੰ ਸੇਠ ਪ੍ਰਵਾਰ ਦੇ ਗ੍ਰਹਿ ਅਮਨ ਨਗਰ ਵਿਖੇ ਰਾਧਾ ਸੁਆਮੀ (ਆਗਰਾ) ਦੇ ਪ੍ਰੇਮੀਆਂ ਨੇ ਸਤਿਸੰਗ ਕੀਤਾ। ਉਪਰੰਤ ਹੋਏ ਸ਼ਰਧਾਂਜਲੀ ਸਮਾਗਮ ਵਿੱਚ ਵੱਖ ਵੱਖ ਆਗੂਆਂ ਨੇ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਮੋਹਨ ਲਾਲ ਸੇਠ ਦੀ ਸ਼ਖਸੀਅਤ ਦੇ ਵੱਖ ਵੱਖ ਪਹਿਲੂਆਂ ਦਾ ਜ਼ਿਕਰ ਕੀਤਾ। ਦੱਸਿਆ ਗਿਆ ਕਿ ਉਹ ਸਧਾਰਨ ਕਿਸਾਨ ਵਜੋਂ ਸਖਤ ਮਿਹਨਤ ਕਰਦਿਆਂ ਅਗਾਂਹ ਵਧੂ ਕਿਸਾਨ ਬਣੇ।

ਸਿਆਸੀ ਅਤੇ ਸਮਾਜਕ ਖੇਤਰ ਵਿੱਚ ਵੀ ਸਨਮਾਨਯੋਗ ਸਥਾਨ ਹਾਸਲ ਕੀਤਾ। ਖੱਬੇਪੱਖੀ ਸਿਆਸਤ ਦੇ ਉਹ ਅੰਗ ਸੰਗ ਰਹੇ। ਸ਼ਰਧਾਂਜਲੀ ਭੇਂਟ ਕਰਨ ਵਾਲਿਆਂ ਵਿੱਚ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਬਚਿੱਤਰ ਸਿੰਘ ਕੋਹਾੜ, ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਸਤੀਸ਼ ਰਿਹਾਨ ਸ਼ਾਮਲ ਸਨ। ਕੁਲ ਹਿੰਦ ਕਿਸਾਨ ਸਭਾ (ਅਜੈ ਭਵਨ) ਦੇ ਸੂਬਾ ਮੀਤ ਪ੍ਰਧਾਨ ਕਾਮਰੇਡ ਸੂਰਤ ਸਿੰਘ ਧਰਮਕੋਟ ਨੇ ਸਭ ਦਾ ਧੰਨਵਾਦ ਕੀਤਾ। ਆਬਾਦਕਾਰ ਸੰਘਰਸ਼ ਕਮੇਟੀ ਪੰਜਾਬ ਦੇ ਕਨਵੀਨਰ ਕਾਮਰੇਡ ਵਰਿੰਦਰ ਕਾਲਾ ਨੇ ਸਟੇਜ ਸੰਚਾਲਨ ਕੀਤਾ। ਇਸ ਮੌਕੇ ਮਾਰਕੀਟ ਕਮੇਟੀ ਸ਼ਾਹਕੋਟ ਦੇ ਸਾਬਕਾ ਚੇਅਰਮੈਨ ਗੁਲਜਾਰ ਸਿੰਘ ਥਿੰਦ, ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਪਵਨ ਕੁਮਾਰ ਪੁਰੀ, ਸੋਸ਼ਲ ਇੰਪਾਵਰਮੈਂਟ ਐਂਡ ਵੈਲਫੇਅਰ ਅਲਾਇੰਸ ਦੇ ਚੇਅਰਮੈਨ ਦਵਿੰਦਰ ਸਿੰਘ ਆਹਲੂਵਾਲੀਆ, ਕਾਮਰੇਡ ਬਚਿੱਤਰ ਸਿੰਘ ਤੱਗੜ, ਕਾਮਰੇਡ ਕੇਵਲ ਸਿੰਘ ਦਾਨੇਵਾਲ, ਕਾਂਗਰਸੀ ਆਗੂ ਹਰਦੇਵ ਸਿੰਘ ਪੀਟਾ, ਪ੍ਰਧਾਨ ਗੁਰਦਵਾਰਾ ਸਿੰਘ ਸਭਾ ਸ਼ਾਹਕੋਟ ਅਰਵਿੰਦਰ ਸਿੰਘ ਰੂਪਰਾ, ਆਪ ਆਗੂ ਮਨੋਜ ਅਰੋੜਾ, ਰਮੇਸ਼ ਹੰਸ, ਨਵਨੀਤ ਸਹੋਤਾ, ਡਾ. ਨਰਿੰਦਰ ਸਿੰਘ ਬਾਂਸਲ, ਕਾਮਰੇਡ ਸੁਰਿੰਦਰ ਖੀਵਾ, ਸੁੱਚਾ ਸਿੰਘ ਗਿੱਲ, ਡਾ. ਵਿਜੇ ਕੁਮਾਰ ਸਡਾਨਾ, ਕਾਮਰੇਡ ਰੇਸ਼ਮ ਗਿੱਲ, ਸਰਦੂਲ ਸਿੰਘ ਨਵਾਂ ਪਿੰਡ, ਐਡਵੋਕੇਟ ਸ਼ਿਵਕਰਨ ਮਲਹੋਤਰਾ, ਮਾਸਟਰ ਸੁਰਿੰਦਰ ਵਿੱਗ, ਬਿਅੰਤ ਸਿੰਘ ਮੀਏਂਵਾਲ, ਗੁਰਸੇਵਕ ਸੇਠ ਤੇ ਗੁਰਪਿਆਰੇ ਸੇਠ (ਦੋਵੇਂ ਪੁੱਤਰ ਮੋਹਨ ਲਾਲ ਸੇਠ) ਅਤੇ ਸੁਬੇਗ ਸਿੰਘ ਧਰਮੀਵਾਲ ਵੀ ਹਾਜਰ ਸਨ।

# ਮਨਰੇਗਾ ਵਰਕਰ ਯੂਨੀਅਨ ਨੇ ਬੀ ਡੀ ਪੀ ਓ ਨੂੰ ਦਿੱਤਾ ਮੰਗ ਪੱਤਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਮਨਰੇਗਾ ਵਰਕਰਜ ਯੂਨੀਅਨ ਦਸੂਹਾ ਨੇ ਮੰਗਾਂ ਨੂੰ ਲੈ ਕੇ ਰੋਸ ਮੁਜਾਹਰਾ ਕੀਤਾ। ਇਸ ਰੋਸ ਮੁਜਾਹਰੇ ਵਿਚ ਬਲਾਕ ਦਸੂਹਾ ਦੇ ਵੱਖ ਵੱਖ ਪਿੰਡਾਂ ਦੇ ਵੱਡੀ ਗਿਣਤੀ ਮਨਰੇਗਾ ਵਰਕਰ ਇੱਕਠੇ ਹੋਏ ਅਤੇ ਕੇਂਦਰ ਸਰਕਾਰ ਵੱਲੋਂ ਮਨਰੇਗਾ ਯੋਜਨਾ ਦੇ ਬਜਟ ਵਿੱਚ ਕੀਤੀ 30 ਹਜ਼ਾਰ ਕਰੋੜ ਰੁਪਏ ਦੀ ਕਟੌਤੀ ਵਿਰੁੱਧ ਰੋਸ ਜਾਹਿਰ ਕੀਤਾ। ਇਸ ਮੌਕੇ ਪਸਸਫ ਪੰਜਾਬ ਪ੍ਰਧਾਨ ਸਤੀਸ਼ ਰਾਣਾ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਮਜਦੂਰ ਮੁਲਾਜ਼ਮ ਕਿਸਾਨ ਵਿਰੋਧੀ ਨੀਤੀਆਂ ਤੋਂ ਹਰ ਵਰਗ ਦੁਖੀ ਹੈ, ਕੇਂਦਰੀ ਬਜਟ ਵਿਚ ਮਗਨਰੇਗਾ ਯੋਜਨਾ ਅਧੀਨ ਸਾਲ 2023-24 ਦੇ ਸਲਾਨਾ ਬਜਟ ਵਿਚ ਕਰੀਬ 33 ਫੀਸਦੀ ਕਟੌਤੀ ਕਰਕੇ ਪੇਂਡੂ ਮਜ਼ਦੂਰਾਂ ਦੇ ਚੁੱਲ੍ਹੇ ਠੰਢੇ ਕਰ ਦਿੱਤੇ ਹਨ। ਉੱਥੇ ਹੀ ਧਰਮਿੰਦਰ ਸਿੰਘ ਮੁਕੇਰੀਆਂ ਜਨਰਲ ਸਕੱਤਰ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਨੇ ਬੋਲਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮਨਰੇਗਾ ਦਿਹਾੜੀ ਵਿੱਚ ਕੀਤੇ ਮਾਮੂਲੀ ਵਾਧੇ ਨੂੰ ਨਾਕਾਫੀ ਦਸਿਆ , ਉਨ੍ਹਾਂ ਸਰਕਾਰ ਤੋਂ ਮਨਰੇਗਾ ਦੀ ਦਿਹਾੜੀ ਕਿਰਤ ਕਾਨੂੰਨ ਅਨੁਸਾਰ ਘਟੋ ਘਟ 600 ਰੁਪਏ ਕਰਨ ਦੀ ਮੰਗ ਕੀਤੀ। ਰਾਜ ਸਰਕਾਰ ਨੂੰ ਨਵੀਂ ਦਿਹਾੜੀ ਦਰ 303 ਰੁਪਏ ਵਿਚ ਆਪਣਾ ਬਣਦਾ ਹਿੱਸਾ ਪਾਉਣ ਦੀ ਗੱਲ ਕਹੀ। ਬੁਲਾਰਿਆਂ ਨੇ ਕਿਹਾ ਕਿ ਮਨਰੇਗਾ ਬਜਟ ਕਟੌਤੀ ਕਰਕੇ ਕੇਂਦਰ ਸਰਕਾਰ ਮਨਰੇਗਾ ਸਕੀਮ ਨੂੰ ਬੰਦ ਕਰਨਾ ਚਾਹੁੰਦੀ ਹੈ, ਮੌਜੂਦਾ ਬਜਟ ਵਿਚ 30 ਹਜ਼ਾਰ ਕਰੋੜ ਦੀ ਕਟੋਤੀ ਕਰਨਾ ਕੇਂਦਰ ਸਰਕਾਰ ਦੇ ਮਨਸ਼ੇ ਨੂੰ ਜਾਹਿਰ ਕਰ ਦਿੱਤਾ ਹੈ ਇਸ ਕਰਕੇ ਪੰਜਾਬ ਭਰ ਦੇ ਮਨਰੇਗਾ ਮਜ਼ਦੂਰਾਂ ਨੂੰ ਸੰਘਰਸ਼ ਵਿੱਚ ਸ਼ਾਮਿਲ ਹੋਣ ਦੀ ਜ਼ਰੂਰਤ ਹੈ। ਇਸ ਮੌਕੇ ਕਮਲੇਸ਼ ਕੌਰ ਪ੍ਰਧਾਨ ਮਨਰੇਗਾ ਵਰਕਰਜ ਯੂਨੀਅਨ ਦਸੂਹਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਤੁਰੰਤ ਮਨਰੇਗਾ ਸਕੀਮ ਵਿੱਚ ਬਜਟ ਕਟੌਤੀ ਨੂੰ ਰੱਦ ਕੀਤਾ ਜਾਵੇ ਤੇ ਮਨਰੇਗਾ ਬਜਟ ਵਿੱਚ ਵਾਧਾ ਕੀਤਾ ਜਾਵੇ ਤਾਕਿ ਹਰ ਮਜ਼ਦੂਰ ਨੂੰ ਸਾਰਾ ਸਾਲ ਕੰਮ ਮਿਲੇ। ਮਨਰੇਗਾ ਮਜ਼ਦੂਰਾਂ ਨੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਅਤੇ ਬੀ ਡੀ ਪੀ ਓ ਦਸੂਹਾ ਨੂੰ ਪ੍ਰਧਾਨ ਮੰਤਰੀ ਦੇ ਨਾਂਅ ਮੰਗ ਪੱਤਰ ਦਿੱਤਾ। ਇਸ ਮੌਕੇ ਰਕਸ਼ਾ ਦੇਵੀ, ਕਮਲਾ ਦੇਵੀ, ਮੀਨਾ ਦੇਵੀ, ਬਲਵਿੰਦਰ ਕੌਰ ਪ੍ਰਧਾਨ ਹਾਜ਼ੀਪੁਰ, ਪਰਮਜੀਤ ਕੌਰ, ਅਨੀਤਾ ਦੇਵੀ, ਵਿਜੇ ਕੁਮਾਰ, ਵਿਪਣ ਵਿਰਦੀ, ਰਾਮ ਸਰੂਪ, ਰਾਕੇਸ਼ ਰਾਣਾ ਹਾਜਰ ਸਨ।

# ਸਾਬਕਾ ਸੈਨਿਕਾਂ ਨੂੰ ਨੌਕਰੀ ਦੇਣ ਲਈ ਮਾਨ ਸਰਕਾਰ ਵੱਲੋਂ ਨਿਵੇਕਲੀ ਪਹਿਲਕਦਮੀ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਭਗਵੰਤ ਮਾਨ ਸਰਕਾਰ ਉਨ੍ਹਾਂ ਸਾਬਕਾ ਸੈਨਿਕਾਂ ਨੂੰ ਮੁੱਖ ਤਰਜੀਹ ਦਿੰਦੀ ਹੈ, ਜਿਨ੍ਹਾਂ ਲੰਮੇ ਸਮੇਂ ਤੱਕ ਦੇਸ਼ ਦੀ ਸੇਵਾ ਕੀਤੀ ਅਤੇ ਸਾਡੇ ਦੇਸ ਦਾ ਵਡਮੁੱਲਾ ਸਰਮਾਇਆ ਹਨ। ਅਜਿਹੇ ਸੈਨਿਕਾਂ ਨੂੰ ਸਨਮਾਨਜਨਕ ਨੌਕਰੀ ਮੁਹੱਈਆ ਕਰਵਾਉਣ ਦੇ ਉਦੇਸ ਨਾਲ ਸਾਬਕਾ ਸੈਨਿਕਾਂ ਨੂੰ ਗ੍ਰੈਜੂਏਸ਼ਨ ਡਿਗਰੀ ਦੇਣ ਲਈ ਡਾਇਰੈਕਟੋਰੇਟ ਆਫ ਡਿਫੈਂਸ ਸਰਵਿਸ ਵੈਲਫੇਅਰ ਪੰਜਾਬ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 27 ਮਾਰਚ, 2023 ਨੂੰ ਇੱਕ ਇਤਿਹਾਸਕ ਸਮਝੌਤਾ (ਐਮਓਯੂ) ਸਹੀਬੱਧ ਕੀਤਾ ਗਿਆ।

ਇਸ ਸਬੰਧੀ ਪੰਜਾਬ ਭਵਨ ਵਿਖੇ ਇੱਕ ਰਸਮੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਅਰਵਿੰਦ, ਜੇ.ਐਮ.ਬਾਲਮੁਰਗਨ, ਆਈ.ਏ.ਐਸ., ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਰੱਖਿਆ ਸੇਵਾਵਾਂ ਭਲਾਈ ਵਿਭਾਗ, ਬ੍ਰਿਗੇਡੀਅਰ ਭੁਪਿੰਦਰ ਸਿੰਘ ਢਿੱਲੋਂ (ਸੇਵਾਮੁਕਤ), ਡਾਇਰੈਕਟਰ ਰੱਖਿਆ ਸੇਵਾਵਾਂ ਭਲਾਈ ਪੰਜਾਬ ਅਤੇ ਹੋਰ ਅਧਿਕਾਰੀ ਵੀ ਹਾਜਰ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਲਗਾਤਾਰ ਯਤਨਾਂ ਸਦਕਾ ਇਸ ਸਹਿਮਤੀ ਪੱਤਰ ਨਾਲ ਪੰਜਾਬ ਦੇ ਯੋਗ ਸਾਬਕਾ ਸੈਨਿਕਾਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬੈਚਲਰ ਆਫ ਆਰਟਸ (ਰੱਖਿਆ ਅਤੇ ਰਣਨੀਤਕ ਅਧਿਐਨ) ਵਿੱਚ ਗ੍ਰੈਜੂਏਸ਼ਨ ਸਰਟੀਫਿਕੇਟ ਦੀ ਡਿਗਰੀ ਪ੍ਰਦਾਨ ਕੀਤੀ ਜਾਵੇਗੀ ਅਤੇ ਇਸ ਡਿਗਰੀ ਸਦਕਾ ਉਹ ਗਰੁੱਪ ਏ ਅਤੇ ਬੀ ਦੀਆਂ ਅਸਾਮੀਆਂ ਲਈ ਅਪਲਾਈ ਕਰਨ ਦੇ ਯੋਗ ਹੋ ਜਾਣਗੇ।

ਇਸ ਤੋਂ ਪਹਿਲਾਂ ਸੇਵਾਮੁਕਤੀ ਸਮੇਂ ਫੌਜ, ਜਲ ਸੈਨਾ ਅਤੇ ਹਵਾਈ ਸੈਨਾ ਵੱਲੋਂ ਦਿੱਤੇ ਵਿਸ਼ੇਸ਼ ਸਿੱਖਿਆ ਸਰਟੀਫਿਕੇਟ ਨਾਲ ਉਹ ਸਿਰਫ਼ ਗਰੁੱਪ ਸੀ ਅਤੇ ਡੀ ਦੀਆਂ ਅਸਾਮੀਆਂ ਲਈ ਹੀ ਅਪਲਾਈ ਕਰ ਸਕਦੇ ਸਨ। ਇਸ ਉਪਰੰਤ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ, ਐਸ.ਏ.ਐਸ.ਨਗਰ ਵਿਖੇ ਹੋਏ ਇੱਕ ਸੰਖੇਪ ਪ੍ਰੋਗਰਾਮ ਦੌਰਾਨ ਦਿਵਿਆਂਗ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਵਿੱਤੀ ਸਹਾਇਤਾ ਦੇ ਚੈੱਕ ਵੰਡੇ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੇ ਪਰਵਾਰਾਂ ਨੂੰ ਦਿੱਤੀ ਜਾਣ ਵਾਲੀ ਐਕਸ-ਗ੍ਰੇਸ਼ੀਆ ਰਾਸ਼ੀ ਵਧਾ ਕੇ ਇੱਕ ਕਰੋੜ ਰੁਪਏ ਕਰ ਦਿੱਤੀ ਗਈ ਹੈ ਅਤੇ ਹਾਲ ਹੀ ਵਿੱਚ ਸ਼ਹੀਦਾਂ ਦੇ 12 ਪਰਵਾਰਾਂ ਨੂੰ ਨੌਕਰੀ ਦੇਣ ਦੀ ਪ੍ਰਕਿਰਿਆ ਵੀ ਮੁਕੰਮਲ ਕਰ ਲਈ ਗਈ ਹੈ ਅਤੇ ਜਲਦ ਹੀ ਉਨ੍ਹਾਂ ਨੂੰ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਜਾਣਗੇ।

# 'ਵਰਸਿਟੀ ਕਾਲਜ ਵਿਖੇ ਕ੍ਰਿਸ਼ੀ ਵਿਗਿਆਨ ਜਾਗਰੂਕਤਾ ਸੈਮੀਨਾਰ




**ਫਿਲੌਰ (ਨਿਰਮਲ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਫਿਲੌਰ ਵਿਖੇ ਪ੍ਰਿੰਸੀਪਲ ਡਾ. ਪਰਮਜੀਤ ਕੌਰ ਜੱਸਲ ਦੀ ਅਗਵਾਈ ਵਿੱਚ ਕ੍ਰਿਸ਼ ਵਿਗਿਆਨ ਕੇਂਦਰ, ਨੂਰਮਹਿਲ (ਜਲੰਧਰ) ਵੱਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਦਿਸ਼ ਨਿਰਦੇਸ਼ ਅਨੁਸਾਰ ਖੇਤੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਵਿਸ਼ ਮਾਹਿਰ ਡਾ.ਉਪਿੰਦਰ ਸਿੰਘ ਸੰਧੂ ਅਤੇ ਡਾ. ਰੋਹਿਤ ਕੁਮਾਰ ਨੇ ਕਾਲਜ ਦੇ ਵਿਦਿਆਰਥੀਆਂ ਨੂੰ ਖੇਤੀਬਾੜੀ ਪ੍ਰਤੀ ਸੁਚੇਤ ਕਰਦਿਆਂ ਕਿਹਾ ਕਿ ਸਾਨੂੰ ਮੌਸਮੀ ਅਤੇ ਉਪਜਾਊ ਸ਼ਕਤੀ ਨੂੰ ਵਧਾਊ ਢੰਗਾਂ ਨਾਲ ਖੇਤੀ ਕਰਨੀ ਚਾਹੀਦੀ ਹੈ। ਇਸੇ ਤਰ੍ਹਾਂ ਪਰਾਲੀ ਨੂੰ ਸਾੜਨ ਤੋਂ ਪਰਹੇਜ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਡਾ.ਰੋਹਿਤ ਕੁਮਾਰ ਨੇ ਕਿਹਾ ਕਿ ਸਾਨੂੰ ਆਪਣੇ ਨਿੱਜੀ ਯਤਨਾਂ ਸਦਕਾ ਜਮੀਨ ਦੀ ਸਾਂਭ ਸੰਭਾਲ ਅਤੇ ਔਰਗੈਨਿਕ ਖੇਤੀ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਪ੍ਰਿੰ. ਡਾ.ਪਰਮਜੀਤ ਕੌਰ ਜੱਸਲ ਰੁੱਖ ਲਗਾਉਣ, ਉਨ੍ਹਾਂ ਦੀਆਂ ਛਾਵਾਂ ਮਾਣਨ ਤੇ ਵਿਰਾਸਤ ਨੂੰ ਸੰਭਾਲਣ ਦਾ ਨਾਅਰਾ ਬੁਲੰਦ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਸਾਨੂੰ ਨਵੀਂਆਂ ਖੇਤੀ ਤਕਨੀਕਾਂ ਬਾਰੇ ਸੁਚੇਤ ਹੋਣਾ ਚਾਹੀਦਾ ਹੈ ਅਤੇ ਆਪਣੇ ਪਰਿਵਾਰ ਨੂੰ ਚੇਤੰਨ ਕਰਨ ਦਾ ਆਹਰ ਵੀ ਕਰਨਾ ਚਾਹੀਦਾ ਹੈ। ਪ੍ਰੋ.ਜਸਵੀਰ ਸਿੰਘ ਵੱਲੋਂ ਬਾਖੂਬੀ ਮੰਚ ਸੰਚਾਲਨ ਕਰਦਿਆਂ ਪੰਜਾਬੀ ਰਿਸਤਾ-ਨਾਤਾ ਦੇ ਖੇਤੀ ਭਾਵ ਜਮੀਨ ਨਾਲ ਜੁੜੇ ਹੋਣ ਦੀਆਂ ਉਦਾਹਰਨਾਂ ਨਾਲ ਵਿਚਾਰ ਸਾਂਝੇ ਕੀਤੇ। ਆਖਰ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ, ਨੂਰਮਹਿਲ ਵੱਲੋਂ ਵਿਦਿਆਰਥੀਆਂ ਨੂੰ ਰੀਫਰੈਸਮੈਂਟ ਵੀ ਦਿੱਤੀ ਗਈ। ਇਸ ਸਮੇਂ ਕਾਲਜ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਮੌਜੂਦ ਰਹੇ।

# ਹਲਕੇ 'ਚ ਵੱਡੇ ਗਰਾਊਂਡ, ਸਟੇਡੀਅਮ ਤੇ ਖੇਡ ਕੋਰਟਾਂ ਦਾ ਨਿਰਮਾਣ ਜ਼ੋਰਾਂ 'ਤੇ : ਚੱਢਾ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਹਲਕਾ ਰੂਪਨਗਰ ਦੇ ਹਰ ਪਿੰਡ ਵਿੱਚ ਖੇਡ ਮੈਦਾਨਾਂ 'ਚ ਰੌਣਕ ਪਰਤੇ,ਇਸ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਹਲਕਾ ਰੂਪਨਗਰ ਦੇ ਪਿੰਡ ਲਾਲਪੁਰ ਵਿਖੇ ਨਰੇਗਾ ਤਹਿਤ ਤਿਆਰ ਕੀਤੇ ਬੈਡਮਿੰਟਨ ਕੋਰਟ ਨੂੰ ਬੱਚਿਆਂ ਦੇ ਸਮਰਪਿਤ ਕਰਦਿਆਂ ਹਲਕਾ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਕਿਹਾ ਕਿ ਉਹ ਦਿਨ ਰਾਤ ਆਪਣੇ ਹਲਕੇ ਦੇ ਪਿੰਡਾਂ ਵਿੱਚ ਖੇਡ ਗਰਾਊਂਡ ਤੇ ਸਟੇਡੀਅਮ ਬਣਾਉਣ ਦੀ ਮੁਹਿੰਮ ਨੂੰ ਅੱਗੇ ਵਧਾਉਣ ਲਈ ਲੱਗੇ ਹੋਏ ਹਨ। ਇਸ ਦੌਰਾਨ ਉਨ੍ਹਾਂ ਪਿੰਡ ਦੀ ਪੰਚਾਇਤ,ਪਿੰਡ ਵਾਸੀਆਂ ਤੇ ਉੱਘੇ ਸਿੱਖਿਆ ਸ਼ਾਸਤਰੀ ਰਾਣਾ ਸੁਮੇਰ ਸਿੰਘ ਰਾਏ ਬਹਾਦਰ ਨਾਲ ਪਿੰਡ ਲਾਲਪੁਰ ਦੇ ਸਮਾਰਟ ਪ੍ਰਾਇਮਰੀ ਸਕੂਲ ਵਿਖੇ ਵਿਸ਼ੇਸ਼ ਤੌਰ 'ਤੇ ਨਰੇਗਾ ਤਹਿਤ ਕਰੀਬ ਇਕ ਲੱਖ ਦੀ ਲਾਗਤ ਨਾਲ ਤਿਆਰ ਕੀਤੇ ਬੈਡਮਿੰਟਨ ਕੋਰਟ ਨੂੰ ਬੱਚਿਆਂ ਲਈ ਸਮਰਪਿਤ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੀ ਖੇਡਾਂ ਪ੍ਰਤੀ ਨੀਤੀ ਤਹਿਤ ਹੀ ਹਲਕਾ ਰੂਪਨਗਰ ਦੇ ਵੀਹ ਪਿੰਡਾਂ ਵਿੱਚ ਵੱਡੇ ਸਟੇਡੀਅਮ ਰੂਪੀ ਗਰਾਊਂਡ ਤੇ ਦਰਜਨਾਂ ਛੋਟੇ ਖੇਡ ਕੋਰਟ ਤਿਆਰ ਕੀਤੇ ਜਾ ਰਹੇ ਹਨ ਤਾਂ ਜੋ ਸਾਡੇ ਪਿੰਡਾਂ ਦੇ ਬੱਚਿਆਂ ਨੂੰ ਵੀ ਖੇਡਾਂ ਦੇ ਖੇਤਰ ਵਿਚ ਅੱਗੇ ਆਉਣ ਦਾ ਮੌਕਾ ਮਿਲੇ। ਇਸ ਦੌਰਾਨ ਪਿੰਡ ਦੀ ਪੰਚਾਇਤ ਨੇ ਪਿੰਡ ਦੀਆਂ ਹੋਰ ਸਮੱਸਿਆਵਾਂ ਵੀ ਵਿਧਾਇਕ ਦੇ ਧਿਆਨ ਹਿੱਤ ਲਿਆਂਦੀਆਂ,ਜਿਸ ਦਾ ਜਲਦ ਹੱਲ ਕਰਵਾਉਣ ਦਾ ਵਿਧਾਇਕ ਵਲੋਂ ਭਰੋਸਾ ਦਿੱਤਾ ਗਿਆ। ਇਸ ਦੌਰਾਨ ਪਿੰਡ ਦੇ ਉੱਘੇ ਵਿਦਵਾਨ ਤੇ ਨਾਮਵਰ ਸ਼ਖਸੀਅਤ ਰਾਏ ਸਾਹਿਬ ਨੇ ਵਿਧਾਇਕ ਨਾਲ ਖੇਡਾਂ ਦੇ ਖੇਤਰ ਵਿਚ ਅੱਗੇ ਵਧਣ ਲਈ ਕਈ ਅਹਿਮ ਨੁਕਤੇ ਸਾਂਝੇ ਕੀਤੇ। ਇਸ ਅਹਿਮ ਮੌਕੇ 'ਤੇ ਪਿੰਡ ਦੇ ਸਰਪੰਚ ਅਮਰਜੀਤ ਕੌਰ ਸਰਪੰਚ, ਕਵਿਤਾ ਦੇਵੀ ਪੰਚ,ਸੁਭਾਸ਼ ਪੰਚ, ਸ਼ਿਵ ਕੁਮਾਰ ਲਾਲਪੁਰਾ, ਪਰਮਿੰਦਰ ਸਿੰਘ ਵਿੱਕੀ,ਮੰਗਤ ਰਾਮ ਪੈਂਤਲੀਆ, ਕੁਲਵੰਤ ਸਿੰਘ, ਰਘਵੀਰ ਸਿੰਘ, ਰਵਿੰਦਰ ਲਾਲਪੁਰੀ,ਧਨੀ ਰਾਮ, ਬਹਾਦਰ ਸਿੰਘ,ਚੰਨਣ ਸਿੰਘ, ਹਰਬੰਸ ਸਿੰਘ, ਮਹਿੰਦਰ ਸਿੰਘ, ਦਵਿੰਦਰ ਸਿੰਘ, ਗੁਰਜੀਤ ਸਿੰਘ, ਅਵਤਾਰ ਸਿੰਘ ਕੁੰਨਰ,ਹਰਜਾਪ ਸਿੰਘ ਔਲਖ, ਬਲਦੇਵ ਰਾਜ, ਐਡਵੋਕੇਟ ਮੱਖਣ ਸਿੰਘ, ਮਨਦੀਪ ਸਿੰਘ ਸਰਾਏ,ਰੋਸ਼ਨ ਲਾਲ, ਰਾਜਪਾਲ, ਜਸਵਿੰਦਰ ਸਿੰਘ ਪੈਂਤਲੀਆ ਸਮੇਤ ਸਕੂਲ ਸਟਾਫ ਤੇ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।

## ਆਮ ਆਦਮੀ ਕਲਿਨਿਕ ਪਲਾਹੀ ਲਈ ਐੱਨ ਆਰ ਆਈ ਨੇ ਦਿੱਤੀਆਂ ਦਵਾਈਆਂ



**ਫਗਵਾੜਾ,( ਡਾ. ਰਮਨ )** ਪਿੰਡ ਪਲਾਹੀ ਦੇ ਆਮ ਆਦਮੀ ਕਲਿਨਿਕ ਨੂੰ ਲੋਕ ਹਿੱਤ ਵਿੱਚ ਮਰੀਜ਼ਾਂ ਨੂੰ ਦੇਣ ਵਾਲੀਆਂ ਦਵਾਈਆਂ ਦੀ ਲੋੜ ਪੂਰੀ ਕਰਨ ਲਈ ਐਨ.ਆਰ ਆਈ. ਹਰਭਜਨ ਸਿੰਘ ਸੱਲ ਸਰੀ (ਕੈਨੇਡਾ) ਨੇ 30,000 ਰੁਪਏ ਦੀਆਂ ਦਵਾਈਆਂ ਖਰੀਦ ਕੇ ਗ੍ਰਾਮ ਪੰਚਾਇਤ ਪਲਾਹੀ ਰਾਹੀਂ ਕਲਿਨਿਕ ਨੂੰ ਸੌਂਪੀਆਂ। ਡਾ: ਕਿਰਨਦੀਪ ਕੌਰ ਸਿੱਧੂ ਨੇ ਕਿਹਾ ਕਿ ਪਿੰਡ ਪਲਾਹੀ ਹੀ ਨਹੀਂ ਸਗੋਂ ਆਲੇ- ਦੁਆਲੇ ਦੇ 8-10 ਪਿੰਡਾਂ ਦੇ ਮਰੀਜ਼ ਇਥੋਂ ਦਵਾਈਆਂ ਲੈਂਦੇ ਹਨ ਅਤੇ ਕਲਿਨਿਕ ਵਿੱਚ ਐਮਰਜੈਂਸੀ ਸੇਵਾਵਾਂ, ਟੈਸਟ ਆਦਿ ਵੀ ਕਰਵਾਏ ਜਾਂਦੇ ਹਨ। ਰੋਜ਼ਾਨਾ ਵੱਡੀ ਗਿਣਤੀ 'ਚ ਮਰੀਜ਼ ਕਲਿਨਿਕ ਦੀਆਂ ਸੇਵਾਵਾਂ ਲੈਣ ਪੁੱਜਦੇ ਹਨ। ਨਗਰ ਪੰਚਾਇਤ ਵਲੋਂ ਮਦਨ ਲਾਲ ਪੰਚ, ਰਵੀਪਾਲ ਪੰਚ, ਗੁਰਨਾਮ ਸਿੰਘ ਸੱਲ, ਸੁਖਵਿੰਦਰ ਸਿੰਘ ਸੱਲ, ਐਸ.ਆਈ.ਗੁਰਮੇਜ ਸਿੰਘ, ਐਮ.ਐਲ.ਟੀ. ਸਰਬਜੀਤ ਕੌਰ, ਸੀ.ਏ. ਸਰਬਜੀਤ ਕੌਰ, ਗੋਬਿੰਦ ਸਿੰਘ ਸੱਲ, ਸੋਢੀ ਬਸਰਾ, ਮੇਜਰ ਸਿੰਘ ਠੇਕੇਦਾਰ, ਸਤਵਿੰਦਰ ਸਿੰਘ ਸੈਣੀ ਖੁਰਮਪੁਰ, ਪ੍ਰੋਮਿਲਾ ਰਾਣੀ ਐਲ.ਐਚ.ਵੀ, ਪ੍ਰਭਜੋਤ ਸਿੰਘ ਫਰਮਾ ਸਿਸਟ ਆਦਿ ਹਾਜ਼ਰ ਸਨ।

# ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ ਹੀ ਸਾਡੀ ਸਰਵਉੱਚ ਜ਼ਿੰਮੇਦਾਰੀ: ਡਾ. ਮਿਸ਼ਰਾ




**ਹੁਸ਼ਿਆਰਪੁਰ, (ਓ ਪੀ ਰਾਣਾ )** - ਤਕਨੀਕੀ ਵਿੱਦਿਅਕ ਅਦਾਰਿਆਂ ਵਿੱਚ ਖੇਡਾਂ ਦਾ ਮਹੱਤਵ ਬਹੁਤ ਜਰੂਰੀ ਹੈ, ਕਿਉਂਕਿ ਤੰਦਰੁਸਤ ਸਰੀਰ ਵਿੱਚ ਹੀ ਸਿਹਤਮੰਦ ਸੋਚ ਨਿਵਾਸ ਕਰਦੀ ਹੈ, ਜੋ ਵਿਦਿਆਰਥੀ ਜੀਵਨ ਵਿੱਚ ਅੱਗੇ ਵਧਣ ਦੀ ਸ਼ਕਤੀ ਦਿੰਦੀ ਹੈ! ਇਹ ਵਿਚਾਰ ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ. ਪੀ.ਟੀ.ਯੂ.) ਦੇ ਰਜਿਸਟਰਾਰ ਡਾ.ਐਸ.ਕੇ. ਮਿਸ਼ਰਾ ਦੇ ਹਨ। ਉਹ ਯੂਨੀਵਰਸਿਟੀ ਦੇ ਹੁਸ਼ਿਆਰਪੁਰ ਕੈਂਪਸ ਵਿਖੇ ਸ਼ੁਰੂ ਹੋਈ 8ਵੀਂ ਸਾਲਾਨਾ ਐਥਲੈਟਿਕ ਮੀਟ ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰ ਰਹੇ ਸਨ। ਉਹ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਡਾ. ਗੌਰਵ ਭਾਰਗਵ, ਡੀਨ ਸਟੂਡੈਂਟ ਵੈਲਫੇਅਰ, ਆਈ.ਕੇ.ਜੀ. ਪੀ.ਟੀ.ਯੂ. ਨੇ ਸਮਾਗਮ ਦੇ ਮਹਿਮਾਨ ਵਜੋਂ ਸ਼ਿਰਕਤ ਕੀਤੀ। ਆਈ.ਕੇ.ਜੀ. ਪੀ.ਟੀ.ਯੂ. ਹੁਸ਼ਿਆਰਪੁਰ ਕੈਂਪਸ ਪੰਡਿਤ ਜੇ ਆਰ ਸਰਕਾਰੀ ਪੋਲੀਟੈਕਨਿਕ ਕਾਲਜ, ਜਲੰਧਰ ਰੋਡ (ਪੈਟਰੋਲ ਪੰਪ ਦੇ ਸਾਹਮਣੇ) ਵਿਖੇ ਸਥਿਤ ਹੈ! ਪ੍ਰੋਗਰਾਮ ਦੀ ਸ਼ੁਰੂਆਤ ਝੰਡਾ ਲਹਿਰਾ ਕੇ ਕੀਤੀ ਗਈ। ਇਸ ਸਾਲ ਦੋਵੇਂ ਰਵਾਇਤੀ ਖੇਡਾਂ (ਜਿਵੇਂ ਕਿ ਕਬੱਡੀ) ਅਤੇ ਓਲੰਪਿਕ ਖੇਡਾਂ ਵੀ ਸਪੋਰਟਸ ਮੀਟ ਦਾ ਹਿੱਸਾ ਹਨ! ਡਾ.ਐਸ.ਕੇ.ਮਿਸ਼ਰਾ, ਰਜਿਸਟਰਾਰ ਆਈ.ਕੇ.ਜੀ.ਪੀ.ਟੀ.ਯੂ. ਨੇ ਵਿਦਿਆਰਥੀਆਂ ਨੂੰ ਇਸ ਸਮਾਗਮ ਲਈ ਵਧਾਈ ਦਿੱਤੀ ਅਤੇ ਉਹਨਾਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਡਾ: ਮਿਸ਼ਰਾ ਨੇ ਐਲਾਨ ਕੀਤਾ ਕਿ ਕੈਂਪਸ ਦੇ ਸਰਵਪੱਖੀ ਵਿਕਾਸ ਅਤੇ ਵਿਦਿਆਰਥੀਆਂ ਦੀ ਕੈਂਪਸ ਪਲੇਸਮੈਂਟ 'ਤੇ ਵਿਸ਼ੇਸ਼ ਜੋਰ ਦਿੱਤਾ ਜਾ ਰਿਹਾ ਹੈ ਅਤੇ ਇਸ ਵਾਰ ਯੂਨੀਵਰਸਿਟੀ ਪੰਜਾਬ ਸਰਕਾਰ ਦੀ ਅਗਵਾਈ ਹੇਠ ਵੱਧ ਤੋਂ ਵੱਧ ਪਲੇਸਮੈਂਟਾਂ ਨੂੰ ਯਕੀਨੀ ਬਣਾਏਗੀ। ਉਨ੍ਹਾਂ ਕੈਂਪਸ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਵੀ ਕੀਤਾ। ਡਾ. ਗੌਰਵ ਭਾਰਗਵ, ਡੀਨ ਵਿਦਿਆਰਥੀ ਭਲਾਈ ਨੇ ਵਿਦਿਆਰਥੀਆਂ ਦੀ ਗਤੀਵਿਧੀ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦਾ ਮਨੋਬਲ ਵਧਾਇਆ। ਸਮਾਗਮ ਦੌਰਾਨ ਡਾ.ਰਚਨਾ ਕੌਰ, ਪ੍ਰਿੰਸੀਪਲ ਪੰਡਿਤ ਜੇ.ਆਰ. ਸਰਕਾਰੀ ਬਹੁਤਕਨੀਕੀ ਕਾਲਜ ਅਤੇ ਹੁਸ਼ਿਆਰਪੁਰ ਕੈਂਪਸ ਦੇ ਡਾਇਰੈਕਟਰ ਡਾ. ਅਸੀਸ ਅਰੋੜਾ ਨੇ ਵੀ ਵਿਦਿਆਰਥੀਆਂ ਦਾ ਮਨੋਬਲ ਵਧਾਇਆ। ਇਸ ਸਮਾਗਮ ਵਿੱਚ ਯੂਨੀਵਰਸਿਟੀ ਦੇ ਹੁਸ਼ਿਆਰਪੁਰ ਕੈਂਪਸ ਦੇ ਡਿਪਟੀ ਰਜਿਸਟਰਾਰ ਗਗਨ ਜੋਤ ਸਿੰਘ ਵੀ ਕਨਵੀਨਰ ਵਜੋਂ ਹਾਜ਼ਰ ਸਨ।

29-MAR-PAGE-10.qxd 3/28/2023 10:05 PM Page 1



# 309 ਏਕੜ ਜ਼ਮੀਨ ਦੇ ਕਾਸ਼ਤਕਾਰ ਕਿਸਾਨਾਂ/ਮਜ਼ਦੂਰਾਂ ਨੂੰ ਮਾਲਕੀ ਅਧਿਕਾਰ ਦਿੱਤੇ ਜਾਣ : ਰੇਸ਼ਮ ਸਿੰਘ ਮਿੱਡਾ

## ਭਲਕੇ ਵਿਧਾਇਕ ਜਗਦੀਪ ਕੰਬੋਜ ਦੀ ਰਿਹਾਇਸ਼ ਦਾ ਘੇਰਾਓ ਕਰਕੇ ਧਰਨਾ ਦਿੱਤਾ ਜਾਵੇਗਾ : ਸੁਰਿੰਦਰ ਢੰਡੀਆਂ



**ਜਲਾਲਾਬਾਦ (ਜੀਤ ਕੁਮਾਰ)**

ਭਾਰਤ-ਪਾਕਿਸਤਾਨ ਦੀ ਵੰਡ ਸਮੇਂ 1947 ਤੋਂ ਝਾੜੀਆਂ ਪੁੱਟ ਕੇ ਤੇ ਟਿੱਬੇ-ਟੋਏ ਪੂਰ ਕੇ ਖੇਤੀਯੋਗ ਬਣਾਈ 309 ਕਿੱਲੇ ਜ਼ਮੀਨ ਵਿੱਚ ਵਸੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਮਾਲਕੀ ਅਧਿਕਾਰ ਦਿਵਾਉਣ ਲਈ ਚੱਲ ਰਹੇ ਸੰਘਰਸ਼ ਨੂੰ ਲੈ ਕੇ ਅੱਜ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਵਿੱਚੋਂ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਿੰਦਰ ਢੰਡੀਆਂ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਰੇਸ਼ਮ ਸਿੰਘ ਮਿੱਡਾ ਤੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਕੁਲਵਿੰਦਰ ਸਿੰਘ ਨੇ ਸਥਾਨਕ ਸੁਤੰਤਰ ਭਵਨ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਹੱਦ ਦੇ ਨਜ਼ਦੀਕ ਪਿੰਡ ਬੱਘੇ ਕੇ ਹਿਠਾੜ, ਢਾਣੀ ਪੰਜਾਬ ਪੁਰਾ ਤੇ ਸੰਤੋਖ ਸਿੰਘ ਵਾਲਾ ਵਿੱਚ 309 ਕਿੱਲੇ ਜ਼ਮੀਨ ਵਿੱਚ ਅਜ਼ਾਦੀ ਤੋਂ ਲੈ ਕੇ ਹੁਣ ਤੱਕ ਛੋਟੇ ਕਿਸਾਨ ਤੇ ਮਜ਼ਦੂਰ ਕਾਸ਼ਤ ਕਰ ਰਹੇ ਹਨ, ਜਿਨ੍ਹਾਂ ਕੋਲ ਇਕ ਕਿੱਲੇ ਤੋਂ ਲੈ ਕੇ ਅੱਧਾ ਕਿੱਲੇ ਤੱਕ ਜ਼ਮੀਨ ਹੈ, ਜਿਸ ਵਿੱਚ ਕੁਝ ਲੋਕ ਆਪਣੇ ਰਹਿਣ ਬਸੇਰੇ ਬਣਾ ਕੇ ਰਹਿੰਦੇ ਹਨ। ਇਹ 450 ਦੇ ਕਰੀਬ ਪਰਿਵਾਰ ਹਨ। ਉਨ੍ਹਾਂ ਕਿਹਾ ਕਿ ਪੰਚਾਇਤੀ ਐਕਟ 1964 ਦੌਰਾਨ ਬਣਿਆ ਹੈ, ਉਸ ਦੇ ਮੁਤਾਬਕ ਪੰਚਾਇਤੀ ਜ਼ਮੀਨ ਹੋਣ ਦਾ ਦਾਅਵਾ ਮੌਜੂਦਾ ਸਰਕਾਰ ਕਰ ਰਹੀ ਹੈ ਤੇ ਸਥਾਨਕ ਪ੍ਰਸ਼ਾਸਨ ਵੱਲੋਂ 22 ਦਸੰਬਰ 2022 ਨੂੰ ਨਿਸ਼ਾਨਦੇਹੀ ਕਰਵਾ ਕੇ ਅਕਵਾਇਰ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਗਈ ਸੀ ਅਤੇ ਇਸ ਦੇ ਬਾਅਦ 26 ਦਸੰਬਰ ਨੂੰ ਇਸ ਜ਼ਮੀਨ ਨੂੰ ਅਕਵਾਇਰ ਕਰਨ ਲਈ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਪਹੁੰਚਣ ਦੀ ਪਿੰਡ ਵਾਸੀਆਂ ਨੂੰ ਪਤਾ ਚੱਲਿਆ ਤਾਂ ਇਸ ਜ਼ਮੀਨ ਵਿੱਚ ਵੱਸੇ ਲੋਕਾਂ ਨੇ ਕਿਸਾਨ ਸੰਗਠਨਾਂ ਨਾਲ ਰਾਬਤਾ ਕਰਕੇ ਇਥੇ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੀ ਦੇਖ ਰੇਖ ਹੇਠ ਪਿੰਡ ਬੱਘੇਕੇ ਵਿਖੇ 24 ਦਸੰਬਰ ਤੋਂ ਲਗਾਤਾਰ ਮੋਰਚਾ ਲਗਾਇਆ ਗਿਆ ਹੈ, ਜੋ ਲਗਾਤਾਰ ਜਾਰੀ ਹੈ, ਇਸਦੇ ਨਾਲ ਹੀ ਐੱਫ-ਐੱਫ ਰੋਡ ਜਾਮ ਕੀਤਾ ਗਿਆ, ਵਿਧਾਇਕ ਦੇ ਖਿਲਾਫ ਅਰਥੀ ਫੂਕ ਪ੍ਰਦਰਸ਼ਨ ਵੀ ਕੀਤਾ ਗਿਆ ਤੇ ਇਸ 309 ਕਿੱਲੇ ਜ਼ਮੀਨ 'ਚ ਵੱਸੇ ਲੋਕਾਂ ਨੂੰ ਮਾਲਕੀ ਅਧਿਕਾਰ ਦੇਣ ਦੀ ਮੰਗ ਕੀਤੀ ਜਾ ਰਹੀ ਹੈ, ਇਸ ਦੇ ਨਾਲ ਹੀ ਪ੍ਰਸ਼ਾਸਨ ਪਾਸੋਂ 1947 ਤੋਂ ਲੈ ਕੇ 1963 ਤੱਕ ਦਾ ਇਸ ਜ਼ਮੀਨ ਦਾ ਰਿਕਾਰਡ ਮੰਗਿਆ ਜਾ ਰਿਹਾ ਹੈ, ਪਰ ਤ੍ਰਾਸਦੀ ਇਹ ਹੈ ਕਿ ਜਿੱਥੇ ਪਿਛਲਾ ਰਿਕਾਰਡ ਨਹੀਂ ਦਿੱਤਾ ਜਾ ਰਿਹਾ ਹੈ, ਉਥੇ ਜ਼ਮੀਨ ਦੇ ਮਾਲਕੀ ਅਧਿਕਾਰ ਦੇਣ ਦੀ ਮੰਗ ਨੂੰ ਵੀ ਪੂਰਾ ਨਹੀਂ ਕੀਤਾ ਜਾ ਰਿਹਾ ਹੈ, ਜਿਸ ਦੇ ਰੋਸ ਵਜੋਂ ਹੁਣ 30 ਮਾਰਚ ਨੂੰ ਵਿਧਾਇਕ ਜਗਦੀਪ ਕੰਬੋਜ ਗੋਲਡੀ ਦੀ ਰਿਹਾਇਸ਼ ਦਾ ਘਿਰਾਓ ਕਰਕੇ ਧਰਨਾ ਦਿੱਤਾ ਜਾਵੇਗਾ ਅਤੇ ਜੇਕਰ ਫਿਰ ਵੀ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੀਆਂ ਮੰਗਾਂ ਦਾ ਹੱਲ ਨਹੀਂ ਕੀਤਾ ਗਿਆ ਤਾਂ ਇਸ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਤੇ 309 ਕਿੱਲੇ ਜ਼ਮੀਨ ਦੇ ਮਾਲਕੀ ਅਧਿਕਾਰ ਸਬੰਧਤ ਕਿਸਾਨਾਂ ਤੇ ਮਜ਼ਦੂਰਾਂ ਨੂੰ ਦਿਵਾਉਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਸਾਨ ਆਗੂ ਹਰਮੀਤ ਸਿੰਘ, ਮਹਿੰਦਰ ਸਿੰਘ, ਜਮੀਨ ਬਚਾਓ ਸੰਘਰਸ ਕਮੇਟੀ ਮੈਂਬਰ ਕਾਮਰੇਡ ਕਰਨੈਲ ਬੱਘੇਕੇ, ਬਲਵੰਤ ਸਿੰਘ, ਬਲਵੀਰ ਸਿੰਘ ਆਦਿ ਹਾਜ਼ਰ ਸਨ।

# 'ਕਿਸਾਨ-ਏ-ਬਾਗਬਾਨੀ' ਐਪ ਦਾ ਕਿਸਾਨਾਂ ਨੂੰ ਹੋਵੇਗਾ ਫਾਇਦਾ : ਗੌਰਵ ਪੁਰੀ



**ਜਲੰਧਰ** : ਆਮ ਆਦਮੀ ਪਾਰਟੀ ਪੰਜਾਬ ਵਪਾਰ ਮੰਡਲ ਦੇ ਜ਼ਿਲ੍ਹਾ ਪ੍ਰਧਾਨ ਨੇ ਮੰਗਲਵਾਰ ਨੂੰ ਕਿਹਾ ਕਿ ਬਾਗਬਾਨੀ ਵਿਭਾਗ ਵਲੋਂ ਜਾਰੀ ਕੀਤੀ ਗਈ 'ਕਿਸਾਨ-ਏ-ਬਾਗਬਾਨੀ' ਐਪ ਨਾਲ ਕਿਸਾਨਾਂ ਨੂੰ ਬਹੁਤ ਫਾਇਦਾ ਹੋਵੇਗਾ।

ਸ੍ਰੀ ਪੁਰੀ ਨੇ ਦੱਸਿਆ ਕਿ ਇਹ ਐਪ ਅੱਜ ਬਾਗਬਾਨੀ, ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਕਿਸਾਨਾਂ ਨੂੰ ਬਾਗਬਾਨੀ ਵਿਭਾਗ ਨਾਲ ਸਬੰਧਤ ਸਕੀਮਾਂ ਦੀ ਜਾਣਕਾਰੀ ਦੇਣ ਦੇ ਮਕਸਦ ਨਾਲ ਜਾਰੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕਿਸਾਨ ਵਿਭਾਗ ਵਿੱਚ ਪਾਰਦਰਸ਼ਤਾ ਲਿਆਉਣ ਅਤੇ ਦਰਖਾਸਤਾਂ ਨੂੰ ਟਰੈਕ ਕਰਕੇ ਸਕੀਮਾਂ ਤਹਿਤ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਆਨਲਾਈਨ ਅਪਲਾਈ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਇਸ ਐਪ ਰਾਹੀਂ ਕਿਸਾਨਾਂ ਨੂੰ ਵੱਖ-ਵੱਖ ਮੰਡੀਆਂ ਵਿੱਚ ਫਲਾਂ ਅਤੇ ਸਬਜੀਆਂ ਦੇ ਰੋਜਾਨਾ ਭਾਅ ਅਤੇ ਮੌਸਮ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਐਪ ਦੀ ਮਦਦ ਨਾਲ ਕਿਸਾਨ ਨਾ ਸਿਰਫ ਵਿਭਾਗ ਦੀਆਂ ਸਕੀਮਾਂ ਨਾਲ ਸਬੰਧਤ ਜਾਣਕਾਰੀ ਹਾਸਲ ਕਰ ਸਕਣਗੇ, ਸਗੋਂ ਆਪਣੀਆਂ ਅਰਜੀਆਂ ਨੂੰ ਆਨਲਾਈਨ ਟ੍ਰੈਕ ਵੀ ਕਰ ਸਕਣਗੇ।

# ਭਾਜਪਾ ਦਾ ਸ਼ਾਸਨ ਕਾਲ ਸੰਵਿਧਾਨ ਤੇ ਲੋਕਤੰਤਰ ਲਈ ਖਤਰਾ : ਸਮਾਓਂ

## ■ ਏ ਡੀ ਸੀ ਦਫਤਰ ਅੱਗੇ ਮਜ਼ਦੂਰ ਮੋਰਚਾ ਜਾਰੀ



**ਮਾਨਸਾ (ਪਮਾਰ)**-ਦਿਲੀ ਵਿਖੇ ਮੋਦੀ ਹਟਾਓ ਭਾਰਤ ਬਚਾਓ ਦੇ ਪੋਸਟਰ, ਪੇਂਟਿੰਗ, ਪ੍ਰੈੱਸ ਸਮੇਤ ਲੋਕਾਂ 'ਤੇ ਪਰਚਾ ਦਰਜ ਕਰਨਾ ਤੇ ਰਾਹੁਲ ਗਾਂਧੀ ਦੀ ਪਾਰਲੀਮੈਂਟ ਮੈਂਬਰੀ ਖਤਮ ਕਰਕੇ ਮੋਦੀ ਭਾਜਪਾ ਨੇ ਸੰਵਿਧਾਨ ਤੇ ਲੋਕਤੰਤਰ 'ਤੇ ਵੱਡਾ ਹਮਲਾ ਕੀਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਜ਼ਦੂਰ ਮੰਗਾਂ ਲਈ ਏ ਡੀ ਸੀ ਵਿਕਾਸ ਦਫਤਰ ਅੱਗੇ ਚੱਲ ਰਿਹਾ ਦਿਨ-ਰਾਤ ਦਾ ਪੱਕੇ ਮਜ਼ਦੂਰ ਮੋਰਚੇ ਦੇ 241ਵੇਂ ਦਿਨ ਧਰਨੇ 'ਤੇ ਬੈਠੇ ਮਜ਼ਦੂਰਾਂ ਨੂੰ ਸੰਬੋਧਨ ਕਰਦੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਕੀਤਾ। ਇਸ ਸਮੇਂ ਉਨ੍ਹਾਂ ਕਿਹਾ ਕਿ ਭਾਜਪਾ ਮੋਦੀ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਦੇਸ਼ ਅੰਦਰ ਆਏ ਦਿਨ ਦਲਿਤਾਂ, ਔਰਤਾਂ ਤੇ ਘੱਟ ਗਿਣਤੀ ਲੋਕਾਂ 'ਤੇ ਫਿਰਕੂ ਹਮਲੇ ਹੋ ਰਹੇ ਹਨ ਅਤੇ ਅਬਾਦੀ ਦੇ 85% ਭਾਰਤੀਆਂ ਨੂੰ ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ ਵਿੱਚ ਸੁੱਟ ਕੇ ਅਡਾਨੀ, ਅੰਬਾਨੀ ਸਮੇਤ ਵੱਡੇ ਪੂੰਜੀਪਤੀਆਂ ਦੀਆਂ ਜੇਬਾਂ ਭਰੀਆਂ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਮੋਦੀ ਦੇ ਰਾਜ ਵਿੱਚ ਬ੍ਰਾਹਮਣਵਾਦ ਤੇ ਪੂੰਜੀਵਾਦ, ਸੰਵਿਧਾਨ ਨੂੰ ਖਤਮ ਕਰਕੇ ਮੰਨੂ ਸਿਮ੍ਰਤੀ ਲਾਗੂ ਕਰਨਾ ਚਾਹੁੰਦਾ ਹੈ। ਉਨ੍ਹਾ ਕਿਹਾ ਕਿ ਦਲਿਤ ਮਜ਼ਦੂਰ ਸਮਾਜ ਨੂੰ ਫਿਰਕੂ ਲੋਕਾਂ ਤੋਂ ਸੁਚੇਤ ਹੋ ਕੇ ਹੱਕਾਂ ਲਈ ਸੰਘਰਸ਼ ਦਾ ਮੈਦਾਨ ਮੱਲਣ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅੰਮ੍ਰਿਤਪਾਲ ਘਟਨਾਕ੍ਰਮ ਲਈ ਆਪ ਮਾਨ ਸਰਕਾਰ ਜ਼ਿੰਮੇਵਾਰ ਹੈ ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਸਿੱਖ ਨੌਜਵਾਨਾਂ ਤੇ ਲਾ ਕੇ ਗ੍ਰਿਫਤਾਰ ਕਰਨ ਦੀ ਨਿਖੇਧੀ ਕਰਦਾ ਹੈ। ਉਨ੍ਹਾਂ ਕਿਹਾ ਕਿ ਹੁਣ ਛੇਵੀਂ ਵਾਰ ਜੇਕਰ ਮਜ਼ਦੂਰ ਜਥੇਬੰਦੀਆਂ ਨਾਲ 29 ਮਾਰਚ ਨੂੰ ਹੋਣ ਵਾਲੀ ਮੀਟਿੰਗ ਤੋਂ ਮੁੱਖ ਮੰਤਰੀ ਭੱਜਿਆ ਤਾਂ ਮਜ਼ਦੂਰ ਰਾਜ ਅੰਦਰ ਤਿੱਖਾ ਸੰਘਰਸ਼ ਕਰਨਗੇ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੀ ਤਰ੍ਹਾਂ ਅਫਸਰਸ਼ਾਹੀ ਵੀ ਦਲਿਤਾਂ ਮਜ਼ਦੂਰ ਵਿਰੋਧੀ ਬੈਠੀ ਹੈ। ਇਸ ਸਮੇਂ ਦਰਸ਼ਨ ਸਿੰਘ ਦਾਨੇਵਾਲਾ, ਜਰਨੈਲ ਸਿੰਘ ਮਾਨਸਾ, ਮੋਦਨ ਸਿੰਘ ਨੰਗਲ, ਹਾਕਮ ਸਿੰਘ ਖਿਆਲਾ ਨੇ ਵੀ ਸੰਬੋਧਨ ਕੀਤਾ।

## ਕਾਤਰਾਂ

### ਬੀ ਕੇ ਯੂ ਏਕਤਾ (ਅਜਾਦ) ਵੱਲੋਂ ਫਸਲਾਂ ਦੇ ਮੁਆਵਜ਼ੇ ਲਈ ਡੀ ਸੀ ਨੂੰ ਮੰਗ ਪੱਤਰ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਬਲਾਕ ਪਟਿਆਲਾ 1 ਦੇ ਪਿੰਡ ਫਤਿਹਪੁਰ ਦੀ ਮੀਟਿੰਗ ਗੁਰਦੇਵ ਸਿੰਘ ਗੱਜੂਮਾਜਰਾ, ਜਸਵੰਤ ਸਿੰਘ ਸਦਰਪੁਰ, ਚਮਕੌਰ ਸਿੰਘ ਭੇਡਪੁਰਾ, ਬਲਕਾਰ ਸਿੰਘ ਤਰੋੜਾ ਤੇ ਗੁਰਵਿੰਦਰ ਸਿੰਘ ਸਦਰਪੁਰ, ਗੁਰਬਿੰਦਰ ਸਿੰਘ ਬੀਬੀਪੁਰ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਪਿੰਡ ਕਮੇਟੀ ਦੀ ਚੋਣ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਗੁਰਦੇਵ ਸਿੰਘ ਗੱਜੂਮਾਜਰਾ ਨੇ ਹਾਜ਼ਰ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜੋ ਬੇਮੌਸਮੀ ਬਾਰਸ਼ ਕਾਰਨ ਹੋਏ ਨੁਕਸਾਨ ਸਬੰਧਤ ਫਸਲਾਂ ਤੇ ਸਬਜ਼ੀਆਂ ਜਿਵੇਂ ਕਣਕ, ਮੱਕੀ, ਸਰ੍ਹੋਂ, ਸੂਰਜਮੁਖੀ, ਆਲੂ, ਹਰਾ ਚਾਰਾ, ਸਬਜ਼ੀਆਂ ਆਦਿ ਦੀ ਤੁਰੰਤ ਗਿਰਦਾਵਰੀ ਕਰਵਾ ਕੇ ਮੁਆਵਜ਼ਾ ਦਿੱਤਾ ਜਾਵੇ। ਇਸ ਸਬੰਧੀ ਡੀ ਸੀ ਪਟਿਆਲਾ ਨੂੰ ਮੁੱਖ ਮੰਤਰੀ ਦੇ ਨਾਮ ਮੰਗ ਪੱਤਰ ਦਿੱਤਾ ਗਿਆ, ਜਿਸ ਵਿੱਚ ਸੂਬਾ ਕਾਰਜਕਾਰੀ ਮੈਂਬਰ ਕਰਨੈਲ ਸਿੰਘ ਲੰਗ, ਪਰਮਜੀਤ ਸਿੰਘ ਹਰਦਾਸਪੁਰ, ਹਰਦੇਵ ਸਿੰਘ ਹਰਦਾਸਪੁਰ, ਬਲਕਾਰ ਸਿੰਘ ਲੰਗ, ਨੈਬ ਸਿੰਘ, ਯਾਦਵਿੰਦਰ ਸਿੰਘ ਫਤਹਿਪੁਰ ਆਦਿ ਹਾਜ਼ਰ ਸਨ।

### ਗੁਰੂ ਨਾਨਕ ਕਾਲਜ 'ਚ ਗਣਿਤ ਦਿਵਸ ਮਨਾਇਆ

**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਪੋਸਟ ਗ੍ਰੈਜੂਏਟ ਗਣਿਤ ਵਿਭਾਗ ਵੱਲੋਂ ਅੰਤਰਰਾਸ਼ਟਰੀ ਗਣਿਤ ਦਿਵਸ, ਡੀ.ਬੀ.ਟੀ. ਨਵੀਂ ਦਿੱਲੀ ਦੀ ਸਟਾਰ ਕਾਲਜ ਸਕੀਮ ਤਹਿਤ ਮਨਾਇਆ ਗਿਆ। ਗਣਿਤ ਵਿਭਾਗ ਦੇ ਮੁਖੀ ਪ੍ਰੋ. ਸਤਿੰਦਰਪਾਲ ਕੌਰ ਨੇ ਦੱਸਿਆ ਕਿ ਇਸ ਦਿਵਸ ਦੌਰਾਨ ਵਿਭਾਗ ਦੇ ਵਿਦਿਆਰਥੀਆਂ ਦੇ ਗਣਿਤ ਮਾਡਲ, ਪੋਸਟਰ ਪੇਸ਼ਕਾਰੀ ਤੇ ਪਾਵਰ ਪੁਆਇੰਟ ਪੇਸ਼ਕਾਰੀ ਨਾਲ ਸੰਬੰਧਤ ਮੁਕਾਬਲੇ ਕੀਤੇ ਗਏ। ਇਨ੍ਹਾਂ ਮੁਕਾਬਲਿਆਂ ਵਿੱਚੋਂ ਸ਼ਰੂਤੀ ਤੇ ਸ਼ਰਨਦੀਪ ਕੌਰ, ਐੱਮ.ਐੱਸ.ਸੀ. ਭਾਗ ਪਹਿਲਾ ਨੇ ਗਣਿਤ ਮਾਡਲ ਮੁਕਾਬਲੇ ਵਿੱਚੋਂ ਪਹਿਲਾ ਸਥਾਨ, ਜਸਪ੍ਰੀਤ ਕੌਰ ਤੇ ਬਿਸਮਨਦੀਪ ਕੌਰ ਐੱਮ.ਐੱਸ.ਸੀ. ਭਾਗ ਦੂਜਾ ਨੇ ਦੂਸਰਾ, ਹਰਸਿਮਰਨ ਕੌਰ ਤੇ ਜਸਕੀਰਤ ਕੌਰ ਬੀ ਏ ਭਾਗ ਤੀਜਾ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਪਾਵਰ ਪੁਆਇੰਟ ਪੇਸ਼ਕਾਰੀ ਮੁਕਾਬਲੇ ਵਿੱਚ ਸਰੂਤੀ ਨੇ ਪਹਿਲਾ, ਨੇਹਾ ਨੇ ਦੂਜਾ ਤੇ ਹਰਸਿਮਰਨ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਪੋਸਟਰ ਪੇਸ਼ਕਾਰੀ ਮੁਕਾਬਲੇ 'ਚ ਸ਼ਰਨਦੀਪ ਕੌਰ ਨੇ ਪਹਿਲਾ, ਮਨਪ੍ਰੀਤ ਕੌਰ ਤੇ ਸਿਮਰਨਜੀਤ ਕੌਰ ਨੇ ਦੂਸਰਾ ਅਤੇ ਪਰਵੀਨ ਕੌਰ ਤੇ ਰੂਹਾਨੀ ਬੱਬਰ ਨੇ ਤੀਸਰਾ ਸਥਾਨ ਹਾਸਲ ਕੀਤਾ। ਕਾਲਜ ਪ੍ਰਿੰਸੀਪਲ ਡਾ. ਤੇਜਿੰਦਰ ਕੌਰ ਧਾਲੀਵਾਲ ਤੇ ਸਥਾਨਕੀ ਪ੍ਰਬੰਧਕੀ ਕਮੇਟੀ ਦੇ ਵਧੀਕ ਸਕੱਤਰ ਸ. ਮਨਜੀਤ ਸਿੰਘ ਬਰਕੰਦੀ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਆਉਣ ਵਾਲੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

### ਸਮਰੱਥਾ ਨਿਰਮਾਣ ਵਰਕਸ਼ਾਪ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਜਾਬ ਮਿਉਂਸਪਲ ਬੁਨਿਆਦੀ ਢਾਂਚਾ ਵਿਕਾਸ ਕੰਪਨੀ (ਪੀ ਐੱਮ ਆਈ ਡੀ ਸੀ) ਵੱਲੋਂ ਰੀਪ ਕ੍ਰਿਏਸ਼ਨ ਤਹਿਤ ਸਮਰੱਥਾ ਨਿਰਮਾਣ ਵਰਕਸ਼ਾਪ ਦਾ ਆਯੋਜਨ ਨਗਰ ਨਿਗਮ ਲੁਧਿਆਣਾ ਵਿਖੇ ਕੀਤਾ ਗਿਆ, ਜਿਸ ਵਿੱਚ ਨਗਰ ਕੌਂਸਲ ਮਾਛੀਵਾੜਾ ਦੇ ਕਰਮਚਾਰੀਆਂ ਨੇ ਭਾਗ ਲਿਆ। ਵਰਕਸ਼ਾਪ ਦੌਰਾਨ ਸੋਰਸ ਐਗ੍ਰੀਗੇਸ਼ਨ, ਗਿੱਲੇ ਤੇ ਸੁੱਕੇ ਕੂੜੇ ਬਾਰੇ, ਘਰ ਦੀ ਰਹਿੰਦ ਖੂੰਹਦ, ਸੈਲਫ਼ ਹੈਲਪ ਗਰੁੱਪ ਤੇ ਐੱਨਜੀਓ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ। ਇਸ ਮੌਕੇ ਗਰੁੱਪਾਂ ਅਨੁਸਾਰ ਪੇਸ਼ਕਾਰੀ ਵੀ ਦਿੱਤੀ ਗਈ। ਇਸ ਮੌਕੇ ਸੀ ਐੱਫ ਨਵਰੀਤ ਕੌਰ, ਮੇਜਰ ਸਿੰਘ, ਲਾਭ ਸਿੰਘ, ਰਾਹੁਲ ਸਮਰਾਲਾ, ਜਸਵੀਰ ਸਿੰਘ ਤੇ ਗੁਰਜਿੰਦਰ ਸਿੰਘ ਮੌਜੂਦ ਸਨ।

### ਕੇਂਦਰੀ ਜੇਲ੍ਹ 'ਚੋਂ 4 ਮੋਬਾਇਲ ਫੋਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿੱਚੋਂ ਤਲਾਸ਼ੀ ਦੌਰਾਨ 4 ਮੋਬਾਇਲ ਫੋਨ ਬਰਾਮਦ ਹੋਏ ਹਨ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇੱਕ ਹਵਾਲਾਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਗੁਰਮੇਲ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 5782 ਰਾਹੀਂ ਗੁਰਤੇਜ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 26 ਮਾਰਚ ਨੂੰ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਪੁਰਾਣੀ ਬੈਰਕ ਨੰਬਰ 11 ਦੀ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਹਵਾਲਾਤੀ ਜਸਪਾਲ ਸਿੰਘ ਕੋਲੋਂ 1 ਮੋਬਾਇਲ ਫੋਨ ਸੈਮਸੰਗ ਕੀਪੈਡ ਸਮੇਤ ਬੈਟਰੀ ਤੇ ਸਿੰਮ ਕਾਰਡ ਏਅਰਟੈਲ ਬਰਾਮਦ ਹੋਇਆ। ਇਸ ਤੋਂ ਬਾਅਦ ਬੈਰਕ ਅੰਦਰ ਤਲਾਸ਼ੀ ਦੌਰਾਨ ਵੱਖ ਵੱਖ ਥਾਵਾਂ ਤੋਂ 3 ਮੋਬਾਇਲ ਫੋਨ ਸੈਮਸੰਗ ਕੀਪੈਡ ਸਮੇਤ ਬੈਟਰੀਆਂ ਤੇ ਸਿੰਮ ਕਾਰਡ ਏਅਰਟੈੱਲ ਬਰਾਮਦ ਹੋਏ। ਪੁਲਸ ਨੇ ਦੱਸਿਆ ਕਿ ਉਕਤ ਹਵਾਲਾਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਜਾਨਲੇਵਾ ਹਮਲਾ ਕਰਕੇ ਨੌਜਵਾਨ ਦਾ ਅੰਗੂਠਾ ਵੱਢਿਆ, 3 ਨਾਮਜ਼ਦ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸਬ ਡਵੀਜ਼ਨ ਪਾਤੜਾਂ ਅਧੀਨ ਪੈਂਦੇ ਖਾਨੇਵਾਲਾ ਬੱਸ ਸਟੈਂਡ 'ਤੇ ਕੁਝ ਵਿਅਕਤੀਆਂ ਨੇ ਮਿਲ ਕੇ ਇੱਕ ਨੌਜਵਾਨ ਦਾ ਅੰਗੂਠਾ ਵੱਢ ਕੇ ਉਸ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਹਮਲੇ 'ਚ ਜ਼ਖਮੀ ਹੋਏ ਪਿੰਡ ਕੱਲਰਭੈਣੀ ਦੇ ਵਾਸੀ ਗੁਰਵਿੰਦਰ ਸਿੰਘ ਨੂੰ ਪਹਿਲਾਂ ਪਾਤੜਾਂ ਦੇ ਪ੍ਰਾਇਮਰੀ ਸਿਹਤ ਕੇਂਦਰ ਹਸਪਤਾਲ ਲਿਜਾਇਆ ਗਿਆ, ਪਰ ਉਸ ਦੀ ਹਾਲਤ ਨਾਜ਼ੁਕ ਹੋਣ 'ਤੇ ਉਸ ਨੂੰ ਰਜਿੰਦਰਾ ਹਸਪਤਾਲ ਭੇਜ ਦਿੱਤਾ, ਜਿੱਥੋਂ ਡਾਕਟਰਾਂ ਨੇ ਉਸ ਦੀ ਵਿਗੜੀ ਹਾਲਤ ਨੂੰ ਦੇਖਦੇ ਹੋਏ ਪੀ ਜੀ ਆਈ ਰੈਫਰ ਕਰ ਦਿੱਤਾ ਗਿਆ। ਜਾਣਕਾਰੀ ਦਿੰਦਿਆਂ ਜਾਨਲੇਵਾ ਹਮਲੇ ਦਾ ਸ਼ਿਕਾਰ ਹੋਏ ਗੁਰਵਿੰਦਰ ਗਿਰ ਦੇ ਪਿਤਾ ਕਰਮਾ ਗਿਰ ਨੇ ਦੱਸਿਆ ਕਿ ਉਸ ਦਾ ਲੜਕਾ ਆਪਣੇ ਦੋਸਤ ਸੰਨੀ ਨਾਲ ਬਾਈਕ 'ਤੇ ਪਿੰਡ ਖਾਨੇਵਾਲਾ ਦੇ ਬੱਸ ਸਟੈਂਡ ਨੇੜਿਓਂ ਲੰਘ ਰਿਹਾ ਸੀ। ਇਸੇ ਥਾਂ 'ਤੇ ਬਿਨਾਂ ਨੰਬਰ ਪਲੇਟ ਵਾਲੀ ਕਾਰ ਵਿੱਚ ਆਏ ਮੁਲਜ਼ਮਾਂ ਨੇ ਗੁਰਵਿੰਦਰ ਨੂੰ ਘੇਰ ਲਿਆ। ਇਸ ਦੌਰਾਨ ਹੋਰ ਮੁਲਜ਼ਮ ਵੀ ਬਾਈਕ 'ਤੇ ਆਏ ਤੇ ਇਨ੍ਹਾਂ ਲੋਕਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਇਸ ਦੌਰਾਨ ਮੁਲਜ਼ਮਾਂ ਨੇ ਗੁਰਵਿੰਦਰ ਨੂੰ ਫੜਨ ਤੋਂ ਬਾਅਦ ਤੇਜ਼ਧਾਰ ਹਥਿਆਰ ਨਾਲ ਉਸ ਦਾ ਅੰਗੂਠਾ ਵੱਢ ਦਿੱਤਾ। ਇਸ ਤੋਂ ਬਾਅਦ ਮੁਲਜ਼ਮ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਮੌਕੇ ਤੋਂ ਫਰਾਰ ਹੋ ਗਏ। ਕਰਮਾ ਗਿਰ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਪਿੰਡ ਦੇ ਨੌਜਵਾਨਾਂ ਵਿਚਕਾਰ ਲੜਾਈ ਹੋਈ ਸੀ, ਹਾਲਾਂਕਿ ਬਾਅਦ ਵਿੱਚ ਦੋਵੇਂ ਧਿਰਾਂ 'ਚ ਸਮਝੌਤਾ ਹੋ ਗਿਆ। ਇਸ ਦੇ ਬਾਵਜੂਦ ਉਨ੍ਹਾਂ ਦੇ ਬੇਟੇ ਨੂੰ ਇਕੱਲਾ ਦੇਖ ਕੇ ਉਸ 'ਤੇ ਜਾਨਲੇਵਾ ਹਮਲਾ ਕੀਤਾ ਗਿਆ। ਪੁਲਸ ਨੇ ਗੁਰਵਿੰਦਰ ਦੇ ਬਿਆਨਾਂ 'ਤੇ ਮੁਲਜ਼ਮ ਅਮਨਦੀਪ ਸਿੰਘ ਵਾਸੀ ਕੱਲਰਭੈਣੀ, ਪ੍ਰੇਮ ਸਿੰਘ ਵਾਸੀ ਦੇਵਗੜ੍ਹ, ਅੰਗਰੇਜ ਸਿੰਘ ਵਾਸੀ ਪਿੰਡ ਹਰਿਆਊ ਖੁਰਦ ਪੱਤਣ ਤੇ ਤਿੰਨ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ। ਫਿਲਹਾਲ ਮੁਲਜ਼ਮਾਂ ਦੀ ਗ੍ਰਿਫਤਾਰੀ ਨਹੀਂ ਹੋਈ ਹੈ। ਇਸ ਦੌਰਾਨ ਥਾਣਾ ਮੁਖੀ ਪਾਤੜਾਂ ਹਰਮਨਪ੍ਰੀਤ ਸਿੰਘ ਚੀਮਾ ਨੇ ਕਿਹਾ ਕਿ ਉਹ ਮਾਮਲੇ ਦੀ ਬਰੀਕੀ ਨਾਲ ਪੜਤਾਲ ਕਰ ਰਹੀ ਹੈ ਤੇ ਜਲਦੀ ਹੀ ਕਥਿਤ ਦੋਸ਼ੀਆਂ ਨੂੰ ਕਾਬੂ ਕਰ ਲਿਆ ਜਾਵੇਗਾ।

# ਜੌੜਾਮਾਜਰਾ ਵੱਲੋਂ ਫ਼ਸਲਾਂ ਦੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਹਲਕੇ ਦਾ ਦੌਰਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਬਾਗਬਾਨੀ ਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਆਪਣੇ ਹਲਕਾ ਸਮਾਣਾ ਦੇ ਪਿੰਡਾਂ ਵਿਚ ਪਿਛਲੇ ਦਿਨੀਂ ਪਏ ਬੇਮੌਸਮੇ ਮੀਂਹ ਤੇ ਗੜੇਮਾਰੀ ਕਰਕੇ ਕਿਸਾਨਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਸੱਸੀ ਬ੍ਰਾਹਮਣਾ, ਸੱਸਾ ਗੁੱਜਰਾਂ, ਭਗਵਾਨਪੁਰਾ, ਧਰਮ ਹੇੜੀ, ਘਿਉਰਾ, ਬੀਬੀਪੁਰ ਤੇ ਰੰਧਾਵਾ ਆਦਿ ਦਾ ਦੌਰਾ ਕੀਤਾ। ਉਨ੍ਹਾ ਨਾਲ ਐੱਸ.ਡੀ.ਐੱਮ. ਪਟਿਆਲਾ ਡਾ. ਇਸਮਤ ਵਿਜੇ ਸਿੰਘ, ਆਮ ਆਦਮੀ ਪਾਰਟੀ ਦੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਮਹਿਤਾ ਤੇ ਗੁਰਦੇਵ ਸਿੰਘ ਟਿਵਾਣਾ ਤੇ ਹੋਰ ਪਤਵੰਤੇ ਮੌਜੂਦ ਸਨ। ਇਸ ਦੌਰਾਨ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਕਿਸਾਨ ਹਿਤੈਸ਼ੀ ਸਰਕਾਰ ਸਾਬਿਤ ਹੋਈ ਹੈ, ਕਿਉਂਕਿ ਕੁਦਰਤੀ ਕਰੋਪੀ ਦੇ ਦੋ ਦਿਨਾਂ ਦੇ ਅੰਦਰ-ਅੰਦਰ ਮੁੱਖ ਮੰਤਰੀ ਨੇ ਰਾਜ ਦੇ ਪ੍ਰਭਾਵਤ ਕਿਸਾਨਾਂ ਨਾਲ ਮੁਲਾਕਾਤ ਕੀਤੀ ਤੇ ਨੁਕਸਾਨ ਦਾ ਜਾਇਜ਼ਾ ਲਿਆ। ਉਨ੍ਹਾ ਦੱਸਿਆ ਕਿ ਮੁੱਖ ਮੰਤਰੀ ਨੇ ਸੂਬੇ ਦੇ ਕਿਸਾਨਾਂ ਨੂੰ ਵੱਡੀ ਰਾਹਤ ਦਿੰਦਿਆਂ ਫ਼ਸਲਾਂ ਦੇ ਖ਼ਰਾਬੇ ਦੇ ਮੁਆਵਜ਼ੇ ਵਿੱਚ 25 ਫੀਸਦੀ ਵਾਧਾ ਕੀਤਾ ਤੇ ਅੱਜ ਇੱਕ ਹੋਰ ਅਹਿਮ ਫੈਸਲਾ ਕਰਕੇ ਸਹਿਕਾਰੀ ਸੁਸਾਇਟੀਆਂ ਦੀਆਂ ਲਿਮਟਾਂ ਦੀਆਂ ਕਿਸ਼ਤਾਂ ਭਰਨ 'ਚ ਵੀ ਇੱਕ ਸਾਲ ਦੀ ਢਿੱਲ ਦਿੱਤੀ ਹੈ। ਉਨ੍ਹਾ ਕਿਸਾਨਾਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਇਸ ਇਲਾਕੇ 'ਚ ਬਰਸਾਤੀ ਪਾਣੀ ਦੀ ਲੱਗਦੀ ਡਾਫ਼ ਰੋਕਣ ਲਈ ਤੇ ਪਾਣੀ ਦੀ ਨਿਕਾਸੀ ਲਈ ਮੀਰਾਂਪੁਰ ਚੋਅ ਤੱਕ ਪਾਈਪ ਲਾਈਨ ਪੁਆਈ ਜਾਵੇਗੀ। ਉਨ੍ਹਾ ਕਿਹਾ ਕਿ ਕੁਦਰਤ ਦੀ ਕਰੋਪੀ ਕਰਕੇ ਅੰਨਦਾਤੇ ਦੇ ਹੋਏ ਨੁਕਸਾਨ ਦੀ ਭਰਪਾਈ ਪੰਜਾਬ ਸਰਕਾਰ ਕਰੇਗੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਕਿਸਾਨਾਂ ਦੀ ਫ਼ਸਲਾਂ ਦੀ ਗਿਰਦਾਵਰੀ ਪਾਰਦਰਸ਼ੀ ਢੰਗ ਨਾਲ ਅਧਿਕਾਰੀਆਂ ਵੱਲੋਂ ਕਿਸਾਨਾਂ ਵਿੱਚ ਬੈਠ ਕੇ ਕੀਤੀ ਜਾਵੇਗੀ ਤੇ ਪਾਰਦਰਸ਼ੀ ਢੰਗ ਨਾਲ ਹੀ ਢੁੱਕਵਾਂ ਮੁਆਵਜ਼ਾ ਮਿਲੇਗਾ। ਉਨ੍ਹਾ ਵੱਖ-ਵੱਖ ਪਿੰਡਾਂ 'ਚ ਲੋਕਾਂ ਨੂੰ ਮਿਲਦਿਆਂ ਕਿਹਾ ਕਿ ਉਹ ਆਪਣੇ ਹਲਕੇ ਦੇ ਕਿਸਾਨਾਂ ਤੇ ਮਜ਼ਦੂਰਾਂ ਤੇ ਆਮ ਲੋਕਾਂ ਦੇ ਸਦਾ ਹੀ ਨਾਲ ਖੜੇ ਹਨ ਤੇ ਭਵਿੱਖ 'ਚ ਵੀ ਇਸੇ ਤਰ੍ਹਾਂ ਲੋਕਾਂ ਦੀ ਸੇਵਾ ਕਰਨਗੇ।

# ਪਾਲੀ ਦੇਤਵਾਲੀਆ ਅੱਜ ਡੀ ਡੀ ਪੰਜਾਬੀ 'ਤੇ

**ਮੁੱਲਾਂਪੁਰ ਦਾਖਾ (ਗੁਰਮੇਲ ਮੈਲਡੇ)**-ਪੰਜਾਬੀ ਗੀਤਕਾਰ ਸਭਾ ਪੰਜਾਬ ਦੇ ਸਰਪ੍ਰਸਤ ਪ੍ਰਸਿੱਧ ਗੀਤਕਾਰ ਅਮਰੀਕ ਸਿੰਘ ਤਲਵੰਡੀ ਦਾ ਲਿਖਿਆ ਤੇ ਮਸ਼ਹੂਰ ਪੰਜਾਬੀ ਲੋਕ ਗਾਇਕ ਪਾਲੀ ਦੇਤਵਾਲੀਏ ਦਾ ਗਾਇਆ ਗੀਤ 'ਗੁਣਾਂ ਤੇਰਿਆਂ ਦਾ' ਦੂਰਦਰਸ਼ਨ ਜਲੰਧਰ ਦੇ ਹਰਮਨ-ਪਿਆਰੇ ਪ੍ਰੋਗਰਾਮ 'ਰੌਣਕਾਂ ਦੀ ਰਾਤ' ਵਿੱਚ 29 ਮਾਰਚ ਨੂੰ ਰਾਤੀਂ 8.30 ਤੋਂ 9.00 ਵਜੇ ਦਰਮਿਆਨ ਪੇਸ਼ ਕੀਤਾ ਜਾਵੇਗਾ। ਪੰਜਾਬੀ ਗੀਤਕਾਰ ਸਭਾ ਪੰਜਾਬ ਦੇ ਜਨਰਲ ਸਕੱਤਰ ਬਲਵੀਰ ਮਾਨ ਨੇ ਦੱਸਿਆ ਕਿ ਇਸ ਗੀਤ ਦੀ ਪੇਸ਼ਕਸ਼ ਉੱਘੇ ਸਮਾਜ ਸੇਵੀ ਤੇ ਸਟੇਟ ਐਵਾਰਡੀ ਅਧਿਆਪਕ ਅਜਮੇਲ ਸਿੰਘ ਮੋਹੀ ਵੱਲੋਂ ਕੀਤੀ ਗਈ ਹੈ, ਜਦਕਿ ਐਡ ਇੰਟਰਟੇਨਮਿੰਟ ਕੰਪਨੀ ਵੱਲੋਂ ਲੋਕ ਅਰਪਿਤ ਕੀਤਾ ਗਿਆ ਹੈ। ਅਜਮੇਲ ਮੋਹੀ ਨੇ ਦੱਸਿਆ ਕਿ ਇਹ ਗੀਤ ਪੰਜਾਬ ਦੀਆਂ ਨੌਜਵਾਨ ਧੀਆਂ ਵਾਸਤੇ ਬਹੁਤ ਹੀ ਸਿੱਖਿਆ-ਦਾਇਕ ਗੀਤ ਹੈ। ਮੋਹੀ ਨੇ ਸਰੋਤਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਮਾਜ ਨੂੰ ਸੱਚਮੁੱਚ ਹੀ ਸੁੰਦਰ ਤੇ ਨਵਾਂ ਨਰੋਆ ਵੇਖਣ ਲਈ ਅਜਿਹੇ ਗੀਤਾਂ ਨੂੰ ਸੁਣ ਕੇ ਉਸ ਦਾ ਪ੍ਰਚਾਰ ਕਰਨ।

# ਫਸਲਾਂ ਦੇ ਖਰਾਬੇ ਦਾ ਪੰਜਾਬ ਸਰਕਾਰ ਫੌਰੀ ਮੁਆਵਜ਼ਾ ਦੇਵੇ : ਮਾਨ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਬੀਤੇ ਦਿਨੀਂ ਪੰਜਾਬ ਦੇ ਇਲਾਕੇ ਵਿੱਚ ਮੀਂਹ, ਹਨੇਰੀ, ਝੱਖੜ ਨਾਲ ਜ਼ਿਮੀਂਦਾਰਾਂ ਦੀ ਕਣਕ ਦੀ ਫਸਲ ਦਾ ਵੱਡਾ ਨੁਕਸਾਨ ਹੋਇਆ ਹੈ, ਉਸ ਨਾਲ ਮਿਹਨਤਕਸ਼ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਮਾਲੀ ਹਾਲਤ ਉਤੇ ਬਹੁਤ ਡੂੰਘਾ ਅਸਰ ਪਿਆ ਹੈ, ਜਿਸ ਨਾਲ ਪੰਜਾਬ ਦਾ ਕਿਸਾਨ ਤੇ ਉਸ ਦਾ ਪਰਿਵਾਰ ਚਿੰਤਤ ਹੈ, ਕਿਉਂਕਿ ਪੰਜਾਬ ਸੂਬਾ ਖੇਤੀ ਪ੍ਰਧਾਨ ਸੂਬਾ ਹੈ, ਪੰਜਾਬ ਦੀ ਸਮੁੱਚੀ ਮਾਲੀ ਹਾਲਤ ਕਿਸਾਨ ਵਰਗ ਦੀ ਪੈਦਾਵਾਰ ਸਹੀ ਢੰਗ ਨਾਲ ਹੋਣ ਤੇ ਉਸ ਦੀ ਸਹੀ ਮੰਡੀਕਰਨ ਤੇ ਕੀਮਤ ਮਿਲਣ ਉਤੇ ਨਿਰਭਰ ਹੈ, ਜੋ ਮੀਂਹ-ਹਨੇਰੀ ਕਾਰਨ ਉਨ੍ਹਾਂ ਦਾ ਮਾਲੀ ਨੁਕਸਾਨ ਹੋਇਆ ਹੈ, ਉਨ੍ਹਾਂ ਉਤੇ ਮਾਨਸਿਕ ਬਣੇ ਬੋਝ ਦਾ ਸਹੀ ਹੱਲ ਕਰਨ ਲਈ ਇਹ ਜ਼ਰੂਰੀ ਹੈ ਕਿ ਪੰਜਾਬ ਦੀ ਸ. ਭਗਵੰਤ ਸਿੰਘ ਮਾਨ ਸਰਕਾਰ ਨੁਕਸਾਨੀ ਗਈ ਫਸਲ ਦੇ ਮੁਆਵਜ਼ੇ ਲਈ ਪ੍ਰਤੀ ਏਕੜ ਘੱਟੋ-ਘੱਟ 25 ਹਜ਼ਾਰ ਰੁਪਏ ਦੇਣ ਦਾ ਐਲਾਨ ਕਰੇ ਤੇ ਪਟਵਾਰੀਆਂ ਨੂੰ ਸੰਬੰਧਤ ਨੁਕਸਾਨੀ ਫਸਲ ਦੀਆਂ ਗੋਦਾਵਰੀਆਂ ਆਦਿ ਦੀ ਕਾਗਜ਼ੀ ਕਾਰਵਾਈ ਪੂਰਨ ਕਰਕੇ ਉਨ੍ਹਾਂ ਨੂੰ ਬਣਦੀਆਂ ਰਕਮਾਂ ਤੇ ਮੁਆਵਜ਼ਾ ਪਹਿਲ ਦੇ ਆਧਾਰ 'ਤੇ ਭੁਗਤਾਨ ਕਰਨ ਦਾ ਪ੍ਰਬੰਧ ਕੀਤਾ ਜਾਵੇ। ਇਹ ਵਿਚਾਰ ਸ੍ਰ. ਸਿਮਰਨਜੀਤ ਸਿੰਘ ਮਾਨ ਐੱਮ ਪੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਵਿੱਚ ਬੇਮੌਸਮੀ ਮੀਂਹ, ਹਨੇਰੀ, ਝੱਖੜ ਆਦਿ ਨਾਲ ਕਣਕ ਦੀ ਫਸਲ ਦੇ ਹੋਏ ਨੁਕਸਾਨ ਉਤੇ ਗਹਿਰਾ ਦੁੱਖ ਜ਼ਾਹਰ ਕਰਦੇ ਹੋਏ ਪੰਜਾਬ ਸਰਕਾਰ ਨੂੰ ਜ਼ੋਰਦਾਰ ਗੁਜ਼ਾਰਿਸ਼ ਕੀਤੀ ਕਿ ਉਹ ਨੁਕਸਾਨੀਆਂ ਗਈਆਂ ਫਸਲਾਂ ਨਾਲ ਸੰਬੰਧਤ ਜ਼ਮੀਨਾਂ ਦੀ ਗੋਦਾਵਰੀ ਕਰਾਉਣ ਤੇ ਉਨ੍ਹਾਂ ਦਾ ਪ੍ਰਤੀ ਏਕੜ 25 ਹਜ਼ਾਰ ਰੁਪਏ ਮੁਆਵਜ਼ਾ ਦੇਣ ਦਾ ਫੌਰੀ ਪ੍ਰਬੰਧ ਕਰੇ। ਉਨ੍ਹਾ ਕਿਹਾ ਕਿ ਬਿਜਲੀ, ਪਾਣੀ, ਖਾਦਾਂ, ਕੀੜੇਮਾਰ ਦਵਾਈਆਂ, ਡੀਜ਼ਲ ਆਦਿ ਦੀਆਂ ਕੀਮਤਾਂ ਚੜ੍ਹ ਜਾਣ ਦੀ ਬਦੌਲਤ ਪਹਿਲੋਂ ਹੀ ਕਣਕ ਵਰਗੀਆਂ ਫਸਲਾਂ ਦੀ ਪੈਦਾਵਾਰ ਲਾਗਤ ਵਿੱਚ ਵੱਡਾ ਵਾਧਾ ਹੋਇਆ ਪਿਆ ਹੈ।

ਦੂਸਰਾ ਬੇਮੌਸਮੀ ਮੀਂਹ, ਹਨੇਰੀ, ਝੱਖੜ ਆਦਿ ਨੇ ਜ਼ਿਮੀਂਦਾਰਾਂ ਤੇ ਉਨ੍ਹਾਂ ਦੇ ਪਰਿਵਾਰਾਂ ਲਈ ਵੱਡੀ ਮਾਲੀ ਪ੍ਰੇਸ਼ਾਨੀ ਖੜੀ ਕਰ ਦਿੱਤੀ ਹੈ। ਇਸ ਮੁਸ਼ਕਲ ਵਿੱਚੋਂ ਜ਼ਿਮੀਂਦਾਰਾਂ ਨੂੰ ਕੱਢਣ ਲਈ ਇਹ ਜ਼ਰੂਰੀ ਹੈ ਕਿ ਪੰਜਾਬ ਸਰਕਾਰ ਫੌਰੀ ਤੌਰ 'ਤੇ 25 ਹਜ਼ਾਰ ਰੁਪਏ ਪ੍ਰਤੀਏਕੜ ਭੁਗਤਾਨ ਕਰਨ ਦਾ ਐਲਾਨ ਕਰਦੇ ਹੋਏ ਜ਼ਿਮੀਂਦਾਰ 'ਤੇ ਪਏ ਮਾਲੀ ਬੋਝ ਨੂੰ ਘੱਟ ਕਰਨ ਦੀ ਆਪਣੀ ਜ਼ਿੰਮੇਵਾਰੀ ਨਿਭਾਏ ਤਾਂ ਕਿ ਕਿਸਾਨ ਵਰਗ ਆਪਣੀਆਂ ਅਗਲੀਆਂ ਫਸਲਾਂ ਦੀ ਬਿਜਾਈ ਤੇ ਉਨ੍ਹਾਂ ਨੂੰ ਪਾਲਣ ਲਈ ਸਹੀ ਤੌਰ 'ਤੇ ਆਪਣੇ ਸਾਧਨ ਜੁਟਾ ਸਕੇ ਤੇ ਕਰਜ਼ੇ ਦੀ ਮਾਰ ਤੋਂ ਬਚ ਸਕੇ।

# ਦਾਣਾ ਮੰਡੀਆਂ 'ਚ ਸਰਕਾਰ ਕੰਪਿਊਟਰ ਕੰਡਿਆਂ ਨੂੰ ਲਾਗੂ ਕਰਨ ਦਾ ਫੈਸਲਾ ਵਾਪਸ ਲਵੇ : ਖੇੜਾ, ਕੂੰਨਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸੱਚਾ ਸੌਦਾ ਆੜ੍ਹਤੀ ਐਸੋਸੀਏਸ਼ਨ ਮਾਛੀਵਾੜਾ ਦੀ ਮੀਟਿੰਗ ਸਥਾਨਕ ਮਾਰਕੀਟ ਕਮੇਟੀ ਦਫ਼ਤਰ ਵਿਖੇ ਪ੍ਰਧਾਨ ਹਰਜਿੰਦਰ ਸਿੰਘ ਖੇੜਾ ਤੇ ਤੇਜਿੰਦਰ ਸਿੰਘ ਕੂੰਨਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸਰਕਾਰ ਨੂੰ ਦਾਣਾ ਮੰਡੀਆਂ ਵਿੱਚ ਕੰਪਿਊਟਰ ਕੰਡਿਆਂ ਨੂੰ ਲਾਗੂ ਕਰਨ ਦੇ ਫੈਸਲੇ ਨੂੰ ਵਾਪਸ ਲੈਣ ਸਬੰਧੀ ਮੰਡੀ ਬੋਰਡ ਪੰਜਾਬ ਦੇ ਡਾਇਰੈਕਟਰ ਨੂੰ ਪੱਤਰ ਭੇਜਿਆ ਗਿਆ। ਪ੍ਰਧਾਨ ਖੇੜਾ ਤੇ ਕੂੰਨਰ ਨੇ ਕਿਹਾ ਕਿ ਕਣਕ ਦੇ ਸੀਜ਼ਨ ਵਿੱਚ ਸਰਕਾਰ ਵੱਲੋਂ ਕੰਪਿਊਟਰ ਕੰਡਿਆਂ ਨੂੰ ਲਾਗੂ ਕਰਨ ਦਾ ਫੈਸਲਾ ਲਿਆ ਗਿਆ ਹੈ, ਉਸ ਨੂੰ ਤੁਰੰਤ ਵਾਪਸ ਲਵੇ, ਕਿਉਂਕਿ ਇਸ ਨਾਲ ਮਜ਼ਦੂਰ ਚੰਗੀ ਤਰ੍ਹਾਂ ਕੰਮ ਨਹੀਂ ਕਰ ਸਕਣਗੇ। ਉਨ੍ਹਾਂ ਪੱਤਰ ਰਾਹੀਂ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਕਿ ਇਨ੍ਹਾਂ ਕੰਡਿਆਂ ਨੂੰ ਧੂੜ ਮਿੱਟੀ ਤੋਂ ਬਚਾ ਕੇ ਰੱਖਣਾ ਜ਼ਰੂਰੀ ਹੈ, ਜਦਕਿ ਅਨਾਜ ਮੰਡੀ ਵਿੱਚ ਹਰ ਸਮੇਂ ਹੀ ਬਹੁਤ ਧੂੜ ਉੱਡਦੀ ਰਹਿੰਦੀ ਹੈ। ਇਹ ਵੀ ਦੱਸਿਆ ਗਿਆ ਹੈ ਕਿ ਜੇਕਰ ਅਚਾਨਕ ਮੀਂਹ ਆ ਜਾਵੇ ਤਾਂ ਇਹ ਕੰਪਿਊਟਰ ਕੰਡਿਆਂ ਦਾ ਜਲਦ ਖ਼ਰਾਬ ਹੋ ਜਾਣਾ ਵੀ ਖ਼ਤਰੇ ਵਾਲਾ ਕੰਮ ਹੈ। ਉਕਤ ਆਗੂਆਂ ਨੇ ਕਿਹਾ ਕਿ ਅਨਾਜ ਮੰਡੀ ਵਿੱਚ ਫਸਲ ਦੀ ਸਫ਼ਾਈ ਤੇ ਤੁਲਾਈ ਦਾ ਕੰਮ ਪ੍ਰਵਾਸੀ ਮਜ਼ਦੂਰ ਹੀ ਕਰਦੇ ਹਨ, ਜੋ ਕਿ ਕੰਡਿਆਂ ਨੂੰ ਇੱਕ ਤੋਂ ਦੂਜੀ ਢੇਰੀ 'ਤੇ ਲਿਜਾਣ ਲਈ ਖਿੱਚ ਕੇ ਲਿਜਾਂਦੇ ਹਨ। ਇਸ ਤਰ੍ਹਾਂ ਕਰਨ ਨਾਲ ਕੰਪਿਊਟਰ ਕੰਡੇ ਨਾਜ਼ੁਕ ਹੋਣ ਕਾਰਨ ਜਲਦ ਖ਼ਰਾਬ ਹੋ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਜੋ ਸਕੇਲ ਵਾਲੇ ਪਹਿਲੇ ਕੰਡੇ ਹਨ, ਉਨ੍ਹਾਂ ਬਾਰੇ ਕਿਸਾਨ ਭਰਾਵਾਂ ਨੂੰ ਵੀ ਪੂਰੀ ਜਾਣਕਾਰੀ ਹੁੰਦੀ ਹੈ, ਜਦਕਿ ਕੰਪਿਊਟਰ ਸਬੰਧੀ ਉਨ੍ਹਾਂ ਨੂੰ ਕੋਈ ਜਾਣਕਾਰੀ ਨਾ ਹੋਣ ਕਾਰਨ ਕੰਪਿਊਟਰ ਕੰਡਿਆਂ ਵਿੱਚ ਕੋਈ ਛੇੜਛਾੜ ਵੀ ਕਰ ਸਕਦਾ ਹੈ। ਇਸ ਕਰਕੇ ਆੜ੍ਹਤੀ ਇਹ ਕੰਡੇ ਨਹੀਂ ਵਰਤ ਸਕਦੇ। ਇਸ ਲਈ ਸਰਕਾਰ ਵੱਲੋਂ ਜਾਰੀ ਕੀਤੇ ਗਏ ਪੱਤਰ ਨੂੰ ਵਾਪਸ ਲਿਆ ਜਾਵੇ। ਇਸ ਮੌਕੇ ਸਾਬਕਾ ਪ੍ਰਧਾਨ ਟਹਿਲ ਸਿੰਘ ਔਜਲਾ, ਅਰਵਿੰਦਰਪਾਲ ਵਿੱਕੀ, ਹਰਕੇਸ਼ ਨਹਿਰਾ, ਅਮਿਤ ਭਾਟੀਆ, ਸ਼ਸ਼ੀ ਭਾਟੀਆ, ਵਿਨੀਤ ਜੈਨ ਮੌਜੂਦ ਸਨ।

# ਜਸਟਿਸ ਵਿਕਾਸ ਸੂਰੀ ਨੇ ਕੀਤਾ ਜ਼ਿਲ੍ਹਾ ਜੇਲ੍ਹ ਦਾ ਦੌਰਾ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਜਸਟਿਸ ਸ਼੍ਰੀ ਵਿਕਾਸ ਸੂਰੀ ਨੇ ਆਪਣੇ ਮਾਨਸਾ ਜ਼ਿਲ੍ਹੇ ਦੇ ਤੀਸਰੇ ਦਿਨ ਦੇ ਦੌਰੇ ਦੌਰਾਨ ਜ਼ਿਲ੍ਹਾ ਜੇਲ੍ਹ ਮਾਨਸਾ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਜੇਲ੍ਹ ਵਿੱਚ ਬੰਦ ਹਵਾਲਾਤੀਆਂ ਤੇ ਕੈਦੀਆਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਤੇ ਕਈ ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕੀਤਾ। ਇਸ ਦੌਰਾਨ ਜਸਟਿਸ ਸ਼੍ਰੀ ਵਿਕਾਸ ਸੂਰੀ ਨੇ ਜੇਲ੍ਹ ਵਿਖੇ ਬੈਰਕ, ਲੰਗਰ, ਕੰਟੀਨ ਤੇ ਹਸਪਤਾਲ ਦਾ ਨਿਰੀਖਣ ਕੀਤਾ। ਉਨ੍ਹਾਂ ਵੱਲੋਂ ਜੇਲ੍ਹ ਪਰਿਸਰ ਵਿੱਚ ਪੌਦੇ ਲਗਾਏ ਗਏ ਤੇ ਕੈਦੀਆਂ ਤੇ ਹਵਾਲਾਤੀਆਂ ਨੂੰ ਆਪਣਾ ਜੀਵਨ ਸੁਧਾਰ ਕੇ ਚੰਗੇ ਨਾਗਰਿਕ ਵਜੋਂ ਸਮਾਜ ਵਿੱਚ ਵਿਚਰਨ ਲਈ ਕਿਹਾ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਤੇ ਸੈਸ਼ਨ ਜੱਜ ਨਵਜੋਤ ਕੌਰ, ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ਿਲਪਾ ਵਰਮਾ, ਵਕੀਲ ਗੁਰਪਿਆਰ ਸਿੰਘ, ਜੇਲ੍ਹ ਸੁਪਰਡੈਂਟ ਅਰਵਿੰਦਰਪਾਲ ਸਿੰਘ ਭੱਟੀ, ਕਰਨਵੀਰ ਸਿੰਘ, ਕੁਲਜੀਤ ਸਿੰਘ ਤੇ ਜੇਲ੍ਹ ਡਾਕਟਰ ਸ਼ੁਵਮ ਵੀ ਮੌਜੂਦ ਸਨ।



# ਸਰਹੱਦੀ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਉਪਲੱਬਧ ਕਰਾਉਣਾ ਮੇਰਾ ਪਹਿਲਾ ਫਰਜ਼ : ਦਹੀਆ

## ■ ਸਰਹੱਦੀ ਪਿੰਡਾਂ ਨੂੰ 24 ਘੰਟੇ ਬਿਜਲੀ ਸਪਲਾਈ ਦਾ ਉਦਘਾਟਨ



66 ਕੇ ਵੀ ਸਬ ਸਟੇਸ਼ਨ ਪੋਜੋ ਕੇ ਵਿਖੇ 24 ਘੰਟੇ ਬਿਜਲੀ ਸਪਲਾਈ ਦਾ ਉਦਘਾਟਨ ਕਰਦੇ ਐਡਵੋਕੇਟ ਦਹੀਆ ਤੇ ਹਾਜ਼ਰ ਹੋਰ ਆਗੂ।

**ਮਮਦੋਟ (ਜਸਬੀਰ ਸਿੰਘ ਕੰਬੋਜ)**-ਬਾਰਡਰ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਉਪਲਬਧ ਕਰਵਾਉਣਾ ਮੇਰਾ ਪਹਿਲਾ ਫਰਜ਼ ਹੈ ਤੇ ਆਉਣ ਵਾਲੇ ਚਾਰ ਸਾਲਾਂ ਵਿੱਚ ਬਾਰਡਰ ਪੱਟੀ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਲਈ ਸਾਫ ਸੁਥਰਾ ਪੀਣ ਵਾਲਾ ਪਾਣੀ, ਬਿਜਲੀ, ਸਿੱਖਿਆ ਤੇ ਸਿਹਤ ਸਹੂਲਤਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਇਸ ਗੱਲ ਦਾ ਪ੍ਰਗਟਾਵਾ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਨੇ 66 ਕੇ ਵੀ ਸਬ-ਸਟੇਸ਼ਨ ਪੋਜੋ ਕੇ ਵਿਖੇ ਬਾਰਡਰ ਨਾਲ ਲੱਗਦੇ ਪਿੰਡਾਂ ਨੂੰ 24 ਘੰਟੇ ਬਿਜਲੀ ਸਪਲਾਈ ਦੇਣ ਸਬੰਧੀ ਫੀਡਰ ਦਾ ਉਦਘਾਟਨ ਕਰਨ ਉਪਰੰਤ ਕੀਤਾ। ਉਨ੍ਹਾਂ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਹੈ ਜਿਹੜੇ ਕੰਮ ਅੱਜ ਤੋਂ 20 ਸਾਲ ਪਹਿਲਾਂ ਹੋਣੇ ਚਾਹੀਦੇ ਸਨ, ਪਹਿਲੀਆਂ ਸਰਕਾਰਾਂ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹੁਣ ਕਰਨੇ ਪੈ ਰਹੇ ਹਨ। ਉਨ੍ਹਾ ਦੱਸਿਆ ਕਿ ਸਰਹੱਦੀ ਪਿੰਡਾਂ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਵਾਸਤੇ ਇਕ ਰੋਡ ਮੈਪ ਤਿਆਰ ਕੀਤਾ ਜਾ ਰਿਹਾ ਹੈ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਬਾਰਡਰ ਨਾਲ ਲੱਗਦੇ ਪੱਛੜੇ ਪਿੰਡਾਂ ਦੇ ਲੋਕਾਂ ਨੂੰ ਵੀ ਪੰਜਾਬ ਦੇ ਬਾਕੀ ਪਿੰਡਾਂ ਦੀ ਤਰ੍ਹਾਂ ਹੀ ਸਿੱਖਿਆ, ਸਿਹਤ ਸਮੇਤ ਹਰ ਤਰ੍ਹਾਂ ਦੀਆਂ ਬੁਨਿਆਦੀ ਸਹੂਲਤਾਂ ਮਿਲ ਸਕਣਗੀਆਂ। ਇਸ ਮੌਕੇ ਮਨਜੀਤ ਸਿੰਘ ਮਠਾੜੂ ਐਕਸੀਅਨ, ਰਾਜ ਕੁਮਾਰ ਮਦਾਨ ਐੱਸ ਡੀ ਓ ਮਮਦੋਟ, ਨਿਰਵੈਰ ਸਿੰਘ ਸਿੰਧੀ ਜ਼ਿਲ੍ਹਾ ਮੀਡੀਆ ਇੰਚਾਰਜ, ਬਲਰਾਜ ਸਿੰਘ ਸੰਧੂ ਸਾਹਨ ਕੇ, ਬਲਵਿੰਦਰ ਸਿੰਘ ਰਾਊਕੇ, ਬਲਵਿੰਦਰ ਸਿੰਘ ਲੱਡੂ ਹਜਾਰਾ, ਬਲਵੀਰ ਸਿੰਘ ਬਲਾਕ ਪ੍ਰਧਾਨ, ਸੰਜੀਵ ਕੁਮਾਰ (ਚਿੰਟੂ) ਧਵਨ, ਬਗੀਚਾ ਸਿੰਘ ਕਾਲੂ ਅਰਾਈਂ, ਕਿਰਪਾਲ ਸਿੰਘ ਲਖਮੀਰ ਕੇ, ਦਰਸ਼ਨ ਸਿੰਘ ਜੋਧਪੁਰ, ਗੁਰਨਾਮ ਸਿੰਘ ਹਜਾਰਾ, ਰਜਵੰਤ ਸਿੰਘ ਸੋਢੀ, ਬਾਬਾ ਦਲਜੀਤ ਸਿੰਘ ਐੱਮ ਸੀ ਮਮਦੋਟ, ਹਰਜਿੰਦਰ ਸਿੰਘ ਸਿੰਧੀ, ਜੱਜਪਾਲ ਸਿੰਘ ਕੰਗ ਐੱਸ ਐੱਚ ਓ ਮਮਦੋਟ, ਗੁਰਮੀਤ ਸਿੰਘ ਸੇਠਾਂ ਵਾਲਾ, ਰੋਬਿਨ ਸਿੰਘ ਸੰਧੂ ਨਿੱਜੀ ਸਹਾਇਕ ਐੱਮ ਐੱਲ ਏ ਵੀ ਹਾਜ਼ਰ ਸਨ।

# ਹੁਸਨਦੀਪ ਬਾਂਸਲ ਬਣੇ ਪਬਲਿਕ ਸਕੂਲ ਦੇ ਪੀ ਟੀ ਏ ਮੈਂਬਰ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਹਾਲ ਵਿੱਚ ਹੀ ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਦੀ ਨਵੀਂ ਟੀਮ ਦਾ ਚੋਣ ਰਾਹੀਂ ਗਠਨ ਕੀਤਾ ਗਿਆ ਹੈ। ਨਵੇਂ ਬਣੇ ਪ੍ਰਧਾਨ ਮਦਨ ਮਿੱਤਲ ਨੇ ਦੱਸਿਆ ਕਿ ਚੋਣ ਰਾਹੀਂ ਬਣੇ 14 ਮੈਂਬਰਾਂ ਤੋਂ ਇਲਾਵਾ ਦੋਵਾਂ ਸਕੂਲਾਂ ਲਈ ਤਿੰਨ-ਤਿੰਨ ਹੋਰ ਮੈਂਬਰ ਲਏ ਜਾਂਦੇ ਹਨ। ਇਸੇ ਕੜੀ ਤਹਿਤ ਹੁਸਨਦੀਪ ਬਾਂਸਲ (ਡਿੰਪੀ) ਨੂੰ ਪਬਲਿਕ ਸੀਨੀ: ਸੈਕੰ: ਸਕੂਲ ਵਿੱਚ ਪੀ.ਟੀ.ਏ. ਮੈਂਬਰ ਲਿਆ ਗਿਆ ਹੈ, ਜਦੋਂ ਕਿ ਸ਼ਾਮ ਸਿੰਗਲਾ ਤੇ ਹਨੀ ਜਿੰਦਲ ਨੂੰ ਐਜੂਕੇਸ਼ਨ ਲਿਸਟ ਵਜੋਂ ਲਿਆ ਗਿਆ ਹੈ।

ਇਸੇ ਤਰ੍ਹਾਂ ਅਗਰਸੈਨ ਇੰਟਰਨੈਸ਼ਨਲ ਪਬਲਿਕ ਸੀਨੀ: ਸੈਕੰਡਰੀ ਸਕੂਲ ਵਿੱਚ ਅਜੇ ਸਿੰਗਲਾ (ਕਾਲਾ) ਨੂੰ ਪੀ.ਟੀ.ਏ. ਮੈਂਬਰ, ਜਦੋਂ ਕਿ ਪ੍ਰਦੀਪ ਗੋਇਲ (ਮਿੰਕਾ) ਤੇ ਸੁਰਿੰਦਰ ਮੈਨੇਜਰ ਨੂੰ ਐਜੂਕੇਸ਼ਨ ਲਿਸਟ ਵਜੋਂ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਨਵੇਂ ਮੈਂਬਰਾਂ ਸਕੂਲ ਕਮੇਟੀ ਵੱਲੋਂ ਦਿੱਤੇ ਇਸ ਮਾਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਕਮੇਟੀ ਉਨ੍ਹਾਂ ਦੀਆਂ ਸੇਵਾਵਾਂ ਲਈ ਜਿੱਥੇ ਵੀ ਉਨ੍ਹਾਂ ਦੀ ਡਿਊਟੀ ਲਗਾਏਗੀ, ਉਹ ਤਨਦੇਹੀ ਨਾਲ ਨਿਭਾਉਣਗੇ।

# ਸਰਵਹਿੱਤਕਾਰੀ ਵਿੱਦਿਆ ਮੰਦਰ 'ਚ ਸਾਲਾਨਾ ਇਨਾਮ ਵੰਡ ਸਮਾਰੋਹ



ਸਕੂਲ ਵੱਲੋਂ ਕਰਵਾਏ ਸਾਲਾਨਾ ਇਨਾਮ ਵੰਡ ਸਮਾਰੋਹ ਦਾ ਅਨੰਦ ਮਾਣਦੇ ਹੋਏ ਮੁੱਖ ਮਹਿਮਾਨ, ਸਕੂਲ ਸਟਾਫ ਤੇ ਵਿਦਿਆਰਥੀ।

**ਮੱਖੂ (ਰਛਪਾਲ ਸਿੰਘ ਸੰਧੂ)**-ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਮੱਖੂ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਇਸ ਸਮਾਰੋਹ ਦੇ ਮੁੱਖ ਮਹਿਮਾਨ ਵਿਧਾਨ ਸਭਾ ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਕਟਾਰੀਆ ਤੇ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਜ਼ੀਰਾ ਸਨ। ਇਸ ਸਮਾਰੋਹ ਦੀ ਸ਼ੋਭਾ ਵਧਾਉਣ ਲਈ ਦੀਪਕ ਗੋਇਲ ਵਿਭਾਗ ਸਚਿਵ, ਸੁਭਾਸ਼ ਗੁਪਤਾ ਪ੍ਰਾਂਤ ਪ੍ਰਤੀਨਿਧੀ, ਡਾ. ਰਾਜੀਵ ਅਹੂਜਾ ਪ੍ਰਧਾਨ, ਸ੍ਰੀਮਤੀ ਸਿਮਰਨ ਅਹੂਜਾ, ਅਮਿਤ ਅਰੋੜਾ, ਸ਼ਿਵ ਨੰਦਨ ਅਹੂਜਾ, ਰਾਜੀਵ ਕਪੂਰ, ਮਦਨ ਲਾਲ, ਰਾਜ ਕੁਮਾਰ, ਡਾ. ਰਮਨ ਕੁਮਾਰ, ਸ੍ਰੀਮਤੀ ਰਜਨੀ ਠੁਕਰਾਲ, ਸ੍ਰੀਮਤੀ ਵੰਦਨਾ ਠੁਕਰਾਲ ਮੌਜੂਦ ਸਨ। ਸਮਾਰੋਹ ਦੀ ਸ਼ੁਰੂਆਤ ਵਿਧਾਇਕ ਨਰੇਸ਼ ਕਟਾਰੀਆ, ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਜ਼ੀਰਾ ਦੀਪਕ ਗੋਇਲ ਵਿਭਾਗ ਸਚਿਵ, ਸੁਭਾਸ਼ ਗੁਪਤਾ, ਰਜਿੰਦਰ ਬੰਸੀਵਾਲ ਮੈਨੇਜਰ, ਡਾ. ਰਾਜੀਵ ਅਹੂਜਾ ਪ੍ਰਧਾਨ, ਸਕੂਲ ਦੇ ਪ੍ਰਿੰਸੀਪਲ ਅਮਨਦੀਪ ਕੌਰ ਤੇ ਆਏ ਹੋਏ ਮਹਿਮਾਨਾਂ ਦੁਆਰਾ ਦੀਪ ਜਗਾ ਕੇ ਕੀਤੀ ਗਈ। ਮੰਚ ਦਾ ਸੰਚਾਲਨ ਸ੍ਰੀਮਤੀ ਸੁਖਜੀਤ ਕੌਰ ਤੇ ਕੁਮਾਰੀ ਰਜਨੀ ਦੁਆਰਾ ਕੀਤਾ ਗਿਆ। ਸਕੂਲ ਦੇ ਵਿਦਿਆਰਥੀਆਂ ਦੁਆਰਾ ਦੇਸ਼ ਭਗਤੀ ਦੇ ਗੀਤ, ਭੰਗੜਾ, ਫੈਂਸੀ ਡਰੈੱਸ, ਸਮਾਜਿਕ ਬੁਰਾਈਆਂ ਨਾਲ ਸਬੰਧਤ ਸਕਿੱਟ ਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਸਮਾਰੋਹ ਵਿੱਚ ਬੱਚਿਆਂ ਦੇ ਨਾਲ ਉਨ੍ਹਾਂ ਦੇ ਮਾਤਾ ਪਿਤਾ ਨੇ ਵੀ ਹਿੱਸਾ ਲਿਆ। ਸਕੂਲ ਦੇ ਇਨਾਮ ਵੰਡ ਸਮਾਗਮ ਵਿੱਚ ਪਹੁੰਚੇ ਹੋਏ ਮੁੱਖ ਮਹਿਮਾਨਾਂ ਨੂੰ ਵਿਸ਼ੇਸ਼ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਗਿਆ।

ਸਕੂਲ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਹਿਣ ਤੇ ਪਹਿਲੇ, ਦੂਸਰੇ ਤੇ ਤੀਸਰੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਨੂੰ ਪੁਰਸਕਾਰ ਦਿੱਤੇ ਗਏ ਅਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈਆਂ ਦਿੱਤੀਆਂ ਗਈਆਂ। ਸਾਲਾਨਾ ਇਨਾਮ ਵੰਡ ਸਮਾਰੋਹ ਦੀ ਸਮਾਪਤੀ 'ਤੇ ਸਕੂਲ ਦੇ ਪ੍ਰਿੰਸੀਪਲ ਅਮਨਦੀਪ ਕੌਰ ਦੁਆਰਾ ਆਏ ਹੋਏ ਮਹਿਮਾਨਾਂ, ਬੱਚਿਆਂ ਤੇ ਮਾਤਾ-ਪਿਤਾ ਨੂੰ ਸਕੂਲ ਦੀਆਂ ਪ੍ਰਾਪਤੀਆਂ ਤੇ ਆਗਾਮੀ ਨੀਤੀਆਂ ਬਾਰੇ ਦੱਸਿਆ ਅਤੇ ਆਏ ਹੋਏ ਮਹਿਮਾਨਾਂ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਤੇ ਅਧਿਆਪਕਾਂ ਦਾ ਧੰਨਵਾਦ ਕੀਤਾ। ਇਸ ਸਮਾਰੋਹ ਦਾ ਪ੍ਰਿੰਸੀਪਲ ਅਮਨਦੀਪ ਕੌਰ ਤੇ ਸਮੂਹ ਸਟਾਫ ਵੱਲੋਂ ਸੁਚੱਜਾ ਪ੍ਰਬੰਧ ਕੀਤਾ ਗਿਆ।

# ਪੰਜਾਬੀ ਲਿਖਾਰੀ ਸਭਾ ਪੀਰ ਮੁਹੰਮਦ ਦੀ ਚੋਣ

**ਮੱਖੂ (ਰਛਪਾਲ ਸਿੰਘ ਸੰਧੂ)**-ਪਿਛਲੇ ਪੰਜ ਸਾਲਾਂ ਤੋਂ ਸਾਹਿਤਕ ਤੇ ਸਮਾਜਕ ਖੇਤਰ ਵਿੱਚ ਆਪਣੇ ਕੰਮਾਂ ਕਰਕੇ ਨਿਵੇਕਲੀ ਪਛਾਣ ਬਣਾਉਣ ਵਾਲੀ ਪੰਜਾਬੀ ਲਿਖਾਰੀ ਸਭਾ ਪੀਰ ਮੁਹੰਮਦ ਦੇ ਸਮੂਹ ਮੈਂਬਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਸਭਾ ਦੇ ਦਫਤਰ ਵਿਖੇ ਹੋਈ, ਜਿਸ ਵਿੱਚ ਸਭਾ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੀ ਚੋਣ ਕਰਨ ਲਈ ਸਾਰੇ ਮੈਂਬਰਾਂ ਵੱਲੋਂ ਸਹਿਮਤੀ ਪ੍ਰਗਟਾਈ ਗਈ ਤੇ ਹਰਭਿੰਦਰ ਸਿੰਘ ਸੰਧੂ ਨੂੰ ਸਭਾ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਵੇਖਦਿਆਂ ਹੋਇਆਂ ਤੀਜੀ ਵਾਰ ਸਭਾ ਦਾ ਪ੍ਰਧਾਨ ਨਿਯੁਕਤ ਕਰਨ ਤੋਂ ਇਲਾਵਾ ਜਰਨੈਲ ਸਿੰਘ ਭੁੱਲਰ ਤੇ ਜਤਿੰਦਰ ਪੰਜਤੂਰੀ ਨੂੰ ਸਭਾ ਦਾ ਸਰਪ੍ਰਸਤ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਹਰਦੇਵ ਸਿੰਘ ਭੁੱਲਰ ਸੀਨੀਅਰ ਮੀਤ ਪ੍ਰਧਾਨ, ਮਾਸਟਰ ਹਰਪਾਲ ਸਿੰਘ ਮਨੇਸ਼ ਮੀਤ ਪ੍ਰਧਾਨ, ਜਸਵੰਤ ਗੋਗੀਆ ਜਨਰਲ ਸਕੱਤਰ, ਸਿੰਘ ਦੀਪ ਸਕੱਤਰ, ਲਖਵੀਰ ਸਿੰਘ ਰਸੂਲਪੁਰੀ ਖਜ਼ਾਨਚੀ, ਪਿਆਰਾ ਘਾਰੂ, ਕੋਆਰਡੀਨੇਟਰ, ਸਾਰਜ ਸਿੰਘ ਭੁੱਲਰ ਤੇ ਪ੍ਰੋ: ਬਲਜਿੰਦਰ ਸਿੰਘ ਮੁੱਖ ਸਲਾਹਕਾਰ, ਨਸੀਬ ਦਿਵਾਨਾ ਤੇ ਸੁਰਿੰਦਰ ਸਿੰਘ ਸੰਧੂ ਸਲਾਹਕਾਰ, ਗੁਰਮੀਤ ਸਿੰਘ ਭੁੱਲਰ ਪ੍ਰੈੱਸ ਸਕੱਤਰ, ਗਾਇਕ ਕੁਲਦੀਪ ਸੰਧੂ, ਰਾਜਾ ਮਨੇਸ਼, ਗਾਇਕ ਨਰਿੰਦਰ ਸੰਧੂ ਪ੍ਰਚਾਰ ਸਕੱਤਰ, ਬਾਜ ਸਿੰਘ ਭੁੱਲਰ, ਰਣਜੀਤ ਸਿੰਘ ਰੰਧਾਵਾ, ਮਲਕੀਤ ਸਿੰਘ, ਵੀਰ ਸਿੰਘ ਵੀਰਾ ਕਾਰਜਕਾਰੀ ਮੈਂਬਰ ਨਿਯੁਕਤ ਕੀਤੇ ਗਏ। ਇਸ ਮੌਕੇ ਸਭਾ ਦੇ ਪ੍ਰਧਾਨ ਹਰਭਿੰਦਰ ਸਿੰਘ ਸੰਧੂ ਨੇ ਸਾਰੇ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਸੌਂਪੀ ਗਈ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਣਗੇ ਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣਗੇ। ਇਸ ਮੌਕੇ ਸਭਾ ਵੱਲੋਂ ਕਰਨ ਵਾਲੇ ਕੰਮਾਂ ਦੀ ਰੂਪ-ਰੇਖਾ ਵੀ ਤਿਆਰ ਕੀਤੀ ਗਈ।

# ਵਿਧਾਇਕ ਦੇਵ ਮਾਨ ਨੇ ਬਾਰਸ਼ ਕਾਰਨ ਖਰਾਬ ਹੋਈ ਫਸਲ ਦਾ ਲਿਆ ਜਾਇਜ਼ਾ



**ਨਾਭਾ (ਵਰਿੰਦਰ ਵਰਮਾ)**-ਬੀਤੇ ਦਿਨੀਂ ਹੋਈ ਬੇਮੌਸਮੀ ਬਾਰਸ਼ ਨੇ ਜਿੱਥੇ ਕਿਸਾਨਾਂ ਦੀ ਕਣਕ ਦੀ ਫਸਲ ਨੂੰ ਬੁਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ ਹੈ, ਉਥੇ ਹੀ ਹੁਣ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਗਿਰਦਾਵਰੀ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ, ਜਿਸ ਦੇ ਤਹਿਤ ਨਾਭਾ ਹਲਕੇ ਦੇ ਵਿਧਾਇਕ ਗੁਰਦੇਵ ਸਿੰਘ ਦੇਵਮਾਨ ਤੇ ਐੱਸ.ਡੀ.ਐੱਮ. ਨਾਭਾ ਦਮਨਦੀਪ ਕੌਰ ਵੱਲੋਂ ਪਿੰਡ ਖੇੜੀ ਜੱਟਾਂ ਤੇ ਰਾਜਪੁਰਾ ਵਿਖੇ 400 ਏਕੜ 'ਚ ਕਾਸ਼ਤ ਕੀਤੀ ਗਾਜਰ ਦੀ ਫਸਲ, ਜੋ ਬਿਲਕੁਲ ਤਹਿਸ-ਨਹਿਸ ਹੋ ਚੁੱਕੀ ਹੈ, ਦਾ ਜਾਇਜ਼ਾ ਲਿਆ। ਇਹ ਗਾਜਰ ਦੀ ਫਸਲ ਬਾਹਰਲੀਆਂ ਰਾਜਾਂ ਨੂੰ ਐਕਸਪੋਰਟ ਕੀਤੀ ਜਾਂਦੀ ਸੀ, ਜੋ ਕਿ ਕਿਸਾਨਾਂ ਵੱਲੋਂ ਠੇਕੇ 'ਤੇ ਲੈ ਕੇ ਗਾਜਰ ਦੀ ਫਸਲ ਕਾਸ਼ਤ ਕੀਤੀ ਗਈ ਸੀ। ਵਿਧਾਇਕ ਦੇਵਮਾਨ ਨੇ ਕਿਹਾ ਕਿ ਹਰ ਪਿੰਡ ਵਿੱਚ ਅਨਾਊਂਸਮੈਂਟ ਕਰਵਾ ਕੇ ਬਿਲਕੁਲ ਪਾਰਦਰਸ਼ੀ ਢੰਗ ਨਾਲ ਗਿਰਦਾਵਰੀ ਕੀਤੀ ਜਾਵੇਗੀ।

ਉਨ੍ਹਾ ਕਿਹਾ ਕਿ ਕਣਕ ਤੋਂ ਇਲਾਵਾ ਸਬਜ਼ੀਆਂ ਤੇ ਹਰੇ ਚਾਰੇ ਦਾ ਵੀ ਸਰਕਾਰ ਮੁਆਵਜ਼ਾ ਦੇਵੇਗੀ। ਇਸ ਮੌਕੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੇ ਐੱਸ.ਡੀ.ਐੱਮ. ਦਮਨਦੀਪ ਕੌਰ ਨੇ ਕਿਹਾ ਕਿ ਕਣਕ ਦੀ ਫਸਲ ਤੋਂ ਇਲਾਵਾ ਗਾਜਰ ਦੀ ਫਸਲ ਬੁਰੀ ਤਰ੍ਹਾਂ ਨੁਕਸਾਨੀ ਗਈ ਹੈ, ਜਿਸ ਦਾ ਪੰਜਾਬ ਸਰਕਾਰ ਵੱਲੋਂ ਮੁਆਵਜ਼ਾ ਦਿੱਤਾ ਜਾਵੇਗਾ।

ਇਸ ਮੌਕੇ ਗਾਜਰ ਦੀ ਕਾਸ਼ਤ ਕਰਨ ਵਾਲੇ ਕਿਸਾਨ ਪ੍ਰਦੀਪ ਸਿੰਘ ਤੇ ਕਿਸਾਨ ਸਤਨਾਮ ਸਿੰਘ ਨੇ ਕਿਹਾ ਕਿ ਅਸੀਂ ਠੇਕੇ 'ਤੇ ਜ਼ਮੀਨ ਲੈ ਕੇ 400 ਏਕੜ ਦੇ ਰਕਬੇ ਵਿੱਚ ਗਾਜਰ ਦੀ ਫਸਲ ਦੀ ਕਾਸ਼ਤ ਕਰਦੇ ਆ ਰਹੇ ਹਾਂ ਇਹ ਫਸਲ ਅਸੀਂ ਬਾਹਰਲੀਆਂ ਸਟੇਟਾਂ ਵਿੱਚ ਵੇਚਦੇ ਸੀ, ਸਾਡਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਸਾਡੀ ਖਰਾਬ ਹੋਈ ਫਸਲ ਦਾ ਸਰਕਾਰ ਮੁਆਵਜ਼ਾ ਦੇਵੇ। ਇਸ ਮੌਕੇ ਕੇ ਸੀ ਦੱਤਾ ਨਾਇਬ ਤਹਿਸੀਲਦਾਰ ਭਾਦਸੋਂ, ਮੋਹਨ ਸਿੰਘ ਐੱਸ ਐੱਚ ਓ ਭਾਦਸੋਂ, ਵਾਤਾਵਰਨ ਪ੍ਰੇਮੀ ਤੇ ਸੀਨੀਅਰ ਆਗੂ ਗੁਲਾਬ ਮਾਨ, ਤੇਜਿੰਦਰ ਸਿੰਘ ਖਹਿਰਾ, ਦੀਪਾ ਰਾਮਗੜ੍ਹ, ਮਨਦੀਪ ਸਿੰਘ ਬਦੇਸਾ, ਮਨਪ੍ਰੀਤ ਸਿੰਘ ਧਾਰੋਂਕੀ, ਪ੍ਰਦੀਪ ਸਿੰਘ, ਹਰਦੀਪ ਸਿੰਘ, ਸਿਮਰਨਜੀਤ ਸਿੰਘ, ਮਹਿੰਦਰ ਸਿੰਘ, ਸਤਨਾਮ ਸਿੰਘ, ਬਲਕਾਰ ਸਿੰਘ ਸਰਪੰਚ, ਹਰਪ੍ਰੀਤ ਸਿੰਘ ਹੈਪੀ, ਜਸਵੀਰ ਸਿੰਘ ਵਜੀਦਪੁਰ ਤੇ ਵੱਡੀ ਗਿਣਤੀ 'ਚ ਪਿੰਡ ਵਾਸੀ ਮੌਜੂਦ ਸਨ।

# ਖਹਿਰਾ ਕੋਟਲੀ ਟੋਲ ਪਲਾਜ਼ਾ ਧਰਨਾ 86ਵੇਂ ਦਿਨ ਵੀ ਬਾਦਸਤੂਰ ਜਾਰੀ




**ਕਲਾਨੌਰ, (ਮਨਦੀਪ ਕੋਹਲੀ)** ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਟੋਲ ਪਲਾਜ਼ਾ ਵਿਰੋਧੀ ਐਕਸ਼ਨ ਕਮੇਟੀ ਗੁਰਦਾਸਪੁਰ ਦੀ ਵਿਸ਼ੇਸ਼ ਮੀਟਿੰਗ ਸੁਖਦੇਵ ਸਿੰਘ ਭਾਗੋਕਾਵਾਂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ 85 ਦਿਨਾਂ ਤੋਂ ਲਗਾਤਾਰ ਚੱਲ ਰਹੇ ਧਰਨੇ ਤੇ ਤਸੱਲੀ ਪ੍ਰਗਟ ਕੀਤੀ ਗਈ ਅਤੇ ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਸਰਕਾਰ ਦੇ ਲਗਾਤਾਰ ਦਿੱਤੇ ਜਾ ਰਹੇ ਧਰਨੇ ਦੇ ਬਾਵਜੂਦ ਵੀ ਹਰਕਤ ਵਿੱਚ ਨਾ ਆਉਣ ਤੇ 10 ਅਪ੍ਰੈਲ ਨੂੰ ਖਹਿਰਾ ਕੋਟਲੀ ਵਿਖੇ ਤਜਵੀਜ਼ਤ ਟੋਲ ਪਲਾਜ਼ੇ ਵਾਲੀ ਜਗ੍ਹਾ 'ਤੇ 12 ਵਜੇ ਤੋਂ 2 ਵਜੇ ਤੱਕ ਟਰੈਫਿਕ ਜਾਮ ਕਰ ਕੇ ਵਿਸ਼ਾਲ ਰੈਲੀ ਕੀਤੀ ਜਾਵੇਗੀ।

ਇਸ ਦੌਰਾਨ ਆਗੂਆਂ ਨੇ ਕਿਹਾ ਕਿ ਉਨ੍ਹਾਂ ਦਾ ਜਨਤਾ ਨੂੰ ਪਰੇਸ਼ਾਨ ਕਰਨ ਦੀ ਕੋਈ ਮਨਸ਼ਾ ਨਹੀਂ ਹੈ ਪਰ ਸਰਕਾਰ ਦੀ ਬੇਰੁਖੀ ਕਾਰਨ ਅਜਿਹੇ ਐਕਸ਼ਨ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਨ੍ਹਾਂ ਨੇ ਜਨਤਾ ਨੂੰ ਅਪੀਲ ਕੀਤੀ ਕੇ 10 ਅਪਰੈਲ ਨੂੰ ਰੈਲੀ ਵਿੱਚ ਪੁੱਜਣ ਤਾਂ ਕਿ ਸਰਕਾਰ ਨੂੰ ਟੋਲ ਪਲਾਜ਼ੇ ਦੀ ਤਜਵੀਜ਼ ਵਾਪਸ ਲੈਣ ਲਈ ਮਜਬੂਰ ਕੀਤਾ ਜਾ ਸਕੇ। ਹੋਰਨਾਂ ਤੋਂ ਇਲਾਵਾ ਇਸ ਮੌਕੇ ਵੱਖ-ਵੱਖ ਜੱਥੇਬੰਦੀਆਂ ਦੇ ਆਗੂ ਪਲਵਿੰਦਰ ਸਿੰਘ ਮਾਨੇਪੁਰ, ਕਿਰਤੀ ਕਿਸਾਨ ਯੂਨੀਅਨ ਹਰਜੀਤ ਸਿੰਘ ਕਾਹਲੋਂ, ਜਮਹੂਰੀ ਕਿਸਾਨ ਸਭਾ ਦੇ ਅਸ਼ਵਨੀ ਕੁਮਾਰ ਲੱਖਣ ਕਲਾਂ, ਪੰਜਾਬ ਕਿਸਾਨ ਯੂਨੀਅਨ ਗੁਲਜ਼ਾਰ ਸਿੰਘ ਬਸੰਤਕੋਟ, ਕੁਲ ਹਿੰਦ ਕਿਸਾਨ ਸਭਾ ਕੁਲਵਿੰਦਰ ਸਿੰਘ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਨਾਜਰ ਸਿੰਘ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦਰਸ਼ਨ ਸਿੰਘ, ਵੇਰਕਾ ਡੇਅਰੀ ਕ੍ਰਾਂਤੀਕਾਰੀ ਯੋਧੇ ਦਲਬੀਰ ਸਿੰਘ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਬਚਨ ਸਿੰਘ, ਕਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਬਲਬੀਰ ਸਿੰਘ ਟਰਾਂਸਪੋਰਟ ਯੂਨੀਅਨ ਸ਼ਾਮਲ ਹੋਏ।

# ਬਰਸਾਤ ਤੇ ਗੜੇਮਾਰੀ ਨਾਲ ਖੀਰਾ ਤੇ ਟਮਾਟਰ ਦੀ ਫਸਲ ਵੀ ਹੋਈ ਖ਼ਰਾਬ

ਫਿਲੌਰ (ਨਿਰਮਲ) ਪਿਛਲੇ ਦਿਨੀ ਹੋਈ ਬੇ-ਮੌਸਮੀ ਬਰਸਾਤ ਅਤੇ ਗੜੇਮਾਰੀ ਅਤੇ ਮੌਸਮ ਸਰਦ ਹੋਣ ਦੇ ਚਲਦੇ ਦੇ ਆਲੇ ਦੁਆਲੇ ਦੇ ਪਿੰਡਾਂ ਦੇ ਕਿਸਾਨਾਂ ਦੀ ਕਈ ਏਕੜ ਦਾ ਭਾਰੀ ਨੁਕਸਾਨ ਕੀਤਾ ਹੈ ਜਿਥੇ ਇਸ ਬਰਸਾਤ ਨਾਲ ਕਣਕ ਦੀ ਫਸਲ ਨਸ਼ਟ ਹੋਈ ਹੈ ਉਥੇ ਹੀ ਸਬਜੀਆਂ, ਜਿਹਨਾਂ 'ਚ ਮੁਖ ਤੌਰ 'ਤੇ ਖੀਰਾ,ਟਮਾਟਰ ਆਦਿ ਫਸਲਾਂ ਵੀ ਬਰਬਾਦ ਹੋਈ ਹੈ ਜਿਸ ਕਰਕੇ ਕਿਸਾਨ ਭਾਰੀ ਚਿੰਤਤ ਹਨ। ਕਿਸਾਨਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਣਕ ਦੀ ਫ਼ਸਲ ਦੇ ਖਰਾਬੇ ਦੇ ਨਾਲ ਹੀ ਸਬਜੀਆਂ ਦੇ ਖਰਾਬੇ ਦਾ ਵੀ ਮੁਆਵਜ਼ਾ ਦਿੱਤਾ ਜਾਵੇ।

ਉਨ੍ਹਾਂ ਕਿਹਾ ਕਿ ਸਬਜ਼ੀਆਂ ਦੀ ਫਸਲ 'ਤੇ ਖਰਚ ਵੀ ਜਿਆਦਾ ਆਉਂਦਾ ਹੈ। ਉਹਨਾਂ ਕਿਹਾ ਕਿ ਉਹ ਤਾਂ ਕਣਕ ਝੋਨੇ ਦੇ ਫ਼ਸਲੀ ਚੱਕਰ 'ਚੋਂ ਬਾਹਰ ਨਿਕਲ ਇਹ ਖੇਤੀ ਕਰ ਰਹੇ ਹਨ ਲੇਕਿਨ ਖਰਚ ਜਿਆਦਾ ਅਤੇ ਨੁਕਸਾਨ ਵੀ ਵੱਡਾ ਹੈ। ਕਿਸਾਨ ਸੁੱਚਾ ਸਿੰਘ ਨੇ ਕਿਹਾ ਕਿ ਸਰਕਾਰ ਵਲੋਂ ਕਣਕ ਦੇ ਖ਼ਰਾਬੇ ਦੇ ਮੁਆਵਜਾ ਦੇਣ ਦਾ ਐਲਾਨ ਕੀਤਾ ਗਿਆ ਹੈ ਉਸਦੇ ਨਾਲ ਹੀ ਉਹਨਾਂ ਦੀ ਸਬਜ਼ੀਆਂ ਦੀ ਫ਼ਸਲ ਦੇ ਮੁਆਵਜੇ ਦਾ ਵੀ ਸਰਕਾਰ ਐਲਾਨ ਕਰੇ ਜਿਸ ਨਾਲ ਘੱਟ ਤੋਂ ਘੱਟ ਜੋ ਉਹਨਾਂ ਦਾ ਖਰਚ ਹੋਇਆ ਹੈ ਉਹ ਹੀ ਪੂਰਾ ਹੋ ਸਕੇ ।

# ਨੁਕਸਾਨੀਆਂ ਫਸਲਾਂ ਦੇ ਮੁਆਵਜ਼ੇ ਲਈ ਐੱਸ ਡੀ ਐੱਮ ਮਜੀਠਾ ਨੂੰ ਸੌਂਪਿਆ ਮੰਗ ਪੱਤਰ



ਮਜੀਠਾ (ਸੋਇਮ ਆਨੰਦ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਸੂਬਾ ਪੱਧਰੀ ਸੱਦੇ 'ਤੇ ਪ੍ਰਧਾਨ ਰਣਜੀਤ ਸਿੰਘ ਕਲੇਰ, ਸੂਬਾ ਸਕੱਤਰ ਸਰਵਣ ਸਿੰਘ ਪੰਧੇਰ ਵੱਲੋ ਐਸਡੀਐਮ ਮਜੀਠਾ ਡਾ: ਹਰਨੂਰ ਕੋਰ ਢਿੱਲੋਂ ਨੂੰ ਮੰਗ ਪੱਤਰ ਦੇਣ ਉਪਰੰਤ ਗੱਲ ਕਰਦਿਆਂ ਦੱਸਿਆ ਗਿਆ ਕਿ ਸਰਕਾਰ ਵੱਲੋ ਖੇਤੀ ਨੀਤੀ ਸਬੰਧੀ ਮੰਗੇ ਸੁਝਾਵਾਂ ਦੀ ਲਿਸਟ ਜਿਹੜੀ ਕਿ ਲੰਮੇ ਸਮੇ ਤੋ ਜਥੇਬੰਦੀ ਦੇ ਏਜੰਡੇ ਤੇ ਸੀ ਅਤੇ ਗੜੇਮਾਰੀ ਤੇ ਬੇਮੌਸਮੀ ਬਰਸਾਤ ਕਾਰਣ ਹੋਏ ਫਸਲਾਂ ਦੇ ਨੁਕਸਾਨ ਦੇ ਖਰਾਬੇ ਲਈ ਐਸਡੀਐਮ. ਦਫਤਰ ਮਜੀਠਾ ਵਿਖੇ ਐਸਡੀਐਮ ਡਾ: ਹਰਨੂਰ ਕੌਰ ਢਿੱਲੋਂ ਨੂੰ ਮੰਗ ਪੱਤਰ ਦਿੱਤਾ ਗਿਆ। ਉਕਤ ਆਗੂਆਂ ਨੇ ਕਿਹਾ ਕਿ ਹਾਲਾਂ ਕਿ ਗੜੇਮਾਰੀ ਕਾਰਣ ਮਾਰੀ ਗਈ ਪੁੱਤਾਂ ਵਾਂਗ ਪਾਲੀ ਫਸਲ ਦਾ ਬੁਰਾ ਅਸਰ ਕਿਸਾਨ ਮਾਨਸਿਕ ਤੌਰ 'ਤੇ ਵੀ ਪ੍ਰਭਾਵਿਤ ਹੈ ਪਰ ਸਰਕਾਰ ਨੂੰ ਚਾਹੀਦਾ ਹੈ ਕਿ ਘੱਟ ਤੋ ਘੱਟ ਉਸ ਦੇ ਆਰਥਿਕ ਨੁਕਸਾਨ ਦੀ ਭਰਪਾਈ ਕਰੇ ਅਤੇ ਪੰਜਾਹ ਹਜ਼ਾਰ ਰੁਪਏ ਮੁਆਵਜ਼ਾ ਏਕੜ ਇਕਾਈ ਮੰਨ ਕੇ ਦਿੱਤਾ ਜਾਵੇ। ਇਹ ਮੁਆਵਜ਼ਾ ਸਾਰੀਆਂ ਫਸਲਾਂ ਦੇ ਸਬੰਧ ਵਿੱਚ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਅਗੇ ਕਿਹਾ ਕਿ ਖੇਤੀ ਨੀਤੀ ਸਬੰਧੀ ਸੁਝਾਵਾਂ ਤਹਿਤ ਅਜਿਹੀ ਖੇਤੀ ਨੀਤੀ ਅਪਣਾਈ ਜਾਣੀ ਚਾਹੀਦੀ ਹੈ ਕਿ ਜਿਸ ਨਾਲ ਕਿਸਾਨ ਅਤੇ ਖੇਤੀ ਮਜ਼ਦੂਰ ਦੀ ਪੁਰਾਣੇ ਸਮੇ ਵਰਗੀ ਸਾਂਝ ਕਾਇਮ ਹੋ ਸਕੇ ਜਦ ਕਿ ਅੱਜ ਤੱਕ ਕਾਰਪੋਰੇਟ ਘਰਾਣੇ ਫਾਇਦੇ ਪਹੁੰਚਾਉਣ ਵਾਲੀਆਂ ਨੀਤੀਆਂ ਹੀ ਬਣੀਆਂ ਹਨ ਜਿਸ ਨਾਲ ਇਹ ਸਾਂਝ ਕਮਜ਼ੋਰ ਹੋਈ ਹੈ।

ਖੇਤੀ ਆਧਾਰਿਤ ਪ੍ਰਦੂਸ਼ਣ ਮੁਕਤ ਛੋਟੀਆਂ ਸਨਅਤਾਂ ਜਿਹੜੀਆਂ ਕਿਸਾਨਾਂ ਮਜ਼ਦੂਰਾਂ ਦੀਆਂ ਲੋਕਲ ਕਮੇਟੀਆਂ ਹੈਂਡਲ ਕਰਨ ਲਈ ਲੱਗਣੀਆਂ ਚਾਹੀਦੀਆਂ ਹਨ ਅਤੇ ਫਸਲਾਂ ਦੀ ਖਰੀਦ ਦਾ ਗਾਰੰਟੀ ਕਾਨੂੰਨ ਪੰਜਾਬ ਸਰਕਾਰ ਬਣਾਵੇ। ਇਸ ਨਾਲ ਝੋਨੇ ਦੀ ਫਸਲ ਤੋਂ ਛੁਟਕਾਰਾ ਹੋਵੇਗਾ ਅਤੇ ਧਰਤੀ ਹੇਠਲਾ ਪਾਣੀ ਬਚੇਗਾ ਅਤੇ ਪਰਾਲੀ ਕਾਰਣ ਹੋਣ ਵਾਲੇ ਪ੍ਰਦੂਸ਼ਣ ਦੇ ਇਲਜ਼ਾਮਾਂ ਤੋਂ ਪੰਜਾਬ ਬਚੇਗਾ। ਕਿਸਾਨਾਂ, ਮਜ਼ਦੂਰਾਂ ਦਾ ਸਾਰਾ ਕਰਜ਼ਾ ਖਤਮ ਕੀਤਾ ਜਾਵੇ, ਕਿਸਾਨਾਂ ਮਜ਼ਦੂਰਾਂ ਦੀਆਂ ਕੁਰਕੀਆਂ, ਗ੍ਰਿਫਤਾਰੀਆਂ ਤੇ ਨਿਲਾਮੀਆਂ ਬੰਦ ਕੀਤੀਆਂ ਜਾਣ। ਸਾਰੀ ਖੇਤੀਯੋਗ ਜ਼ਮੀਨ ਨੂੰ ਨਹਿਰੀ ਪਾਣੀ ਮੁਹੱਈਆ ਹੋਵੇ। ਇਸ ਮੌਕੇ ਉਕਤ ਆਗੂਆਂ ਨੇ ਕਿਹਾ ਕਿ 29 ਮਾਰਚ ਨੂੰ ਸ਼ਹੀਦਾਂ ਦੀ ਯਾਦ ਵਿੱਚ ਕੀਤੀ ਜਾਣ ਵਾਲੀ ਜਥੇਬੰਦਕ ਰੈਲੀ ਮੌਸਮ ਨੂੰ ਦੇਖਦੇ ਹੋਏ ਰਣਜੀਤ ਐਵੇਨਿਊ ਅੰਮ੍ਰਿਤਸਰ ਜਾਂ ਦਾਣਾ ਮੰਡੀ ਭਗਤਾਂ ਵਾਲਾ ਅੰਮ੍ਰਿਤਸਰ ਵਿਖੇ ਕੀਤੀ ਜਾਵੇਗੀ। ਇਸ ਮੌਕੇ ਉਕਤ ਆਗੂਆਂ ਦੇ ਨਾਲ ਜਰਮਨਜੀਤ ਸਿੰਘ ਬੰਡਾਲਾ, ਗੁਰਬਚਨ ਸਿੰਘ ਚੱਬਾ, ਗੁਰਲਾਲ ਸਿੰਘ ਮਾਨ, ਮੁਖਤਾਰ ਸਿੰਘ ਭੰਗਵਾਂ, ਕਿਰਪਾਲ ਸਿੰਘ ਕਲੇਰ, ਗੁਰਦੀਪ ਸਿੰਘ ਹਮਜਾ, ਸਕੱਤਰ ਸਿੰਘ ਕੋਟਲਾ, ਸਵਿੰਦਰ ਸਿੰਘ ਰੂਪੋਵਾਲੀ, ਗੁਰਭੇਜ ਸਿੰਘ ਝੰਡੇ ਆਦਿ ਹਾਜ਼ਰ ਸਨ।

## ਪਹਿਲਵਾਨ ਗੁਲਜ਼ਾਰ ਸਿੰਘ ਮੈਮੋਰੀਅਲ ਕੁਸ਼ਤੀ ਦੰਗਲ 2 ਅਪ੍ਰੈਲ ਨੂੰ



ਤਰਸਿਕਾ (ਤਰਸੇਮ ਸਿੰਘ ਸਾਧਪੁਰ)—ਇੱਥੋਂ ਨਜ਼ਦੀਕੀ ਪਿੰਡ ਖੁਜਾਲਾ ਵਿਖੇ ਪਹਿਲਵਾਨ ਗੁਲਜ਼ਾਰ ਸਿੰਘ ਮੈਮੋਰੀਅਲ ਭਾਰਤ ਕੇਸਰੀ ਵਿਸ਼ਾਲ ਕੁਸਤੀ-ਦੰਗਲ 2 ਅਪ੍ਰੈਲ ਦਿਨ ਐਤਵਾਰ ਨੂੰ ਦੁਪਹਿਰ ਇਕ ਤੋਂ ਸ਼ਾਮ 5 ਵਜੇ ਤੱਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸੀਨੀਅਰ ਸੈਕੰਡਰੀ ਸਕੂਲ ਦੇ ਗਰਾਊਂਡ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਾਬਕਾ ਸਰਪੰਚ ਪਲਵਿੰਦਰ ਸਿੰਘ ਨੇ ਦੱਸਿਆ ਕਿ ਕਰਵਾਏ ਜਾ ਰਹੇ ਕੁਸ਼ਤੀ ਦੰਗਲ ਵਿੱਚ ਇਹ ਮੁਕਾਬਲੇ ਓਲੰਪਿਕ ਰੂਲਾਂ ਅਨੁਸਾਰ ਮੈਟ ਉਪਰ ਕਰਵਾਏ ਜਾਣਗੇ ਅਤੇ ਇਹ ਕੁਸ਼ਤੀ ਮੁਕਾਬਲੇ ਦੇ ਫਾਈਨਲ ਮੈਚ 4 ਅਪ੍ਰੈਲ ਨੂੰ ਖਿਜਰਾਬਾਦ ਖੇਡ ਸਟੇਡੀਅਮ ਮੋਹਾਲੀ ਵਿਖੇ ਹੋਣਗੇ। ਉਨ੍ਹਾਂ ਦੱਸਿਆ ਕਿ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਆਉਣ ਵਾਲੇ ਪਹਿਲਵਾਨ ਨੂੰ ਡੇਢ ਲੱਖ, ਦੂਜਾ ਇਨਾਮ ਸਵਾ ਲੱਖ, ਤੀਜਾ ਇਨਾਮ 1 ਲੱਖ 15 ਹਜ਼ਾਰ, ਚੌਥਾ ਇਨਾਮ ਇਕ ਲੱਖ, 5ਵਾਂ ਤੇ 6ਵਾਂ ਇਨਾਮ 60-60 ਹਜ਼ਾਰ ਰੁਪਏ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸਿਰਫ ਐਂਟਰੀ ਵਾਲੇ ਪਹਿਲਵਾਨਾਂ ਨੂੰ ਹੀ ਮੁਕਾਬਲੇ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਹੋਵੇਗੀ।

## ਅਮਨ-ਸ਼ਾਂਤੀ ਬਰਕਰਾਰ ਰੱਖਣ ਲਈ ਪੁਲਸ ਨੇ ਕੱਢਿਆ ਫਲੈਗ ਮਾਰਚ



ਮਜੀਠਾ (ਸੋਇਮ ਆਨੰਦ)-ਮਜੀਠਾ ਸ਼ਹਿਰ ਵਿੱਚ ਐੱਸਐੱਸਪੀ (ਦਿਹਾਤੀ) ਸਤਿੰਦਰ ਸਿੰਘ ਆਈਪੀਐੱਸ ਤੇ ਡੀਐੱਸਪੀ (ਮਜੀਠਾ) ਮਨਮੋਹਨ ਸਿੰਘ ਔਲਖ ਪੀਪੀਐੱਸ ਦੇ ਦਿਸ਼ਾ ਨਿਰਦੇਸ਼ਾਂ ਤੇ ਥਾਣਾ ਮੁਖੀ ਮਜੀਠਾ ਸਬ ਇੰਸਪੈਕਟਰ ਮਨਮੀਤ ਸਿੰਘ ਤੇ ਥਾਣਾ ਮੁਖੀ ਮੱਤੇਵਾਲ ਸਬ ਇੰਸਪੈਕਟਰ ਗੁਰਪ੍ਰੀਤ ਸਿੰਘ ਦੀ ਅਗਵਾਈ ਹੇਠ ਰੈਪਿਡ ਫੋਰਸ ਤੇ ਪੰਜਾਬ ਪੁਲਸ ਦੇ ਜਵਾਨਾਂ ਵੱਲੋਂ ਅਮਨ ਸ਼ਾਂਤੀ ਨੂੰ ਬਰਕਰਾਰ ਰੱਖਣ ਲਈ ਵੱਖ-ਵੱਖ ਬਾਜ਼ਾਰਾਂ ਤੇ ਸੜਕਾਂ 'ਤੇ ਫਲੈਗ ਮਾਰਚ ਕੱਢਿਆ ਗਿਆ। ਇਸ ਮੌਕੇ ਅਡੀਸ਼ਨਲ ਐੱਸਐੱਚਓ ਸਬ ਇੰਸਪੈਕਟਰ ਜੰਗ ਬਹਾਦਰ ਸਿੰਘ ਤੇ ਵੱਡੀ ਗਿਣਤੀ ਵਿਚ ਪੰਜਾਬ ਪੁਲਿਸ ਤੇ ਰੈਪਿਡ ਫੋਰਸ ਦੇ ਜਵਾਨ ਸ਼ਾਮਲ ਸਨ।

## ਸੰਘਰਸ਼ੀ ਯੋਧੇ ਬਲਕਾਰ ਸਿੰਘ ਬਲੱਗਣ ਨੂੰ ਸ਼ਰਧਾਂਜਲੀਆਂ ਭੇਟ



ਗੁਰਦਾਸਪੁਰ (ਜਨਕ ਮਹਾਜਨ)-ਪਿੰਡ ਬਲੱਗਣ ਦੇ ਗੁਰਦੁਆਰਾ ਸਾਹਿਬ ਵਿਖੇ ਸੰਘਰਸ਼ੀ ਯੋਧੇ ਬਲਕਾਰ ਸਿੰਘ ਬਲੱਗਣ ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ੋਨ ਤੇਜਾ ਸਿੰਘ ਸੁਤੰਤਰ ਦੇ ਪ੍ਰਧਾਨ ਸੁਖਵਿੰਦਰ ਸਿੰਘ ਅੱਲੜ ਪਿੰਡੀ, ਸਤਨਾਮ ਸਿੰਘ ਖਜ਼ਾਨਚੀ, ਰਣਬੀਰ ਸਿੰਘ ਡੁਗਰੀ, ਕਰਨੈਲ ਸਿੰਘ ਆਦੀਆਂ, ਮਾਸਟਰ ਗੁਰਦਿਆਲ ਸਿੰਘ ਨੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਅਤੇ ਪਰਿਵਾਰ ਨੂੰ ਵਿਸ਼ਵਾਸ ਦਿਵਾਇਆ ਕਿ ਅਸੀਂ ਬਲਕਾਰ ਸਿੰਘ ਦੇ ਪਰਿਵਾਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਰਹਾਂਗੇ। ਇਸ ਮੌਕੇ ਕਿਸਾਨ ਮਜ਼ਦੂਰ ਕਮੇਟੀ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰੈੱਸ ਸਕੱਤਰ ਸੁਖਦੇਵ ਸਿੰਘ ਅੱਲੜਪਿੰਡੀ ਨੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਬਲਕਾਰ ਸਿੰਘ ਬਲੱਗਣ ਸਾਡੀ ਕਿਸਾਨ ਮਜ਼ਦੂਰ ਸੰਘਰਸ ਕਮੇਟੀ ਦੇ ਸੰਘਰਸ਼ੀ ਯੋਧੇ ਸਨ। ਉਨ੍ਹਾਂ ਨੇ ਦਿੱਲੀ ਅੰਦੋਲਨ ਵਿੱਚ ਤਨ -ਮਨ ਅਤੇ ਧਨ ਨਾਲ ਸੰਘਰਸ਼ ਲੜੇ ਸਨ। ਉਨ੍ਹਾਂ ਦੇ ਅਚਨਚੇਤ ਇਸ ਸੰਸਾਰ ਨੂੰ ਅਲਵਿਦਾ ਆਖ ਜਾਣ ਨਾਲ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਤੋਂ ਇਕ ਸਿਰੜੀ ਯੋਧਾ ਵਿਛੜ ਗਿਆ। ਇਸ ਮੌਕੇ ਸੁੱਚਾ ਸਿੰਘ ਬਲੱਗਣ ਵੱਲੋਂ ਪਰਿਵਾਰ ਨੂੰ ਇਹ ਵਿਸਵਾਸ ਦਿਵਾਇਆ ਗਿਆ ਕਿ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਹਰ ਦੁੱਖ-ਸੁੱਖ ਵੇਲੇ ਪਰਿਵਾਰ ਦੇ ਨਾਲ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾਂ ਜ਼ੋਨ ਤੇਜਾ ਸਿੰਘ ਸੁਤੰਤਰ ਦੇ ਪ੍ਰਧਾਨ ਸੁਖਵਿੰਦਰ ਸਿੰਘ ਅੱਲੜ ਪਿੰਡੀ, ਸਤਨਾਮ ਸਿੰਘ ਅੱਲੜ ਪਿੰਡੀ, ਗੁਰਮੀਤ ਸਿੰਘ ਬਲੱਗਣ, ਰਸ਼ਪਾਲ ਸਿੰਘ ਡੁਗਰੀ, ਕਰਨੈਲ ਸਿੰਘ ਆਂਦੀ, ਹਰਜਿੰਦਰ ਸਿੰਘ ਡੇਰੀਵਾਲ, ਲਖਵਿੰਦਰ ਸਿੰਘ ਡੇਰੀਵਾਲ, ਬਲਦੇਵ ਸਿੰਘ ਹਰਦੋਛੰਨੀ, ਰਸਪਾਲ ਸਿੰਘ ਡੁਗਰੀ, ਕਰਨੈਲ ਸਿੰਘ ਮੱਲ੍ਹੀ, ਲਖਵਿੰਦਰ ਸਿੰਘ ਨੰਗਲ ਡਾਲਾਂ, ਗੁਰਪ੍ਰੀਤ ਸਿੰਘ ਸ਼ਹੂਰ, ਦਿਲਬਾਰਾ ਸਿੰਘ ਹਰਦੋਛੰਨੀ ਆਦਿ ਹਾਜ਼ਰ ਸਨ।

## 20.95 ਵੈਂਚਰਸ ਵੱਲੋਂ ਮੋਬਾਇਲ ਐਪ ਹਮਬੀ ਲਾਂਚ

ਚੰਡੀਗੜ੍ਹ : 20.95 ਵੈਂਚਰਸ, ਦੁਨੀਆ ਦੇ ਪਹਿਲੇ ਵਪਾਰਕ ਭਾਈਚਾਰਾ ਕਲਿਆਣ ਪਲੇਟਫਾਰਮ ਨੇ ਆਪਣੀ ਮੋਹਰੀ ਮੋਬਾਈਲ ਐਪ ਹਮਬੀ ਨੂੰ ਲਾਂਚ ਕਰਨ ਦਾ ਐਲਾਨ ਕੀਤਾ ਹੈ, ਜਿਸਦਾ ਉੱਦੇਸ਼ ਕਿਸੇ ਵੀ ਉਦਯੋਗ ਵਿਚ ਪਾਈ ਜਾਣ ਵਾਲੇ ਦੋ ਵਿਆਪਕ ਪਾੜਿਆਂ ਨੂੰ ਦੂਰ ਕਰਨ ਹੈ। ਪਹਿਲਾ-ਮੁੱਲ ਲੜੀ ਦੇ ਅਣਦੇਖੇ ਪ੍ਰਤੀਭਾਗੀਆਂ ਲਈ ਸਮਾਜਿਕ ਸੁਰੱਖਿਆ ਕਵਰ ਦੀ ਲੋੜ, ਜਿਵੇਂ ਕਿ ਡੀਲਰ, ਵਿਤਰਕ, ਸੁਪਰ ਸਟਾਕਿਸਟ, ਪ੍ਰਚੂਨ ਵਿਕਰੇਤਾ, ਫਾਰਮਾਸਿਸਟ, ਕਰਿਆਨੇਵਾਲੇ, ਏਜੰਟ ਅਤੇ ਹੋਰ, ਅਤੇ ਦੂਜਾ-ਸੰਮਲਿਤ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਕਾਰਪੋਰੇਟਾਂ ਲਈ ਆਪਣੇ ਕਲਿਆਣ ਦੇ ਇਰਾਦੇ ਨੂੰ ਸਹੀ ਢੰਗ ਨਾਲ ਚੈਨਲਾਈਜ਼ ਕਰਨ ਲਈ ਇੱਕ ਏਕੀਕ੍ਰਿਤ ਪਲੇਟਫਾਰਮ ਦੀ ਲੋੜ। ਵਿਕਾਸ ਤੇ ਟਿੱਪਣੀ ਕਰਦੇ ਹੋਏ ਨਵੀਨ ਤਿਵਾੜੀ, ਸੰਸਥਾਪਕ ਅਤੇ ਸੀਈਓ ਨੇ ਕਿਹਾ ਕਿ ਕਾਰਪੋਰੇਟ ਮੁੱਲ ਚੇਨ ਭਾਈਵਾਲਾਂ ਦੀ ਭਲਾਈ ਕਰਨ ਲਈ ਉਤਸੁਕ ਹਨ ਕਿਉਂਕਿ ਉਹ ਕਾਰੋਬਾਰ ਦੀ ਸਫਲਤਾ ਲਈ ਇੱਕ ਮਹੱਤਵਪੂਰਨ ਕੜੀ ਹਨ। ਹਮਬੀ ਦੇ ਜ਼ਰੀਏ ਅਸੀਂ ਉਸ ਹਰੇਕ ਲੈਣ-ਦੇਣ ਨੂੰ ਰਿਕਾਰਡ ਕਰਦੇ ਹਾਂ ਜੋ ਹਰੇਕ ਮੁੱਲ ਚੇਨ ਭਾਈਵਾਲ ਇੱਕ ਕਾਰਪੋਰੇਟ ਨਾਲ ਕਰਦਾ ਹੈ, ਉਨ੍ਹਾਂ ਦੇ ਯੋਗਦਾਨ ਨੂੰ ਪਛਾਣਦੇ ਹਾਂ।

# ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਨਵਾਂ ਸੈਸ਼ਨ ਸ਼ੁਰੂ



ਸ੍ਰੀ ਗੋਇੰਦਵਾਲ ਸਾਹਿਬ, (ਕਾਬਲ ਸਿੰਘ ਮੱਲ੍ਹੀ)-ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਨਵੇਂ ਸਾਲ ਆਰੰਭਤਾ ਧਾਰਮਿਕ ਸ਼ਬਦ ਗਾਇਨ ਕਰਕੇ ਕੀਤੀ ਗਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਬਲਜੀਤ ਕੌਰ ਔਲਖ ਨੇ ਕਿਹਾ ਕਿ ਸੰਸਥਾ ਵੱਲੋਂ ਨਵੇਂ ਸੈਸ਼ਨ ਦੀ ਆਰੰਭਤਾ ਕਰ ਦਿੱਤੀ ਗਈ ਹੈ, ਸਕੂਲ ਵਿੱਚ ਵੱਖ-ਵੱਖ ਖੇਤਰਾਂ ਵਿੱਚ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੇ ਵਿਦਿਆਰਥੀਆਂ ਨੂੰ ਜਲਦੀ ਹੀ ਸਨਮਾਨਿਤ ਕੀਤਾ ਜਾਵੇਗਾ।

ਉਨ੍ਹਾਂ ਨੇ ਸਾਰੀਆਂ ਕਲਾਸਾਂ ਦੇ ਵਿਦਿਆਰਥੀਆਂ ਨੂੰ ਸੰਸਥਾ ਵਿੱਚ ਹਰ ਰੋਜ਼ ਹਾਜ਼ਰ ਰਹਿਣ ਦੀ ਹਦਾਇਤ ਕੀਤੀ ਤਾਂ ਜੋ ਸਮੇਂ ਸਿਰ ਸਿਲੇਬਸ ਨੂੰ ਪੂਰਾ ਕੀਤਾ ਜਾ ਸਕੇ। ਇਸ ਮੌਕੇ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀਆਂ ਨੇ ਨਵੇਂ ਸੈਸ਼ਨ ਤੇ ਆਪਣੇ ਆਪਣੇ ਸਟਾਫ ਮੈਂਬਰਾਂ ਨਾਲ ਆਪਣੇ ਵਿਚਾਰ ਪੇਸ਼ ਕੀਤੇ, ਸਕੂਲ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਬੋਰਡ ਦੇ ਪੇਪਰ ਦੇ ਰਹੇ ਦੱਸਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਭੇਟ ਕੀਤੀਆਂ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਤੋਂ ਇਲਾਵਾ ਸਰਨਜੀਤ ਕੌਰ, ਹਰਵਿੰਦਰ ਕੌਰ ਵਿਰਦੀ, ਨੀਲਮ ਕੌਰ, ਰਮਨਦੀਪ ਕੌਰ, ਰੁਪਿੰਦਰ ਕੌਰ, ਕੁਲਵਿੰਦਰ ਕੌਰ, ਕੰਵਲਜੀਤ ਕੌਰ, ਗੁਰਮੀਤ ਕੌਰ, ਮਨਜੀਤ ਕੌਰ, ਕੁਲਦੀਪ ਸਿੰਘ, ਕਾਰਜ ਸਿੰਘ ਸਰਨਜੀਤ ਕੌਰ ਖਵਾਸਪੁਰ ਅਤੇ ਹੋਰ ਸੀਨੀਅਰ ਸਟਾਫ ਮੈਂਬਰ ਹਾਜ਼ਰ ਸਨ।

# ਮੁੰਬਈ ਤੋਂ ਆਈ ਸਿੱਖ-ਸੰਗਤ ਨੇ ਕੀਤੀ ਵੱਖ-ਵੱਖ ਧਾਰਮਿਕ ਅਸਥਾਨਾਂ ਦੀ ਯਾਤਰਾ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-'ਮਹਾਂਰਾਸ਼ਟਰ ਸਿੱਖ ਐਸੋਸੀਏਸ਼ਨ' ਦੇ ਉਪਰਾਲੇ ਸਦਕਾ ਨਵੀਂ ਮੁੰਬਈ ਥਾਣਾ ਦੀ ਸੰਗਤ ਨੇ ਬਾਬਾ ਸੇਵਾ ਸਿੰਘ ਦੇ ਸਹਿਯੋਗ ਸਦਕਾ ਪੰਜਾਬ ਮੇਲ ਰਾਹੀਂ 18 ਮਾਰਚ ਨੂੰ ਵੱਖ-ਵੱਖ ਧਾਰਮਿਕ ਅਸਥਾਨਾਂ ਦੀ ਯਾਤਰਾ ਆਰੰਭ ਕੀਤੀ। ਗੁਰਦੁਆਰਾ ਦਾਤਾ ਬੰਦੀ ਛੋੜ ਕਿਲ੍ਹਾ ਗਵਾਲੀਅਰ ਵਿਖੇ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ 20 ਮਾਰਚ ਨੂੰ ਸ੍ਰੀ ਚਰਨ ਕਮਲ ਨਰੈਣਾ ਵਿਖੇ ਪਹੁੰਚੇ। 21 ਮਾਰਚ ਨੰ ਪੁਸ਼ਕਰ, ਰਾਜਸਥਾਨ ਹੁੰਦੇ ਹੋਏ, 22 ਮਾਰਚ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਬਠਿੰਡਾ ਵਿਖੇ ਦਰਸ਼ਨ ਦੀਦਾਰੇ ਕੀਤੇ। 23 ਮਾਰਚ ਨੂੰ ਗੁ. ਗੁੰਗਸਰ ਸਾਹਿਬ ਕੋਠਾ ਗੁਰੂ ਕਾ, ਗੁ. ਗੁਰੂਸਰ ਸਾਹਿਬ, ਬਠਿੰਡਾ, ਮਹਿੰਦੀਆਣਾ ਸਾਹਿਬ, ਸੁਲਤਾਨਪੁਰ ਲੋਧੀ, ਗੋਇੰਦਵਾਲ ਸਾਹਿਬ ਤੋਂ ਹੁੰਦੇ ਹੋਏ ਰਾਤ ਨੂੰ ਸ੍ਰੀ ਖਡੂਰ ਸਾਹਿਬ ਵਿਖੇ ਪਹੁੰਚੇ। 24 ਮਾਰਚ ਨੂੰ ਸ੍ਰੀ ਤਰਨ ਤਾਰਨ ਸਾਹਿਬ, ਦਰਬਾਰ ਸਾਹਿਬ, ਬੀੜ ਬਾਬਾ ਬੁੱਢਾ ਸਾਹਿਬ, ਗੁਰਦੁਆਰਾ ਸੰਨ੍ਹ ਸਾਹਿਬ, ਗੁਰਦੁਆਰਾ ਛਿਹਰਟਾ ਸਾਹਿਬ ਦੇ ਦਰਸ਼ਨ ਕਰਨ ਉਪਰੰਤ ਸ੍ਰੀ ਖਡੂਰ ਸਾਹਿਬ ਵਾਪਸੀ ਕੀਤੀ। 25 ਮਾਰਚ ਨੂੰ ਗੁ. ਤਪਿਆਣਾ ਸਾਹਿਬ, ਖਡੂਰ ਸਾਹਿਬ ਵਿਖੇ ਯਾਤਰਾ ਦੀ ਸੰਪੂਰਨਤਾ ਲਈ ਸੰਗਤ ਵੱਲੋਂ ਆਰੰਭ ਕਰਵਾਏ ਗਏ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਨਿਸ਼ਾਨ-ਏ-ਸਿੱਖੀ ਦੇ ਅੰਤਰਗਤ ਚੱਲ ਰਹੀਆਂ ਵੱਖ-ਵੱਖ ਵਿੱਦਿਅਕ ਸੰਸਥਾਵਾਂ ਦਾ ਦੌਰਾ ਕੀਤਾ। 26 ਮਾਰਚ ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਦਰਸ਼ਨ ਕੀਤੇ ਗਏ। 27 ਮਾਰਚ ਨੂੰ ਡੇਰਾ ਬਾਬਾ ਨਾਨਕ ਤੇ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨ ਕਰਨ ਉਪਰੰਤ 28 ਮਾਰਚ ਮੁੰਬਈ ਲਈ ਵਾਪਸ ਰਵਾਨਾ ਹੋਏ। ਇਸ ਯਾਤਰਾ ਦਾ ਸਾਰਾ ਪ੍ਰਬੰਧ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਅਤੇ ਮਹਾਂਰਾਸ਼ਟਰ ਸਿੱਖ ਐਸੋਸੀਏਸ਼ਨ ਵੱਲੋਂ ਕੀਤਾ ਗਿਆ। ਆਈ ਹੋਈ ਸਮੂਹ ਸੰਗਤ ਵੱਲੋਂ ਬਾਬਾ ਸੇਵਾ ਸਿੰਘ ਜੀ ਅਤੇ ਕਾਰ ਸੇਵਾ ਖਡੂਰ ਸਾਹਿਬ ਦੇ ਸੇਵਾਦਾਰਾਂ ਦਾ ਧੰਨਵਾਦ ਕੀਤਾ ਗਿਆ। ਗੁਰੂਧਾਮਾਂ ਲਈ ਸ਼ੁਰੂ ਕੀਤੀ ਗਈ ਇਸ ਯਾਤਰਾ ਦੀ ਅਗਵਾਈ ਦਲਜੀਤ ਸਿੰਘ ਬੱਲ, ਪ੍ਰਧਾਨ ਮਹਾਂਰਾਸ਼ਟਰ ਸਿੱਖ ਐਸੋਸੀਏਸ਼ਨ ਵੱਲੋਂ ਕੀਤੀ ਗਈ।

# ਗੁਰਦੁਆਰਾ ਡੇਰਾ ਭਗਤਾਂ ਵਿਖੇ ਦੋ ਰੋਜ਼ਾ ਸਾਲਾਨਾ ਜੋੜ ਮੇਲਾ ਭਰਿਆ



ਤਰਸਿਕਾ (ਤਰਸੇਮ ਸਿੰਘ ਸਾਧਪੁਰ)—ਸੱਚਖੰਡ ਵਾਸੀ ਸੰਤ ਬਾਬਾ ਪ੍ਰੀਤਮ ਸਿੰਘ, ਸੰਤ ਬਾਬਾ ਗੁਰਬਚਨ ਸਿੰਘ ਦੇ ਤਪ ਅਸਥਾਨ ਗੁਰਦੁਆਰਾ ਡੇਰਾ ਭਗਤਾਂ ਤਰਸਿੱਕਾ ਵਿਖੇ ਦੋ ਰੋਜ਼ਾ ਸਾਲਾਨਾ ਜੋੜ ਮੇਲਾ ਬੜੀ ਧੂਮਧਾਮ ਨਾਲ

ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੇਵ ਸਿੰਘ ਦੀ ਰਹਿਨੁਮਾਈ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਖਾਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਹਿਲੇ ਦਿਨ ਭੋਗ ਪੈਣ ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਧਾਰਮਿਕ ਸਮਾਗਮ ਦਾ ਆਯੋਜਿਤ ਕੀਤਾ ਗਿਆ ਜਿਸ ਵਿੱਚ ਭਾਈ ਰਣਜੀਤ ਸਿੰਘ ਹਜ਼ੂਰੀ ਰਾਗੀ ਸਚਖੰਡ ਸ੍ਰੀ ਅੰਮ੍ਰਿਤਸਰ, ਭਾਈ ਗੁਰਦਿੰਪਾਲ ਸਿੰਘ, ਭਾਈ ਭਗਵੰਤ ਸਿੰਘ ਸੂਰਵਿੰਡ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਭਾਈ ਪੂਰਨ ਸਿੰਘ ਅਰਸੀ,ਭਾਈ ਗੁਰਪ੍ਰੀਤ ਸਿੰਘ ਭੰਗੂ, ਭਾਈ ਅਮਰਜੀਤ ਸਿੰਘ ਢੱਡੇ, ਭਾਈ ਕੁਲਵਿੰਦਰ ਸਿੰਘ ਐਮ. ਏ. ਸਮੇਤ ਪੰਜਾਬ ਦੇ ਨਾਮਵਰ ਜਥਿਆਂ ਨੇ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜਾਣੂ ਕਰਵਾ ਕੇ ਗੁਰੂ ਘਰ ਦੀ ਹਾਜ਼ਰੀ ਭਰੀ। ਇਸ ਸਮਾਗਮ ਵਿੱਚ ਸੰਤ ਬਾਬਾ ਬੁੱਧ ਸਿੰਘ ਜੀ ਛੋਟੇ ਘੁੰਮਣਾਂ ਵਾਲੇ, ਸੰਤ ਬਾਬਾ ਗੁਰਭੇਜ ਸਿੰਘ ਖੁਜਾਲੇ ਵਾਲੇ, ਸੰਤ ਬਾਬਾ ਗੁਰਦਿਆਲ ਸਿੰਘ ਰੋੜੀ ਸਾਹਿਬ ਵਾਲੇ, ਜਥੇਦਾਰ ਭਾਈ ਸਤਨਾਮ ਸਿੰਘ ਮੈਂਬਰ ਐੱਸਜੀਪੀਸੀ, ਗਿਆਨੀ ਦਵਿੰਦਰ ਪਾਲ ਸਿੰਘ ਬੁੱਟਰ, ਸੰਤ ਬਾਬਾ ਸੁਖਵੰਤ ਸਿੰਘ ਚੰਨਣਕੇ ਸਮੇਤ ਵੱਡੀ ਗਿਣਤੀ ਵਿੱਚ ਸੰਤਾਂ-ਮਹਾਪੁਰਸਾ ਨੇ ਸੰਗਤਾਂ ਵਿਚ ਹਾਜਰੀ ਭਰੀ। ਇਸ ਮੌਕੇ ਅੰਮ੍ਰਿਤ ਸੰਚਾਰ ਵੀ ਕਰਵਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ 'ਚ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਦੋਵੇਂ ਹੀ ਦਿਨ ਸ਼ਾਮ ਨੂੰ ਮਸ਼ਹੂਰ ਕਬੱਡੀ ਟੀਮਾਂ ਵਿਚਾਲੇ ਕਬੱਡੀ ਦੇ ਮੈਚ ਕਰਵਾਏ ਗਏ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਗੁਰਦੇਵ ਸਿੰਘ ਵੱਲੋਂ ਆਈਆਂ ਹੋਈਆਂ ਸ਼ਖ਼ਸੀਅਤਾਂ, ਸੰਤਾਂ ਮਹਾਂਪੁਰਸ਼ਾਂ ਨੂੰ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ।

# ਸਿੱਖਿਆ ਦੇ ਖੇਤਰ 'ਚ ਕ੍ਰਾਂਤੀਕਾਰੀ ਸੁਧਾਰ ਮਾਨ ਸਰਕਾਰ ਦੀ ਪ੍ਰਮੁੱਖ ਤਰਜੀਹ : ਰਮਨ ਬਹਿਲ



**ਗੁਰਦਾਸਪੁਰ (ਜਨਕ ਮਹਾਜਨ**-ਸਿੱਖਿਆ ਖੇਤਰ ਦਾ ਸੁਧਾਰ ਕਰਨਾ ਪੰਜਾਬ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ ਅਤੇ ਰਾਜ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰ ਲਿਆਉਣ ਲਈ ਯਤਨ ਲਗਾਤਾਰ ਜਾਰੀ ਹਨ। ਰਾਜ ਸਰਕਾਰ ਵੱਲੋਂ ਜਿਥੇ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਨੂੰ ਪੂਰਾ ਕਰਕੇ ਸਿੱਖਿਆ ਦਾ ਪੱਧਰ ਉੱਚਾ ਚੁੱਕਿਆ ਜਾ ਰਿਹਾ ਹੈ ਓਥੇ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਵੀ ਵਿਕਸਤ ਕੀਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਬਾਜੇਚੱਕ ਵਿਖੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਵਿਖੇ 6.26 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਬਣੇ ਐਡੀਸ਼ਨਲ ਕਲਾਸ ਰੂਮ ਦਾ ਉਦਘਾਟਨ ਕਰਨ ਮੌਕੇ ਕੀਤਾ।

ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਬਾਜੇਚੱਕ ਵਿਖੇ ਐਡੀਸ਼ਨਲ ਕਲਾਸ ਰੂਮ ਦੇ ਉਦਘਾਟਨ ਮੌਕੇ ਸਕੂਲ ਅਧਿਆਪਕਾਂ ਅਤੇ ਪਿੰਡ ਵਾਸੀਆਂ ਵੱਲੋਂ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਸਕੂਲ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਜਿਸ ਵਿੱਚ ਚੇਅਰਮੈਨ ਰਮਨ ਬਹਿਲ ਨੇ ਸੰਗਤ ਵਿੱਚ ਹਾਜ਼ਰੀ ਭਰੀ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਸਿੱਖਿਆ ਨੂੰ ਵਿਸ਼ਵ ਪੱਧਰ ਦੇ ਹਾਣ ਦੀ ਬਣਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਹੁਣ ਇੱਕ ਕਦਮ ਹੋਰ ਅੱਗੇ ਪੁੱਟਦਿਆਂ ਰਾਜ ਭਰ ਵਿੱਚ ਸਕੂਲ ਆਫ ਐਮੀਨੈਂਸ ਸ਼ੁਰੂ ਕੀਤੇ ਗਏ ਹਨ ਅਤੇ ਇਨ੍ਹਾਂ ਸਕੂਲਾਂ ਵਿੱਚ ਦਾਖਲਾ ਵੀ ਸ਼ੁਰੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਕੀਤੇ ਜਾ ਰਹੇ ਸੁਧਾਰਾਂ ਸਦਕਾ ਪੰਜਾਬ ਹੁਣ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸੂਬਾ ਹੋਵੇਗਾ ਅਤੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚੇ ਹੁਣ ਕਿਸੇ ਵੀ ਪੱਖ ਤੋਂ ਘੱਟ ਨਹੀਂ ਰਹਿਣਗੇ।

ਇਸ ਦੌਰਾਨ ਚੇਅਰਮੈਨ ਬਹਿਲ ਨੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਬਾਜੇਚੱਕ ਦੇ ਵਿੱਦਿਅਕ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ। ਇਸ ਮੌਕੇ ਸਕੂਲ ਦੀ ਮੁੱਖ ਅਧਿਆਪਕਾ ਰਾਜਵਿੰਦਰਪਾਲ ਕੌਰ, ਅਧਿਆਪਕ ਸੰਦੀਪ ਸਿੰਘ, ਸਿਕੰਦਰ ਲਾਲ, ਸਰੋਜ ਬਾਲਾ, ਮਨਪ੍ਰੀਤ ਕੌਰ, ਸੁਰਿੰਦਰ ਕੌਰ, ਕੁਲਵਿੰਦਰ ਕੌਰ ਅਤੇ ਪਿੰਡ ਦੇ ਮੋਹਤਬਰ ਰਣਜੀਤ ਸਿੰਘ, ਗੁਰਨਾਮ ਸਿੰਘ, ਰਜਵੰਤ ਕੌਰ, ਅਮਰੀਕ ਸਿੰਘ, ਹਰਜੀਤ ਸਿੰਘ, ਜੀਵਨ ਮਸੀਹ ਅਤੇ ਸਾਬਾ ਮਸੀਹ ਵੀ ਹਾਜ਼ਰ ਸਨ।

# ਸਾਬਕਾ ਕਬੱਡੀ ਕਪਤਾਨ ਨੇ ਲਗਾਏ ਐੱਸ ਐੱਮ ਓ 'ਤੇ ਇਲਾਜ ਨਾ ਕਰਨ ਦੇ ਦੋਸ਼



ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)-ਜ਼ਿਲ੍ਹਾ ਤਰਨ ਤਾਰਨ ਦੇ ਵਸਨੀਕ ਤੇ ਭਾਰਤੀ ਕਬੱਡੀ ਟੀਮ ਦੇ ਸਾਬਕਾ ਕਪਤਾਨ ਤੇ ਮੌਜੂਦਾ ਕਲੱਡੀ ਖਿਡਾਰੀ ਬਚਿੱਤਰ ਸਿੰਘ ਢਿੱਲੋਂ ਪੁੱਤਰ ਰਛਪਾਲ ਸਿੰਘ ਨੇ ਸਿਵਲ ਹਸਪਤਾਲ ਦੇ ਐੱਸਐੱਮਓ ਤੇ ਕੁਝ ਕਰਮਚਾਰੀਆਂ 'ਤੇ ਇਲਾਜ ਨਾ ਕਰਨ ਤੇ ਬਦਸਲੂਕੀ ਕਰਨ ਦੇ ਦੋਸ਼ ਲਗਾਏ ਜਾਣ ਸਬੰਧੀ ਮਾਮਲਾ ਸਾਹਮਣੇ ਆਇਆ ਹੈ ਜਦਕਿ ਸਿਵਲ ਸਰਜਨ ਡਾ. ਦਿਲਬਾਗ ਸਿੰਘ ਨੇ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ ਤੇ ਲਾਪਰਵਾਹੀ ਵਰਤਣ ਵਾਲੇ ਅਧਿਕਾਰੀਆਂ ਦੇ ਖਿਲਾਫ ਕਾਰਵਾਈ ਕਰਨ ਦਾ ਭਰੋਸਾ ਦਿੱਤਾ।

ਦੋਸ਼ ਲਗਾਉਂਦਿਆਂ ਬਚਿੱਤਰ ਸਿੰਘ ਨੇ ਦੱਸਿਆਂ ਕਿ 26 ਮਾਰਚ ਨੂੰ ਉਨ੍ਹਾਂ ਸਟੇਟ ਦਾ ਮੈਚ ਖੇਡਣਾ ਸੀ ਤੇ ਉਸਦੇ ਪੁਰਾਣੀ ਸੱਟ ਲੱਗੀ ਹੋਣ ਦੇ ਕਾਰਨ ਦਰਦ ਹੋ ਰਹੀ ਸੀ ਜਿਸ 'ਤੇ ਉਹ ਆਪਣਾ ਇਲਾਜ ਕਰਵਾਉਣ ਲਈ ਸਿਵਲ ਹਸਪਤਾਲ ਤਰਨ ਤਾਰਨ ਗਏ ਜਿਸ 'ਤੇ ਸਿਵਲ ਹਸਪਤਾਲ ਦੇ ਐੱਸਐੱਮਓ ਡਾ. ਸਵਰਨਜੀਤ ਸਿੰਘ ਧਵਨ ਸਿਵਲ ਹਸਪਤਾਲ 'ਚ ਮੌਜੂਦ ਨਹੀਂ ਸੀ ਤੇ ਜਦੋਂ ਫੋਨ 'ਤੇ ਗੱਲਬਾਤ ਕੀਤੀ ਗਈ ਤਾ ਉਨ੍ਹਾਂ ਉਸਦੀ ਇੱਕ ਨਾ ਸੁਣੀ ਤੇ ਉਸਨੂੰ ਤਕਰੀਬਨ 3 ਘੰਟੇ ਖੱਜਲ-ਖੁਆਰ ਕੀਤਾ, ਦਵਾਈ ਤੱਕ ਨਹੀਂ ਦਿੱਤੀ। ਇਥੋਂ ਤੱਕ ਕਿ ਹਸਪਤਾਲ ਦੇ ਕੁਝ ਅਧਿਕਾਰੀਆਂ ਵੱਲੋਂ ਉਸ ਨਾਲ ਬੇਹੱਦ ਬਦਸਲੂਕੀ ਕੀਤੀ ਗਈ ਤੇ ਉਸ ਦਾ ਇਲਾਜ ਨਹੀਂ ਕੀਤਾ ਗਿਆ ਜਿਸ ਕਾਰਨ ਉਹ ਮੈਚ ਖੇਡਣ ਨਹੀਂ ਜਾ ਸਕੇ ਅਤੇ ਸਟੇਟ ਮੈਚ ਹਾਰ ਗਈ। ਉਨ੍ਹਾਂ ਕਿਹਾ ਕਿ ਲਾਪਰਵਾਹੀ ਵਰਤਣ ਵਾਲੇ ਅਧਿਕਾਰੀਆਂ ਤੇ ਐੱਸਐੱਮਓ ਸਵਰਨਜੀਤ ਸਿੰਘ ਧਵਨ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

ਉਧਰ ਸਿਵਲ ਸਰਜਨ ਡਾ. ਦਿਲਬਾਗ ਸਿੰਘ ਨੇ ਕਾਰਵਾਈ ਕਰਨ ਦਾ ਭਰੋਸਾ ਦਿਵਾਉਂਦਿਆਂ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ। ਇਸ ਮਾਮਲੇ 'ਚ ਜਲਦ ਹੀ ਟੀਮ ਦਾ ਗਠਨ ਕਰਕੇ ਜਾਂਚ ਕੀਤੀ ਜਾਵੇਗੀ ਤੇ ਲਾਪਰਵਾਹੀ ਕਰਨ ਵਾਲੇ ਅਧਿਕਾਰੀਆਂ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ। ਜਦੋਂ ਇਸ ਸਬੰਧੀ ਐੱਸਐੱਮਓ ਡਾ. ਸਵਰਨਜੀਤ ਸਿੰਘ ਧਵਨ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆਂ ਕਿ ਉਨ੍ਹਾਂ 'ਤੇ ਲੱਗੇ ਸਾਰੇ ਹੀ ਇਲਜ਼ਾਮ ਝੂਠੇ ਤੇ ਬੇਬੁਨਿਆਦ ਹਨ ਤੇ ਜਿਹੜੇ ਟੀਕੇ ਦੀ ਮੰਗ ਬਚਿੱਤਰ ਸਿੰਘ ਢਿੱਲੋਂ ਵੱਲੋਂ ਕੀਤੀ ਜਾ ਰਹੀ ਸੀ ਉਹ ਪਾਬੰਦੀਸ਼ੁਦਾ ਹੈ ਤੇ ਜੇਕਰ ਲਿਖਤੀ ਵਿੱਚ ਬਚਿੱਤਰ ਸਿੰਘ ਦਿੰਦਾ ਹੈ ਕਿ ਉਹ ਕਬੱਡੀ ਖਿਡਾਰੀ ਹੈ, ਤਦ ਹੀ ਉਹ ਟੀਕਾ ਦਿੱਤਾ ਜਾਵੇਗਾ।

# ਨਸ਼ੇ ਦੀ ਵਿਕਰੀ 'ਚ ਪਹਿਲਾਂ ਨਾਲੋਂ ਵੀ ਕਈ ਗੁਣਾ ਵਾਧਾ ਦਰਜ : ਧਰਮ ਸਿੰਘ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪੱਟੀ ਹਲਕੇ ਤੇ ਇਸਦੇ ਆਲੇ-ਦੁਆਲੇ ਨਸ਼ਾ ਤਸਕਰਾਂ ਦੀ ਭਰਮਾਰ ਨਸ਼ੇੜੀਆਂ ਵੱਲੋਂ ਨਸ਼ੇ ਦੀ ਪੂਰਤੀ ਲਈ ਦਿਨ ਦਿਹਾੜੇ ਲੁੱਟਾਂ ਖੋਹਾਂ ਤੇ ਝਪਟਮਾਰਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾਂਦਾ। ਪੁਲਸ ਪ੍ਰਸ਼ਾਸਨ ਦੀ ਨਸ਼ਾ ਤਸਕਰਾਂ ਨਾਲ ਭਾਈਵਾਲੀ ਦੇ ਖਿਲਾਫ ਜਨਤਕ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਕਨਵੀਨਰ ਸਾਥੀ ਧਰਮ ਸਿੰਘ ਪੱਟੀ, ਕਿਸਾਨ ਸਭਾ ਦੇ ਪ੍ਰਧਾਨ ਸਕੱਤਰ ਜਗੀਰ ਸਿੰਘ, ਹਰਭਜਨ ਸਿੰਘ, ਜਗਤਾਰ ਸਿੰਘ ਆਸਲ ਨੇ ਦੱਸਿਆ ਕਿ ਨਿੱਤ ਦਿਹਾੜੇ ਨਸ਼ੇ ਦੇ ਸੌਦਾਗਰ ਸ਼ਰੇਆਮ ਨਸ਼ਾ ਵੇਚ ਰਹੇ ਹਨ। ਦਿਨ-ਦਿਹਾੜੇ ਧੀਆਂ ਭੈਣਾਂ ਦੀਆਂ ਵਾਲੀਆਂ, ਚੈਨੀਆਂ ਤੇ ਵਹੀਕਲ ਖੋਹ ਕੇ ਫਰਾਰ ਹੋ ਜਾਂਦੇ ਹਨ। ਇਸਦੀ ਜਾਣਕਾਰੀ ਨਾਰੀ ਮੁਕਤੀ ਮੋਰਚੇ ਦੀ ਆਗੂ ਨਰਿੰਦਰ ਕੌਰ ਨੇ ਦਿੱਤੀ। ਉਪਰੋਕਤ ਆਗੂਆਂ ਨੇ ਦੱਸਿਆ ਕਿ ਮੋਟਰਸਾਇਕਲ, ਸਕੂਟਰ ਜਾਂ ਮੋਬਾਈਲ ਚੋਰੀ ਦੀ ਜੇਕਰ ਕਿਸੇ ਨੇ ਰਿਪੋਰਟ ਲਿਖਵਾਉਣੀ ਹੁੰਦੀ ਹੈ ਤਾਂ ਪੁਲਸ ਵੱਲੋਂ ਰਿਪੋਰਟ ਲਿਖੀ ਨਹੀਂ ਜਾਂਦੀ। ਪੀੜਤ ਨੂੰ ਵਾਪਸ ਭੇਜ ਦਿੱਤਾ ਜਾਂਦਾ। ਜੇਕਰ ਰਿਪੋਰਟ ਲਿਖ ਲਈ ਜਾਂਦੀ ਹੈ ਤਾਂ ਉਸ ਚੋਰ ਦੀ ਪੈਰਵਾਈ ਕਰਨ 'ਤੇ ਪੁਲਸ ਦੇ ਹੱਥ ਖੜੇ ਹਨ। ਪੁਲਸ ਨੂੰ ਪੁੱਛਣ 'ਤੇ ਕਹਿੰਦੇ ਹਨ ਕਿ ਸਾਡੇ ਕੋਲ ਵਿਹਲ ਨਹੀਂ ਨਸ਼ਾ ਤਸਕਰਾਂ ਨੂੰ ਫੜਨ ਲਈ। ਸਥਾਨਕ ਸ਼ਹਿਰ ਅੰਦਰ ਪੁਲਸ ਦੀ ਗਸ਼ਤ ਈਦ ਦੇ ਚੰਦ ਤੋਂ ਘੱਟ ਨਹੀਂ। ਪੱਟੀ ਸ਼ਹਿਰ ਅਤੇ ਆਸ ਪਾਸ ਦੇ ਪਿੰਡਾਂ ਅੰਦਰ ਚੋਰੀਆਂ/ਡਾਕੇ ਹੋ ਰਹੇ ਹਨ। ਜੇਕਰ ਇਨ੍ਹਾਂ ਨੂੰ ਨੱਥ ਨਾ ਪਾਈ ਗਈ ਤਾਂ ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਦਾ ਪਿਟ ਸਿਆਪਾ ਕੀਤਾ ਜਾਵੇਗਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਬਲਬੀਰ ਸਿੰਘ ਚੀਮਾ, ਕਸ਼ਮੀਰ ਸਿੰਘ, ਰਾਜ ਸਿੰਘ ਅਤੇ ਰਣਜੀਤ ਸਿੰਘ ਆਦਿ ਹਾਜ਼ਰ ਸਨ।

# ਭੁੱਲਰ ਵੱਲੋਂ ਸ਼ਹਿਰ 'ਚੋਂ ਕੂੜਾ ਇਕੱਠਾ ਕਰਨ ਲਈ ਗੱਡੀਆਂ ਨੂੰ ਹਰੀ ਝੰਡੀ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਸਥਾਨਕ ਸ਼ਹਿਰ ਦੇ ਲੋਕਾਂ ਨੂੰ ਕੂੜੇ ਦੇ ਢੇਰਾਂ ਤੋਂ ਨਿਜਾਤ ਦਿਵਾਉਣ ਤੇ ਸ਼ਹਿਰ ਦੇ ਘਰਾਂ ਤੇ ਦੁਕਾਨਾਂ ਤੋਂ ਕੂੜਾ ਇਕੱਠਾ ਕਰਨ ਲਈ ਚਾਰ ਨਵੀਆਂ ਗੱਡੀਆਂ ਨੂੰ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਨਗਰ ਕੌਂਸਲ ਦੀ ਪ੍ਰਧਾਨ ਬੀਬੀ ਲਖਬੀਰ ਕੌਰ ਭੁੱਲਰ ਵੱਲੋਂ ਹਰੀ ਝੰਡੀ ਦੇ ਰਵਾਨਾ ਕੀਤਾ ਗਿਆ। ਪਹਿਲਾਂ ਸ਼ਹਿਰ 'ਚੋਂ ਰਿਕਸ਼ਿਆਂ ਤੇ ਕੂੜਾ ਇਕੱਠਾ ਕੀਤਾ ਜਾਂਦਾ ਸੀ। ਇਸ ਨਾਲ ਜਿਥੇ ਸਮਾਂ ਵੱਧ ਲੱਗਦਾ ਸੀ ਉਥੇ ਟ੍ਰੈਫਿਕ ਜਾਮ ਹੋਣ ਨਾਲ ਬੜੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ। ਸ਼ਹਿਰ ਅੰਦਰ ਕਰੀਬ 7490 ਘਰ ਤੇ 1400 ਦੇ ਕਰੀਬ ਦੁਕਾਨਾਂ ਹਨ। ਇਹ ਮਸ਼ੀਨਾਂ ਘਰਾਂ ਤੇ ਦੁਕਾਨਾਂ ਤੋਂ ਸੁੱਕਾ ਤੇ ਗਿੱਲਾ ਕੂੜਾ ਇਕੱਠਾ ਕਰਨਗੀਆਂ। ਕੂੜੇ ਕਰਕਟ ਨਾਲ ਸੀਵਰੇਜ ਬੰਦ ਹੋਣ ਦੀ ਵੱਡੀ ਸਮੱਸਿਆ ਤੋਂ ਨਿਜਾਤ ਦਿਵਾਉਣ ਲਈ ਕੂੜਾ ਇਕੱਠਾ ਕਰਨ ਵਾਲੀਆਂ ਗੱਡੀਆਂ ਨੂੰ ਹਰੀ ਝੰਡੀ ਦੇਣ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਆਖਿਆ ਕਿ ਸ਼ਹਿਰ ਅੰਦਰ ਕੂੜੇ ਦੇ ਢੇਰ ਲੱਗੇ ਹੋਣ ਕਾਰਨ ਬਿਮਾਰੀਆਂ ਫੈਲਣ ਦਾ ਵੱਡਾ ਖਤਰਾ ਬਣਿਆ ਰਹਿੰਦਾ ਸੀ। ਨਗਰ ਕੌਂਸਲ ਦੀ ਪ੍ਰਧਾਨ ਬੀਬੀ ਲਖਬੀਰ ਕੌਰ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਸੁੱਕਾ ਤੇ ਕੂੜਾ ਵੱਖੋ-ਵੱਖਰੇ ਡਸਟਬਿਨ ਵਿਚ ਇਕੱਠਾ ਕੀਤਾ ਜਾਵੇ। ਨਗਰ ਕੌਂਸਲ ਦੇ ਕਰਮਚਾਰੀਆਂ ਨੂੰ ਕੂੜਾ ਇਕੱਠਾ ਕਰਨ ਲਈ ਵੱਧ ਤੋਂ ਵੱਧ ਸਹਿਯੋਗ ਕੀਤਾ ਜਾਵੇ ਤਾਂ ਜੋ ਸ਼ਹਿਰ ਨੂੰ ਸਾਫ ਸੁਥਰਾ ਰੱਖਿਆ ਜਾਵੇ। ਕੈਬਨਿਟ ਮੰਤਰੀ ਭੁੱਲਰ ਨੇ ਦੱਸਿਆ ਕਿ ਜੇਕਰ ਹੋਰ ਗੱਡੀਆਂ ਦੀ ਜ਼ਰੂਰਤ ਹੋਈ ਤਾਂ ਸ਼ਹਿਰ ਦੀ ਸਾਫ ਸਫਾਈ ਲਈ ਹੋਰ ਗੱਡੀਆਂ ਦਾ ਇੰਤਜ਼ਾਮ ਕੀਤਾ ਜਾਵੇਗਾ। ਇਸ ਮੌਕੇ ਪੀਏ ਦਿਲਬਾਗ ਸਿੰਘ, ਮੀਡੀਆ ਇੰਚਾਰਜ ਅਵਤਾਰ ਸਿੰਘ ਢਿੱਲੋਂ, ਨਛੱਤਰ ਸਿੰਘ ਰਾੜੀਆਂ, ਗੁਰਬਿੰਦਰ ਸਿੰਘ ਕਾਲੇਕੇ ਉਤਾੜ, ਬਲਕਾਰ ਸਿੰਘ, ਕੁਲਵੰਤ ਸਿੰਘ ਕਲਸੀ, ਰਾਕੇਸ਼ ਕੁਮਾਰ ਕਮਲ, ਧਰਮਿੰਦਰ ਸਿੰਘ, ਵਿਕਰਮਜੀਤ, ਭੋਲਾ ਸਿੰਘ ਰਾੜੀਆਂ ਪ੍ਰਧਾਨ, ਈਓ ਭੁਪਿੰਦਰ ਸਿੰਘ, ਤੀਰਥ ਸਭਰਵਾਲ, ਸੁਰਜੀਤ ਸਿੰਘ, ਹਰਨਿੰਦਰ ਸਿੰਘ ਪੱਪੂ, ਸੂਰਜ ਕੁਮਾਰ, ਕਰਨਜੀਤ ਕੁਮਾਰ ਅਤੇ ਵਰਿੰਦਰਜੀਤ ਸਿੰਘ ਹੀਰਾ ਭੁੱਲਰ ਆਦਿ ਹਾਜ਼ਰ ਸਨ।

# ਭਾਸ਼ਾ ਵਿਭਾਗ ਗੁਰਦਾਸਪੁਰ ਨੇ ਵਡਾਲਾ ਗ੍ਰੰਥੀਆਂ 'ਚ ਮਨਾਇਆ ਵਿਸ਼ਵ ਰੰਗ-ਮੰਚ ਦਿਵਸ

## 'ਪੈਰਾਂ ਨੂੰ ਕਰਾਦੇ ਝਾਂਜਰਾਂ' ਨਾਟਕ ਦੀ ਕੀਤੀ ਸਫਲ ਪੇਸ਼ਕਾਰੀ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਦੇ ਅੰਤਰਗਤ ਪ੍ਰਮੁੱਖ ਸਕੱਤਰ ਜਸਪ੍ਰੀਤ ਕੌਰ ਤਲਵਾੜ, ਆਈਏਐੱਸ ਅਤੇ ਸੰਯੁਕਤ ਡਾਇਰੈਕਟਰ ਡਾ. ਵੀਰਪਾਲ ਕੌਰ ਦੇ ਨਿਰਦੇਸ਼ਾਂ ਹੇਠ ਜ਼ਿਲ੍ਹਾ ਗੁਰਦਾਸਪੁਰ ਭਾਸ਼ਾ ਅਫਸਰ ਡਾ. ਪਰਮਜੀਤ ਸਿੰਘ ਕਲਸੀ (ਨੈਸ਼ਨਲ ਐਵਾਰਡੀ) ਦੀ ਅਗਵਾਈ ਨਾਲ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਵਡਾਲਾ ਗ੍ਰੰਥੀਆਂ (ਗੁਰਦਾਸਪੁਰ) ਵਿਖੇ ਵਿਸ਼ਵ ਰੰਗ-ਮੰਚ ਦਿਵਸ ਉਤਸਵ ਸਫਲਤਾਪੂਰਵਕ ਮਨਾਇਆ ਗਿਆ। ਇਸ ਦੀ ਲੜੀ ਤਹਿਤ ਭਾਸ਼ਾ ਵਿਭਾਗ, ਪੰਜਾਬ ਦੇ ਦਫਤਰ ਜ਼ਿਲ੍ਹਾ ਭਾਸ਼ਾ ਅਫਸਰ ਵੱਲੋਂ ਸਾਈ ਕਰੀਏਸ਼ੰਜ਼ ਅੰਮ੍ਰਿਤਸਰ ਦੇ ਸਹਿਯੋਗ ਨਾਲ ਬਲਜੀਤ ਕੌਰ ਰੰਧਾਵਾ ਦੇ ਲੇਖਾਂ ਅਤੇ ਨਾਮੀ ਫਿਲਮੀ ਅਦਾਕਾਰ ਗੁਰਿੰਦਰ ਮਕਨਾ ਦੇ ਨਾਟਕੀਕਰਨ ਤੇ ਸਰਪ੍ਰਸਤੀ ਹੇਠ ਪਰਮਜੀਤ ਮਕਨਾ ਦੀ ਨਿਰਦੇਸ਼ਨਾ ਨਾਲ 'ਪੈਰਾਂ ਨੂੰ ਕਰਾਦੇ ਝਾਂਜਰਾਂ' ਨਾਟਕ ਦੀ ਕਲਾਤਮਿਕ ਪੇਸ਼ਕਾਰੀ ਕੀਤੀ ਗਈ ਜਿਸ ਵਿੱਚ ਮੰਚ ਉਪਰ ਇਕੱਲੀ ਅਦਾਕਾਰਾ ਨਸੀਨ ਨੇ ਕੈਨੇਡਾ ਦੇ ਚਾਅ ਵਿੱਚ ਵਿਆਹ ਕਰਵਾ ਕੇ ਜਾਂਦੀਆਂ ਕੁੜੀਆਂ ਦੀ ਹਾਲਤ ਅਤੇ ਕੈਨੇਡਾ ਵਿਚਲੀਆਂ ਤਕਲੀਫਾਂ ਨੂੰ ਬਾਖੂਬੀ ਦਿਖਾਇਆ। ਇਸ ਸੋਲੋ/ਇੱਕ ਪਾਤਰੀ ਪੇਸ਼ਕਾਰੀ ਵਿੱਚ ਪੁਸ਼ਪ ਬਾਵਾ, ਅਗਮ ਅਗਾਧਿ ਸਿੰਘ, ਪਰਮਜੀਤ ਮਕਨਾ ਨੇ ਸਹਿਯੋਗੀ ਕਲਾਕਾਰ ਵਜੋਂ ਬਾਖੂਬੀ ਰੋਲ ਅਦਾ ਕੀਤਾ। ਸੰਗੀਤ ਸਿਰਜਨ ਮਕਨਾ ਨੇ ਸੰਜੋਇਆ ਤੇ ਨਿਭਾਇਆ। ਇਸਦੇ ਗੀਤ ਸੁਪਨੰਦਨਦੀਪ ਨੇ ਗਾਏ। ਮੰਚ ਅਤੇ ਟੀਮ ਮੈਨੇਜਰ ਅਤੇ ਕਲਾਕਾਰ ਪੁਸ਼ਪ ਬਾਵਾ ਦਾ ਰੋਲ ਵੀ ਕਾਬਿਲੇ ਤਾਰੀਫ ਸੀ। ਅਮਰਜੀਤ ਸਿੰਘ ਭਾਟੀਆ, ਜ਼ਿਲ੍ਹਾ ਸਿੱਖਿਆ ਅਫਸਰ (ਸ. ਸ.), ਗੁਰਦਾਸਪੁਰ ਨੇ ਇਸ ਨਾਟ-ਉਤਸਵ ਦੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦੋਂਕਿ ਪ੍ਰਿੰ. ਸੁਖਵੰਤ ਸਿੰਘ ਗਿੱਲ ਨੇ ਇਸ ਵਿੱਚ ਵਿਸ਼ੇਸ਼ ਮਹਿਮਾਨ ਅਤੇ ਡਾ. ਗੁਰਵੰਤ ਸਿੰਘ ਨੇ ਬਤੌਰ ਮੁੱਖ ਵਕਤਾ (ਪੰਜਾਬੀ ਨਾਟਕ ਦੀ ਸਾਰਥਿਕਤਾ) ਵਜੋਂ ਸ਼ਮੂਲੀਅਤ ਕੀਤੀ। ਸਟੇਟ ਐਵਾਰਡੀ ਗੁਰਮੀਤ ਸਿੰਘ ਭੋਮਾ ਤੇ ਮਨਜੀਤ ਸਿੰਘ ਕੈਨੇਡਾ ਇਸ ਸਮਾਰੋਹ ਵਿੱਚ ਮਹਿਮਾਨ-ਏ-ਖਾਸ ਰਹੇ। ਸਮਾਰੋਹ ਦੀ ਪ੍ਰਧਾਨਗੀ ਮੈਨੇਜਿੰਗ ਡਾਇਰੈਕਟਰ ਚਰਨਜੀਤ ਸਿੰਘ ਪਾਰੋਵਾਲ ਵੱਲੋਂ ਕੀਤੀ ਗਈ। ਨਾਟ-ਉਤਸਵ ਦੇ ਅੰਤ ਵਿੱਚ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ/ਸਾਹਿਤਕਾਰਾਂ ਅਤੇ ਪੂਰੀ ਨਾਟ-ਕਲਾਕਾਰ ਮੰਡਲੀ ਦਾ ਸਨਮਾਨ-ਪੱਤਰਾਂ, ਸਨਮਾਨ-ਨਿਸ਼ਾਨੀ ਅਤੇ ਪੁਸਤਕਾਂ ਦੇ ਸੈੱਟ ਭੇਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰ. ਜਤਿੰਦਰ ਕੌਰ, ਮਨਜੋਤ ਕੌਰ, ਪ੍ਰਿੰ. ਰਵਿੰਦਰ ਕੌਰ ਪਾਰੋਵਾਲ, ਦਰਸ਼ਪ੍ਰੀਤ ਸਿੰਘ ਪਾਰੋਵਾਲ, ਡਾ. ਗੁਰਚਰਨ ਗਾਂਧੀ, ਪ੍ਰਿੰ. ਸੁਖਬੀਰ ਕੌਰ, ਰਣਜੀਤ ਸਿੰਘ ਵਾਈਸ ਪ੍ਰਿੰਸੀਪਲ, ਦਵਿੰਦਰ ਸਿੰਘ ਕੋਆਰਡੀਨੇਟਰ, ਮਲਕੀਤ ਕੌਰ ਕੋਆਰਡੀਨੇਟਰ, ਮਨਜੀਤ ਕੌਰ, ਸ਼ਾਮ ਸਿੰਘ ਕਲਰਕ ਅਤੇ ਬਾਕੀ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

